ਉਨੀਵਾਂ ਸਾਲ
PARDES TIMES
19th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 480 | October 20, 2025 | E-mail : info@pardestimes.com | Ph 510-938-7771



## ਪਰਦੇਸ ਟਾਇਮਜ਼ ਦੇ ਪਾਠਕਾਂ ਅਤੇ ਸਹਿਯੋਗੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ



## ਕੀਮਤਾਂ ਪਹੁੰਚ ਤੋਂ ਬਾਹਰ ਪਰ ਚਮਕ ਬਰਕਰਾਰ

ਵਾਸ਼ਿੰਗਟਨ- ਦੁਨੀਆਂ ਵਿਚ ਵਪਾਰ-ਕਾਰੋਬਾਰ ਦਾ ਜ਼ਰੀਆ ਆਧੁਨਿਕ ਕਰੰਸੀ ਤੋਂ ਪਹਿਲਾਂ ਸੋਨਾ-ਚਾਂਦੀ ਹੋਇਆ ਕਰਦੇ ਸਨ। ਅੱਜ ਜਦੋਂ ਸੋਨੇ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ ਤਾਂ ਇਕ ਵਾਰ ਫਿਰ ਇਹ ਚਰਚਾ ਗਰਮ ਹੋ ਗਈ ਹੈ ਕਿ ਕੀ ਦੁਨੀਆਂ ਫਿਰ ਦੁਬਾਰਾ ਸੋਨੇ ਵਿਚ ਵਪਾਰ ਵੱਲ ਵਧ ਰਹੀ ਹੈ। ਜਿਸ ਤਰ੍ਹਾਂ ਸੋਨੇ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ, ਦੁਨੀਆਂ ਭਰ ਦੇ ਮੁਲਕਾਂ ਵਿਚ ਵੱਧ ਤੋਂ ਵੱਧ ਸੋਨਾ ਇਕੱਠਾ ਕਰਨ ਦੀ ਹੋੜ ਲੱਗ ਗਈ ਹੈ। ਪਰ ਆਮ ਲੋਕਾਂ ਵਿਚ ਸੋਨਾ ਖਰੀਦਣ ਦੀ ਲਾਲਸਾ ਹਾਲੇ ਵੀ ਘੱਟ ਨਹੀਂ ਹੋਈ ਬਲਕਿ ਵਧਦੀ ਜਾ ਰਹੀ ਹੈ। ਦੁਨੀਆਂ ਵਿਚ ਸਭ ਤੋਂ ਵੱਧ ਸੋਨਾ ਅਮਰੀਕਾ ਕੋਲ ਹੈ ਅਤੇ ਇਸ ਤੋਂ ਬਾਅਦ ਕਈ ਅਜਿਹੇ ਮੁਲਕ ਹਨ, ਜਿਹੜੇ ਸੋਨਾ ਇਕੱਠਾ ਕਰਨ ਦੀ ਹੋੜ ਵਿਚ ਲੱਗ ਗਏ ਹਨ।



ਭਾਰਤ, ਚੀਨ, ਇੰਗਲੈਂਡ, ਇਟਲੀ, ਫਿਨਲੈਂਡ, ਆਸਟ੍ਰੇਲੀਆ, ਰੂਸ ਸਮੇਤ ਕਈ ਮੁਲਕਾਂ ਨੇ ਸੋਨੇ ਦੀ ਭਾਲ ਲਈ ਦੂਜੇ ਮੁਲਕਾਂ ਵਿਚ ਖਾਣਾਂ ਲੱਭਣੀਆਂ ਆਰੰਭ ਕਰ ਦਿੱਤੀਆਂ ਹਨ। ਅੱਜ ਸੋਨੇ ਦੀ ਕੀਮਤ ਕਰੀਬ 4900 ਡਾਲਰ ਪ੍ਰਤੀ ਔਂਸ ਪਹੁੰਚ ਗਈ ਹੈ।ਭਾਰਤ ਵਿਚ ਇਸ ਵਕਤ ਸੋਨਾ 1,40000 ਰੁਪਏ ਪ੍ਰਤੀ 10 ਗਰਾਮ ਹੈ ਜੋ ਕਿ ਅੰਦਾਜ਼ੇ ਮੁਤਾਬਕ 2030 ਤੱਕ 2,25,000 ਰੁਪਏ ਪ੍ਰਤੀ 10 ਗਰਾਮ ਪਹੁੰਚ ਸਕਦਾ ਹੈ। ਹਾਲ ਦੇ ਦਿਨਾਂ ਵਿਚ ਸੋਨੇ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਇਸ ਦੇ ਬਾਵਜੂਦ ਖਰੀਦਦਾਰਾਂ ਦੀ ਸੋਨਾ ਖ਼ਰੀਦਣ ਲਈ ਦੁਕਾਨਾਂ ਅੱਗੇ ਲੰਮੀਆਂ ਕਤਾਰਾਂ ਲੱਗ ਦੇਖਣ ਨੂੰ ਮਿਲੀਆਂ। ਸਿਡਨੀ ਵਿੱਚ ਸੋਨੇ ਦੀ ਵੱਡੀ ਦੁਕਾਨ ਆਸਟਰੇਲੀਅਨ ਬੁਲੀਅਨ ਕੰਪਨੀ (ਏਬੀਸੀ) ਵਿੱਚ ਸੋਨਾ ਖ਼ਰੀਦਣ ਲਈ ਗਾਹਕਾਂ ਵਿੱਚ ਹੋੜ ਲੱਗੀ ਦੇਖੀ ਗਈ। ਇਹੀ ਸਥਿਤੀ ਭਾਰਤ ਵਿਚ ਹੈ।


## ਸੈਨਹੋਜ਼ੇ ਗੁਰੂ ਘਰ ਦੀਆਂ ਚੋਣਾਂ 'ਚ ਪ੍ਰਬੰਧਕ ਕਮੇਟੀ ਨੂੰ ਫਿਰ ਤੋਂ ਸੇਵਾ ਮਿਲੀ

ਸੈਨਹੋਜ਼ੇ- ਸੈਨਹੋਜ਼ੇ ਗੁਰੂ ਘਰ ਦੇ ਪ੍ਰਬੰਧ ਲਈ ਐਤਕੀ ਕਈ ਸਾਲਾਂ ਬਾਅਦ ਚੋਣਾਂ ਹੋਈਆਂ, ਜਿਸ ਵਿਚ ਦੋ ਪਾਰਟੀਆਂ ਨੇ ਹਿੱਸਾ ਲਿਆ। 'ਸਾਧ ਸੰਗਤ ਸਲੇਟ' ਨੇ ਐਤਕੀ ਇਹਨਾਂ ਚੋਣਾਂ 'ਚ ਹਿੱਸਾ ਲਿਆ ਤੇ ਇਕ ਆਜ਼ਾਦ ਉਮੀਦਵਾਰ ਨੇ ਵੀ ਚੋਣ ਲੜੀ। ਗੁਰੂ ਘਰ ਵਿਚ ਪਿਛਲੇ ਕਈ ਸਾਲਾਂ ਤੋਂ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਸਾਰੀ ਕਾਰਜਕਾਰਨੀ ਨੂੰ ਚਲਾ ਰਹੇ ਹਨ ਤੇ ਐਤਕੀ ਵੀ ਇਲਾਕੇ ਦੇ ਲੋਕਾਂ ਨੇ ਪ੍ਰਬੰਧਕ ਕਮੇਟੀ ਨੂੰ ਅਗਲੇ ਦੋ ਸਾਲਾਂ ਲਈ ਫਿਰ ਤੋਂ ਚੁਣ ਲਿਆ ਹੈ।

ਸਭ ਤੋਂ ਬਿਹਤਰ ਗੱਲ ਇਸ ਗੁਰੂ ਘਰ 'ਚ ਵੋਟਾਂ ਵਾਲੇ ਦਿਨ ਆਏ ਹੋਏ ਗੁਰੂ ਘਰ ਪ੍ਰੇਮੀਆਂ ਨੇ ਬਹੁਤ ਹੀ ਚੰਗੇ ਤਰੀਕੇ ਨਾਲ ਵੋਟਾਂ ਪਾਉਣ 'ਚ ਹਿੱਸਾ ਲਿ। ਇਸ ਵਾਸਤੇ ਅਸੀਂ ਦੋਵਾਂ ਪਾਸਿਆਂ ਨੂੰ ਬਹੁਤ-ਬਹੁਤ ਵਧਾਈ ਦਿੰਦੇ ਹਾਂ।

ਪ੍ਰਬੰਧਕ ਕਮੇਟੀ ਨੇ 21 ਸੇਵਾਦਾਰਾਂ ਨੂੰ ਵੋਟਾਂ 'ਚ ਖੜ੍ਹਾ ਕੀਤਾ ਤੇ ਉਹਨਾਂ ਦੇ ਸਾਰੇ ਸੇਵਾਦਾਰਾਂ ਨੂੰ ਸਫਲਤਾ ਮਿਲੀ।

ਸਾਧ ਸੰਗਤ ਸਲੇਟ ਦੇ ਸੇਵਾਦਾਰਾਂ ਨੂੰ ਐਤਕੀ ਵੋਟਾਂ ਤਾਂ ਪਈਆਂ ਪਰ ਪ੍ਰਬੰਧਕ ਕਮੇਟੀ ਜ਼ਿਆਦਾ ਵੋਟਾਂ ਲੈ ਕੇ ਜਿੱਤੀ। ਅਸੀਂ ਜਿੱਤਣ ਵਾਲੀ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੰਦੇ ਹਾਂ ਤੇ ਸਾਧ ਸੰਗਤ ਸਲੇਟ ਨੂੰ ਇਸ ਵਾਸਤੇ ਵਧਾਈ ਦਿੰਦੇ ਹਾਂ ਕਿ ਉਹਨਾਂ ਨੇ ਉਸ ਦਿਨ ਬਹੁਤ ਸੁਚੱਜੇ ਢੰਗ ਨਾਲ ਚੋਣਾਂ 'ਚ ਹਿੱਸਾ ਲਿਆ।



S. Inderjit Singh Bullowal
Rep/Marketing Manager
PARDES TIMES
www.pardestimes.com
Call: 425-420-4055
ਕਿਸੇ ਵੀ ਕਿਸਮ ਦੀ ਗੱਲਬਾਤ ਅਖਬਾਰ ਸਬੰਧੀ ਕਰਨ ਲਈ ਸ. ਇੰਦਰਜੀਤ ਸਿੰਘ ਬੁਲੋਵਾਲ ਨੂੰ ਫੋਨ ਕਰੋ



ਸ. ਇੰਦਰਜੀਤ ਸਿੰਘ ਬੁਲੋਵਾਲ

## ਚਲਦੇ-ਚਲਦੇ

ਅਮਰੀਕਾ ਦੇ ਮਿਸਿਸਿਪੀ 'ਚ ਇਕ ਕਾਲਜ ਵਿਦਿਆਰਥਣ ਨੂੰ ਅਗਵਾ, ਜਬਰ ਜਨਾਹ ਤੇ ਹੱਤਿਆ ਦੇ ਦੋਸ਼ੀ ਵਿਅਕਤੀ ਨੂੰ ਬੁੱਧਵਾਰ ਮੌਤ ਦੀ ਸਜ਼ਾ ਦਿੱਤੀ ਗਈ। ਚਾਰਲਸ ਕ੍ਰਾਫਰਡ (59) ਨੂੰ ਪਾਰਚਮੈਨ ਸਥਿਤ ਜੇਲ੍ਹ 'ਚ ਮਾਰੂ ਇੰਜੈਕਸ਼ਨ ਲਾਉਣ ਤੋਂ ਬਾਅਦ ਮਰਿਆ ਐਲਾਨਿਆ ਗਿਆ। ਕ੍ਰਾਫਰਡ ਨੇ 30 ਸਾਲ ਤੋਂ ਵੱਧ ਸਮਾਂ ਸਜ਼ਾ ਕੱਟੀ ਸੀ। ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਕ੍ਰਾਫਰਡ ਨੇ ਆਖਰੀ ਬਿਆਨ ਦਰਜ ਕੀਤੇ। ਕ੍ਰਾਫਰਡ ਨੂੰ 29 ਜਨਵਰੀ 1993 ਨੂੰ ਉੱਤਰੀ ਮਿਸਿਸਿਪੀ ਦੇ ਟਿੱਪਾ ਕਾਉਂਟੀ 'ਚ ਕ੍ਰਿਸਟੀ ਰੇ ਨੂੰ ਉਸ ਦੇ ਘਰੋਂ ਅਗਵਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਜਦੋਂ ਰੇ ਦੀ ਮਾਂ ਘਰ ਪਰਤੀ ਤਾਂ ਉਸ ਦੀ ਧੀ ਦੀ ਕਾਰ ਗਾਇਬ ਸੀ।

Dhaliwal Law Group. Inc.



1. Tax Attorney
2. Edd case
3. Board of Ecualisation
4. IRS-Cases
5. Bank Ruptcy
5. Contracts ਚੰਗੇ ਬਣਾਉਣ ਲਈ
6. State Planning
7. Criminal deffense

Rattandev Singh Dhaliwal
ATTORNEY AT LAW
Telephone- 408-988-7722
Rattan@attorneydhaliwal.com
www.attorneydhaliwal.com
2005 DELA CRUZ BLVD
Suite# 185, Santa Clara, CA 95050

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜ਼ਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
(559) 312-0083 (O) (888) 630-1230 (F)




TANVIR JOSHI
SBN: 302226
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Mann Insurance Brokers Inc.
ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।





Phone:- 510-487-1000
LIC:- 0F 34231
32146 Alvarado Blvd, Union City, CA 94587

# ਪੰਜਾਬੀ ਕਾਨਫਰੰਸ 'ਚ ਆਏ ਲਿਖਾਰੀਆਂ ਨੂੰ ਇੱਜਤ ਮਾਣ








ਪਿਛਲੇ ਹਫਤੇ ਹੇਵਰਡ, ਕੈਲੇਫੋਰਨੀਆ 'ਚ ਹੋਈ ਪੰਜਾਬੀ ਕਾਨਫਰੰਸ, ਜੋ ਵਿਪਸਾ ਵੱਲੋਂ 25 ਸਾਲਾਂ ਮੌਕੇ ਰੱਖੀ ਗਈ ਸੀ, ਵਿਚ ਪੰਜਾਬ, ਅਮਰੀਕਾ, ਕੈਨੇਡਾ, ਇੰਗਲੈਂਡ, ਪਾਕਿਸਤਾਨ ਤੋਂ ਪੰਜਾਬੀ ਬੋਲੀ ਦੇ ਵੱਡੇ-ਵੱਡੇ ਸਾਹਿਤਕਾਰ ਇੱਥੇ ਆਪਣੇ-ਆਪਣੇ ਪਰਚੇ ਪੜ੍ਹਨ, ਕਵਿਤਾ, ਪਾਠ, ਕਹਾਣੀ, ਪਾਠ ਤੇ ਹੋਰ ਲਿਖਤਾਂ ਨੂੰ ਆਏ ਹੋਏ ਸਾਹਿਤਕਾਰਾਂ ਤੇ ਪਾਠਕਾਂ ਤੇ ਸੁਣਨ ਵਾਲਿਆਂ ਸੱਜਣਾਂ ਸਾਹਵੇਂ ਸੁਣਾਉਣ ਲਈ ਪਹੁੰਚੇ ਹੋਏ ਸਨ।

ਵਿਦਾਇਗੀ ਵਜੋਂ ਫਰੀਮਾਂਟ 'ਚ ਪੰਜਾਬੀ ਰੈਸਟੋਰੈਂਟ 'ਚ ਸ. ਸੁਰਿੰਦਰ ਸਿੰਘ ਧਨੋਆ ਤੇ ਸ. ਲਾਲੀ ਧਨੋਆ ਵੱਲੋਂ ਮਹਿਮਾਨ ਨਿਵਾਜ਼ੀ ਵਜੋਂ ਪਾਰਟੀ ਦਿੱਤੀ ਗਈ, ਉਸ ਵਿਚ ਬਹੁਤ ਸਾਰੇ ਕਲਮਾਂ ਵਾਲੇ ਵੱਡੇ ਨਾਂ ਵੀ ਪਹੁੰਚੇ, ਜਿਹਨਾਂ ਵਿਚ ਡਾ. ਵਰਿਆਮ ਸਿੰਘ ਸੰਧੂ, ਡਾਕਟਰ ਬਲਦੇਵ ਧਾਲੀਵਾਲ, ਵਿਅੰਕਾਰ ਗੁਰਦੇਵ ਚੌਹਾਨ (ਕੈਨੇਡਾ), ਬੀਬੀ ਨੀਲਮ ਸੈਣੀ, ਦਲਜੀਤ ਸਰਾਂ, ਸਤੀਸ਼ ਗੁਲਾਟੀ, ਜਗਜੀਤ ਨੌਸ਼ਹਿਰਵੀ, ਜਸਵੀਰ ਗਿੱਲ, ਨਛੱਤਰ ਭੋਗਲ, ਦਲਬੀਰ ਕੌਰ ਯੂ. ਕੇ., ਕੁਲਵਿੰਦਰ ਖਹਿਰਾ, ਰਾਜਵੰਤ ਕੌਰ ਸੰਧੂ, ਗੁਲਸ਼ਨ ਦਿਆਲ, ਮੁਕੇਸ਼ ਸ਼ਰਮਾ, ਕਮਲਦੀਪ ਸਾਹਿਲ ਕੈਲਗਰੀ, ਬ੍ਰਿਜਇੰਦਰ ਸਿੰਘ, ਕੰਵਲਦੀਪ ਕੌਰ ਜੀ, ਭੁਪਿੰਦਰ ਦੁੱਲੇ ਬਰੈਂਪਟਨ, ਸੋਨੀਆ, ਮਨਜਿੰਦਰ (ਨਕਸ਼ ਰਸਾਲਾ), ਰਾਜਵੰਤ ਕੌਰ ਸਿੱਧ, ਸੁਰਿੰਦਰ ਸੀਰਤ, ਡਾ. ਦਲਜੀਤ ਕੌਰ ਜੰਮੂ, ਡਾ. ਅਜੀਤਪਾਲ ਸਿੰਘ ਸੰਧੂ, ਜਸਬੀਰ ਭੰਮਰਾ ਨੇ ਵੀ ਹਿੱਸਾ ਲਿਆ।

ਜਿੰਨੇ ਵੀ ਲਿਖਾਰੀ ਇੱਥੇ ਪਹੁੰਚੇ, ਉਹਨਾਂ ਦੇ ਸਨਮਾਨ ਵਿਚ ਰਾਤ ਦੇ ਖਾਣੇ ਦਾ ਇੰਤਜ਼ਾਮ ਕੀਤਾ ਗਿਆ, ਨਾਲ ਨਾਲ ਸੁਖਦੇਵ ਸਾਹਿਲ ਵੱਲੋਂ ਆਏ ਹੋਏ ਲਿਖਾਰੀ ਸੱਜਣਾਂ ਅੱਗੇ ਬਹੁਤ ਹੀ ਵਧੀਆ ਪੰਜਾਬੀ ਦੇ ਉਹ ਗੀਤ ਪੇਸ਼ ਕੀਤੇ ਜੋ ਕਿ ਸਾਡੀ ਮਾਂ-ਬੋਲੀ ਦੀ ਕਦਰ ਵਧਾਉਣ ਵਾਲੇ ਹਨ। ਵਿਜੈ ਸਿੰਘ ਨੇ ਵੀ ਹਸਾਉਣ ਲਈ ਸਾਰੇ ਸੱਜਣਾਂ ਨੂੰ ਕੁਝ ਅਵਾਜ਼ਾਂ ਰਾਹੀਂ ਕੀਲਿਆ।

ਸੁਰਿੰਦਰ ਸਿੰਘ ਧਨੋਆ ਨੇ ਸਾਰੇ ਲਿਖਾਰੀਆਂ ਨੂੰ ਜੀਓ ਆਇਆਂ ਕਹਿਣ ਮਗਰੋਂ ਉਹਨਾਂ ਸਭ ਦਾ ਇੱਥੇ ਆਉਣ ਤੇ 'ਵਿਪਸਾ' ਦੇ 25 ਸਾਲਾ ਪ੍ਰੋਗਰਾਮ ਵਿਚ ਹਿੱਸਾ ਲੈਣ ਆਇਆਂ ਦਾ ਧੰਨਵਾਦ ਕੀਤਾ ਤੇ ਇਸੇ ਤਰ੍ਹਾਂ ਬਲਵਿੰਦਰ (ਲਾਲੀ) ਧਨੋਆ ਵੱਲੋਂ ਵੀ ਆਏ ਹੋਏ ਲਿਖਾਰੀਆਂ ਦਾ ਧੰਨਵਾਦ ਕੀਤਾ।

ਜੰਮੂ ਤੋਂ ਆਈ ਬੀਬੀ ਡਾ. ਦਲਜੀਤ ਕੌਰ ਨੂੰ ਇੱਥੇ ਸਨਮਾਨਿਤ ਕੀਤਾ। ਰਾਤ ਦੇ ਖਾਣੇ ਤੋਂ ਬਾਅਦ ਸਾਰਿਆਂ ਨੇ ਅਗਲੇ ਵਰ੍ਹਿਆਂ 'ਚ ਮਿਲਣ ਦੇ ਵਾਅਦੇ ਨਾਲ ਉਸ ਦਿਨ ਦੇ ਪ੍ਰੋਗਰਾਮ ਪੂਰਨ ਹੋਏ।

Ranjit Kandola
Broker (MAC Real Estate Services)
CHECK DAILY MORTGAGE RATES @
WWW.DesiMortgageBroker.com
HIRING & TRAINING: MORTGAGE LOAN ORIGINATORS
MAC REAL ESTATE SERVICES
Mortgage Brokerage Since 2003
(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765
EQUAL HOUSING LENDER
BBB ACCREDITED BUSINESS A+ rating
Company NMLS 1133016 DRE 01800662 NMLS 347022

# ਡਾ. ਮਨਜਿੰਦਰ ਸਿੰਘ ਲਈ ਟਰੇਸੀ ਵਿਚ ਸ਼ਾਮ ਦੀ ਮਹਿਫਲ



ਟਰੇਸੀ- ਪਿਛਲੇ ਹਫਤੇ ਟਰੇਸੀ ਵਿਚ ਇੰਪੀਰੀਅਲ ਰੈਸਟੋਰੈਂਟ ਤੇ ਇਕ ਮਿਲਣੀ ਰੱਖੀ ਗਈ, ਜਿੱਥੇ ਡਾ. ਮਨਜਿੰਦਰ ਸਿੰਘ ਨੂੰ ਸ਼ਾਮ ਦੇ ਪ੍ਰੀਤ ਭੋਜ ਦੇ ਨਾਲ ਸੁਖਦੇਵ ਸਾਹਿਲ, ਵਿਜੈ ਸਿੰਘ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਕੀਤਾ ਗਿਆ। ਸੁਖਦੇਵ ਸਾਹਿਲ ਨੇ ਹਰਮੋਨੀਅਮ ਤੇ ਬਹੁਤ ਹੀ ਉਚ ਦਰਜੇ ਦੀ ਉਹਨਾਂ ਰਮਜ਼ਾਂ ਵਾਲੀ ਆਵਾਜ਼ ’ਚ ਐਸੀਆਂ ਕਲਾਵਾਂ ਪੇਸ਼ ਕੀਤੀਆਂ ਕਿ ਜਿਸ ਤੋਂ ਸੁਖਦੇਵ ਸਾਹਿਲ ਦੀ ਗਾਇਕੀ ਦਾ ਸਿੱਕਾ ਆਮ ਇਨਸਾਨ ਵੀ ਮੰਨੇਗਾ। ਗਾਇਕੀ ’ਚ ਉਹਨਾਂ ਨੇ ਉਸ ਦਿਨ ਉਹ ਮੁਰਕੀਆਂ ਸਾਹਿਤਕ ਗੀਤ ਸੁਣਾਏ ਤੇ ਗਾਇਕੀ ਦੀ ਉਚ ਦਰਜੇ ਦੀ ਪੇਸ਼ਕਾਰੀ ਕੀਤੀ।

ਵਿਜੇ ਸਿੰਘ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਬੈਠਕ ’ਚ ਡਾ. ਮਨਜਿੰਦਰ ਸਿੰਘ ਹੁਰਾਂ ਦਾ ਸਾਥ ਦੇਣ ਵਾਲਿਆਂ ’ਚ ਐਸ. ਅਸ਼ੋਕ ਭੌਰਾ, ਹੋਟਲ ਦੇ ਮਾਲਕ ਕਮਲ ਜੀ, ਵਿਜੈ ਸਿੰਘ, ਵਿੱਕੀ ਪਨੇਚ, ਪੰਕਜ ਧੀਰ, ਅਵਤਾਰ ਲਾਖਾ, ਸ਼ਾਦ ਸਾਹਿਬ, ਮਹਿੰਗਾ ਸਿੰਘ ਸੰਧੂ ’ਸਰਪੰਚ’ ਵੀ ਇਸ ਮਹਿਫਲ ਦਾ ਮਾਣ ਬਣੇ।

ਇਸ ਮਹਿਫਲ ’ਚ ਆਖਿਰ ਵਿਚ ਸਭ ਦਾ ਧੰਨਵਾਦ ਕੀਤਾ ਤੇ ਡਾ. ਮਨਜਿੰਦਰ ਸਿੰਘ ਹੁਰਾਂ ਦਾ ਵੀ ਅਮਰੀਕਾ ਦੀ ਧਰਤੀ ’ਤੇ ਆਉਣ ਲਈ ਧੰਨਵਾਦ ਕੀਤਾ ਗਿਆ। ਡਾ. ਮਨਜਿੰਦਰ ਸਿੰਘ ਹੁਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ’ਚ ਪੰਜਾਬੀ ਦੇ ਪ੍ਰੋਫੈਸਰ ਹਨ। ਸੁਖਦੇਵ ਸਾਹਿਲ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

# ਉਦਯੋਗਪਤੀ ਰਾਜਿੰਦਰ ਗੁਪਤਾ ਬਣੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ



ਚੰਡੀਗੜ- ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜਿੰਦਰ ਗੁਪਤਾ ਬਿਨਾਂ ਵਿਰੋਧ ਰਾਜ ਸਭਾ ਦੇ ਮੈਂਬਰ ਚੁਣੇ ਗਏ ਹਨ। ਅੱਜ ਨਾਮਜ਼ਦਗੀ ਪੱਤਰ ਵਾਪਸ ਲੈਣ ਦਾ ਆਖ਼ਰੀ ਦਿਨ ਸੀ ਅਤੇ ਮਧੂ ਗੁਪਤਾ ਵੱਲੋਂ ਕਾਗ਼ਜ਼ ਵਾਪਸ ਲੈਣ ਮਗਰੋਂ ਰਾਜਿੰਦਰ ਗੁਪਤਾ ਬਿਨਾਂ ਮੁਕਾਬਲਾ ਚੁਣੇ ਗਏ ਹਨ। ਰਾਜ ਸਭਾ ਲਈ ਪੰਜਾਬ ਦੇ ਰਿਟਰਨਿੰਗ ਅਫ਼ਸਰ ਰਾਮ ਲੋਕ ਖਟਾਣਾ ਨੇ ਰਾਜਿੰਦਰ ਗੁਪਤਾ ਨੂੰ ਰਾਜ ਸਭਾ ਮੈਂਬਰ ਚੁਣੇ ਜਾਣ ਦਾ ਸਰਟੀਫਿਕੇਟ ਜਾਰੀ ਕੀਤਾ। ਰਾਜਿੰਦਰ ਗੁਪਤਾ ਦੇ ਰਾਜ ਸਭਾ ਮੈਂਬਰ ਬਣਨ ਨਾਲ ਹੁਣ ਪੰਜਾਬ ਚੋਂ ਉਪਰਲੇ ਸਦਨ ’ਚ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਸੱਤ ਹੋ ਗਈ ਹੈ। ਸੰਜੀਵ ਅਰੋੜਾ ਵੱਲੋਂ ਪਹਿਲੀ ਜੁਲਾਈ ਨੂੰ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇਣ ਮਗਰੋਂ ਇਹ ਸੀਟ ਖ਼ਾਲੀ ਹੋਈ ਸੀ ਅਤੇ ਇਸ ਸੀਟ ਲਈ ਉਪ ਚੋਣ 24 ਅਕਤੂਬਰ ਨੂੰ ਹੋਣੀ ਸੀ ਪਰ ਚੋਣ ਮੈਦਾਨ ’ਚ ਕੋਈ ਵਿਰੋਧੀ ਉਮੀਦਵਾਰ ਨਾ ਹੋਣ ਕਰਕੇ ਅੱਜ ਰਾਜਿੰਦਰ ਗੁਪਤਾ ਨੂੰ ਰਾਜ ਸਭਾ ਮੈਂਬਰ ਐਲਾਨ ਦਿੱਤਾ ਗਿਆ ਹੈ। ਰਾਜ ਸਭਾ ਦੀ ਉਪ ਚੋਣ ਲਈ ਨਵਨੀਤ ਚਤੁਰਵੇਦੀ ਸਮੇਤ ਚਾਰ ਹੋਰ ਉ-ਮੀਦਵਾਰਾਂ ਨੇ ਕਾਗ਼ਜ਼ ਦਾਖਲ ਕੀਤੇ ਸਨ ਪਰ ਤਿੰਨੋਂ ਉਮੀਦਵਾਰਾਂ ਦੇ ਕਾਗ਼ਜ਼ ਰੱਦ ਹੋ ਗਏ ਸਨ ਅਤੇ ਇੱਕ ਉਮੀਦਵਾਰ ਮਧੂ ਗੁਪਤਾ ਨੇ ਅੱਜ ਕਾਗ਼ਜ਼ ਵਾਪਸ ਲੈ ਲਏ।

# ਡੀਆਈਜੀ ਹਰਚਰਨ ਸਿੰਘ ਭੁੱਲਰ ਗ੍ਰਿਫ਼ਤਾਰ

ਰੋਪੜ- ਸੀਬੀਆਈ ਨੇ ਰੋਪੜ ਰੇਂਜ ਦੇ ਧੀਘ ਹਰਚਰਨ ਸਿੰਘ ਭੁੱਲਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਆਈਪੀਐੱਸ ਅਧਿਕਾਰੀ ਨੂੰ ਭ੍ਰਿਸ਼ਟਾਚਾਰ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਭੁੱਲਰ ਨੂੰ ਉਨ੍ਹਾਂ ਦੇ ਮੁਹਾਲੀ ਸਥਿਤ ਦਫ਼ਤਰ ’ਚੋਂ ਗ੍ਰਿਫ਼ਤਾਰ ਕੀਤਾ ਗਿਆ।



ਸੂਤਰਾਂ ਮੁਤਾਬਕ ਸੀਬੀਆਈ ਦੀ ਟੀਮ ਨੇ ਇਕ ਹੋਰ ਵਿਅਕਤੀ ਨੂੰ ਵੀ ਕਾਬੂ ਕੀਤਾ ਹੈ। ਸੀਨੀਅਰ ਪੁਲੀਸ ਅਧਿਕਾਰੀ ਇਸ ਗ੍ਰਿਫ਼ਤਾਰੀ ਨੂੰ ਲੈ ਕੇ ਚੁੱਪ ਹਨ। ਰਿਪੋਰਟਾਂ ਅਨੁਸਾਰ, ਸੀਬੀਆਈ ਨੂੰ ਡੀਆਈਜੀ ਭੁੱਲਰ ਵਿਰੁੱਧ ਭ੍ਰਿਸ਼ਟਾਚਾਰ ਨਾਲ ਸਬੰਧਤ ਕੁਝ ਲੈਣ-ਦੇਣ ਅਤੇ ਅਹੁਦੇ ਦੀ ਦੁਰਵਰਤੋਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਇਸ ਦੇ ਆਧਾਰ 'ਤੇ, ਏਜੰਸੀ ਨੇ ਜਾਂਚ ਸ਼ੁਰੂ ਕੀਤੀ ਸੀ। ਸੀਬੀਆਈ ਵਲੋਂ ਡੀਆਈਜੀ ਭੁੱਲਰ ਦੇ ਘਰੋਂ ਨਕਦੀ, ਸੋਨੇ ਦੇ ਗਹਿਣੇ ਅਤੇ ਹੋਰ ਸਾਮਾਨ ਵੀ ਬਰਾਮਦ ਹੋਇਆ ਹੈ, ਜਿਸ ਦਾ ਵੇਰਵਾ ਜਾਰੀ ਕੀਤਾ ਗਿਆ ਹੈ। 5 ਕਰੋੜ ਨਕਦੀ ਬਰਾਮਦ ਹੋਈ, ਲਗਜ਼ਰੀ ਗੱਡੀਆਂ ਮਿਲੀਆਂ ਹਨ ਤੇ ਅਜੇ ਵੀ ਨੋਟਾਂ ਨੂੰ ਗਿਣਨ ਦੀ ਪ੍ਰਕਿਰਿਆ ਜਾਰੀ ਹੈ। ਡੇਢ ਕਿਲੋ ਤੋਂ ਵਧ ਸੋਨਾ, ਕਈ ਜ਼ਮੀਨਾਂ ਦੇ ਕਾਗਜ਼ਾਤ ਵੀ ਮਿਲੇ ਹਨ।

ਸੂਤਰਾਂ ਨੇ ਕਿਹਾ ਕਿ ਭੁੱਲਰ ਦੇ ਦਫ਼ਤਰ, ਘਰ ਤੇ ਖੰਨਾ ਦੇ ਫਾਰਮਹਾਊਸ ਦੀ ਵੀ ਤਲਾਸ਼ੀ ਲਈ ਗਈ। ਭੁੱਲਰ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਪੰਚਕੂਲਾ ਤੇ ਫਿਰ ਵਾਪਸ ਲਿਆਂਦਾ ਗਿਆ। ਸੂਤਰਾਂ ਨੇ ਦੱਸਿਆ ਕਿ ਸੀਬੀਆਈ ਚੰਡੀਗੜ੍ਹ ਨੇ ਇਹ ਕਾਰਵਾਈ ਫਤਿਹਗੜ੍ਹ ਦੇ ਇੱਕ ਸਕ੍ਰੈਪ ਡੀਲਰ (ਕਬਾੜੀਏ) ਦੀ ਸ਼ਿਕਾਇਤ ’ਤੇ ਕੀਤੀ ਹੈ। ਸੀਬੀਆਈ ਟੀਮ ਨੇ ਇਸ ਪੂਰੀ ਕਾਰਵਾਈ ਦੌਰਾਨ ਇਹ ਯਕੀਨੀ ਬਣਾਇਆ ਕਿ ਡੈਪੂਟੇਸ਼ਨ ’ਤੇ ਆਏ ਪੰਜਾਬ ਪੁਲੀਸ ਦੇ ਕਿਸੇ ਵੀ ਕਰਮਚਾਰੀ ਨੂੰ ਛਾਪੇਮਾਰੀ ਕਰਨ ਵਾਲੀ ਟੀਮ ਦਾ ਹਿੱਸਾ ਨਾ ਬਣਾਇਆ ਜਾਵੇ।

ਭੁੱਲਰ ਨੇ ਪਿਛਲੇ ਸਾਲ 27 ਨਵੰਬਰ ਨੂੰ ਰੋਪੜ ਰੇਂਜ ਦੇ ਡੀਆਈਜੀ ਦਾ ਅਹੁਦਾ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ ਪਟਿਆਲਾ ਰੇਂਜ ਡੀਆਈਜੀ ਵਜੋਂ ਤਾਇਨਾਤ ਸਨ। ਭੁੱਲਰ ਰੋਪੜ ਰੇਂਜ ਵਿੱਚ ‘ਯੁੱਧ ਨਸ਼ਿਆਂ ਵਿਰੁੱਧ’ ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਸਨ। ਹਰਚਰਨ ਸਿੰਘ ਭੁੱਲਰ ਪੰਜਾਬ ਦੇ ਸਾਬਕਾ ਡੀਜੀਪੀ ਮਹਿਲ ਸਿੰਘ ਭੁੱਲਰ ਦੇ ਪੁੱਤਰ ਹਨ। ਉਨ੍ਹਾਂ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਵੀ ਕੀਤੀ ਜਿਸ ਨੇ ਨਸ਼ਾ ਤਸਕਰੀ ਦੇ ਦੋਸ਼ਾਂ ਵਿੱਚ ਅਕਾਲੀ ਆਗੂ ਬਿਕਰਮ ਮਜੀਠੀਆ ਤੋਂ ਪੁੱਛਗਿੱਛ ਕੀਤੀ ਸੀ।

ਸੂਤਰਾਂ ਅਨੁਸਾਰ ਹਰਚਰਨ ਭੁੱਲਰ ਨੂੰ ਹਰਿਆਣਾ ’ਚੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਸੂਚਨਾ ਹੈ । ਸੀ ਬੀ ਆਈ ਕੋਲ 25 ਲੱਖ ਦੀ ਰਿਸ਼ਵਤ ਦੇ ਸਬੂਤ ਦੱਸੇ ਜਾ ਰਹੇ ਹਨ ਪਰ ਉਨ੍ਹਾਂ ਕੋਲੋ 5 ਲੱਖ ਹੀ ਬਰਾਮਦ ਹੋਏ ਹਨ। ਗ੍ਰਿਫ਼ਤਾਰੀ ਮਗਰੋਂ ਹਰਚਰਨ ਭੁੱਲਰ ਨੂੰ ਸੀ ਬੀ ਆਈ ਦਫ਼ਤਰ ਲਿਜਾਇਆ ਗਿਆ।

GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471
Legal Documentation Services: Family Law, Estate Planning, Small Claims/ Civil Law, Unlawful Detainer, POA, Social Security Disability.

'Sara'- Saraswatee Consultant
**Income Tax Preparation:** Strategic individual and business tax filings, tax planning, IRS audit, sales & use tax, and new company formation.
**Financial Accounting & Management:** Strategic accounting & reporting services, which are scalable, tactical, and team-driven.
**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
**Live-Scan and Notary**
GLOBAL ADVISORS, LLC
contact@globaladvisors.llc 408-613-3876 / 408-600-9471

Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal: 1 Topping Slice, 1 Bag of Chips, 1 Can of Soda $8.99 * Upgrade to 2 Toppings for a $1 more
Everyday Special: 1 Large 14" Toppings Pizza $21.99 * FREE 2LT SODA
Best Deal: 1X-Large 18" 1 Topping Pizza $22.99 * FREE 2LT SODA
King Kong Deal: 1 King Kong 2 Toppings PIZZA $37.99 * FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਹਵਾਈ ਕਿਲੇ ਬਣਾਉਣ ਵਾਲੀ ਸਿਆਸਤ

ਪੰਜਾਬ ਦੀ ਸਿਆਸਤ ਹਾਲਾਂਕਿ ਸ਼ੁਰੂ ਤੋਂ ਹੀ ਵਿਵਾਦਾਂ ਨਾਲ ਅੱਗੇ ਵਧਦੀ ਰਹੀ ਹੈ। ਕਦੀ ਪਾਣੀਆਂ ਦਾ ਮਸਲਾ, ਕਦੀ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਅਤੇ ਕਦੀ ਖੇਤੀ ਕਿਸਾਨੀ ਦਾ ਮਸਲਾ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਮੁਫਤ ਸਹੂਲਤਾਂ ਵੰਡਣ ਦੀ ਸਿਆਸਤ ਹੁਣ ਜ਼ਿਆਦਾ ਹੋਣ ਲੱਗ ਪਈ ਹੈ। ਇਸ ਸਿਆਸਤ ਦੇ ਕਾਰਨ ਪੰਜਾਬ ਆਰਥਿਕ ਤੌਰ ’ਤੇ ਜ਼ਰਜ਼ਰਾ ਜਿਹਾ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਆਰਥਿਕ ਰਿਪੋਰਟ ਮੁਤਾਬਕ ਕਰਜ਼ਿਆਂ ਦਾ ਭਾਰੀ ਦਬਾਅ, ਬਹੁਤ ਹੀ ਧੀਮੀ ਗਤੀ ਨਾਂਲ ਵਿਕਾਸ ਅਤੇ ਉਦਯੋਗਿਕ ਖਾਲੀਪਣ ਵਧਦਾ ਨਜ਼ਰ ਆ ਰਿਹਾ ਹੈ। ਪੰਜਾਬ ਦੀ ਆਰਥਿਕ ਸਿਹਤ ਲਗਾਤਾਰ ਖੜੋਤ ਹੀ ਨਹੀਂ ਬਲਕਿ ਪਿੱਛੇ ਵੱਲ ਨੂੰ ਵੀ ਝੂਟੇ ਮਾਰਨ ਲੱਗ ਪਈ ਹੈ। ਪੰਜਾਬ ਸਰਕਾਰ ਦੀ ਆਮਦਨ ਵਿਚ ਇਸ ਵਕਤ ਮੁੱਖ ਤੌਰ ਤੇ ਸ਼ਰਾਬ ਅਤੇ ਰੈਵੇਨਿਊ ਵਿਭਾਗ ਯੋਗਦਾਨ ਪਾ ਰਿਹਾ ਹੈ, ਜਦਕਿ ਬਾਕੀ ਸਾਰੇ ਵਿਭਾਗ ਖਰਚ ਹੀ ਕਰਨ ਵਾਲੇ ਹਨ। ਪੰਜਾਬ ਸਰਕਾਰ ਦੀਆਂ ਦੋ ਸਰਕਾਰੀ ਰੋਡਵੇਜ਼ ਕੰਪਨੀਆਂ ਦੀ ਹਾਲਤ ਬਿਲਕੁਲ ਖਸਤਾ ਹੋ ਚੁੱਕੀ ਹੈ ਅਤੇ ਇਹ ਦੋਵੇਂ ਵਿਕਣ ਕਿਨਾਰੇ ਆ ਚੁੱਕੀਆਂ ਹਨ। ਬੱਸਾਂ ਟੁੱਟ-ਫੁੱਟ ਰਹੀਆਂ ਹਨ ਅਤੇ ਨਵੀਆਂ ਬੱਸਾਂ ਤਾਂ ਬਹੁਤ ਦੂਰ ਹੁਣ ਤਾਂ ਇਹ ਦੋਵੇਂ ਕੰਪਨੀਆਂ ਚਲਾਉਣੀਆਂ ਵੀ ਮੁਸ਼ਕਿਲ ਹੋ ਗਈਆਂ ਹਨ ਕਿਉਂਕਿ ਪੰਜਾਬ ਦੀ ਅੱਧੀ ਤੋਂ ਵੱਧ ਆਬਾਦੀ ਨੂੰ ਮੁਫਤ ਸਫਰ ਦੀ ਸਹੂਲਤ ਮਿਲੀ ਹੋਈ ਹੈ। ਦੂਜਾ ਵੱਡਾ ਸੇਵਾ ਦੇਣ ਵਾਲਾ ਮਹਿਕਮਾ ਬਿਜਲੀ ਬੋਰਡ ਵੀ ਹੁਣ ਸਹਿਕ ਰਿਹਾ ਹੈ। 600 ਯੂਨਿਟ ਫਰੀ ਦੇ ਚੱਕਰ ਵਿਚ ਇਸ ਵਿਭਾਗ ਦਾ ਮਾਲੀਆ ਵੀ ਲਗਾਤਾਰ ਨਿਵਾਣਾਂ ਵੱਲ ਜਾ ਰਿਹਾ ਹੈ ਅਤੇ ਇਹ ਮਹਿਕਮਾ ਕਰਜ਼ਾਈ ਹੋ ਕੇ ਬੰਦ ਹੋਣ ਕਿਨਾਰੇ ਪਹੁੰਚ ਗਿਆ ਹੈ। ਇਹ ਵੀ ਕਨਸੋਆਂ ਹਨ ਕਿ ਪੰਜਾਬ ਸਰਕਾਰ ਬਿਜਲੀ ਬੋਰਡ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੀਆਂ ਸਕੀਮਾਂ ਬਣਾ ਰਹੀ ਹੈ, ਸ਼ਾਇਦ ਇਸ ਤੋਂ ਬਿਨਾਂ ਚਾਰਾ ਵੀ ਨਹੀਂ ਪਰ ਡਰ ਇਹ ਹੈ ਕਿ ਪੰਜਾਬ ਦੇ ਲੋਕ ਫਿਰ ਇਸ ਸਰਕਾਰ ਦੇ ਪਿੱਛੇ ਡਾਂਗਾਂ ਚੁੱਕ ਕੇ ਪੈ ਜਾਣਗੇ, ਜਿਵੇਂ ਕਿ ਕੁਝ ਦਿਨ ਪਹਿਲਾਂ ਲੈਂਡ ਪੂਲਿੰਗ ਪਾਲਸੀ ਦੇ ਖਿਲਾਫ ਪਏ ਸਨ। ਬਾਕੀ ਸਮਾਜਿਕ ਕਲਿਆਣ ਮਹਿਕਮੇ, ਸਿਹਤ ਮਹਿਕਮਾ ਤਾਂ ਪਹਿਲਾਂ ਹੀ ਮੰਦੜੀ ਹਾਲਤ ਵਿਚ ਹੈ। ਨਵੇਂ ਹਸਪਤਾਲ ਤਾਂ ਕੀ ਬਣਨੇ, ਪੁਰਾਣੇ ਵੀ ਚਲਾਉਣੇ ਔਖੇ ਹੋਏ ਪਏ ਹਨ। ਸਰਕਾਰੀ ਦਫਤਰਾਂ ਵਿਚ ਚੁਸਤੀ-ਫੁਰਤੀ ਨਜ਼ਰ ਨਹੀਂ ਆਉਂਦੀ। ਅਜਿਹੀ ਹਾਲਤ ਵਿਚ ਪੰਜਾਬ ਆਖਿਰ ਜਾਵੇਗਾ ਤਾਂ ਕਿੱਧਰ ਜਾਵੇਗਾ। 1970 ਤੋਂ ਪਹਿਲਾਂ ਪੰਜਾਬ ਦੀ ਆਮਦਨ ਦਾ ਇਕ ਵੱਡਾ ਸਰੋਤ ਖੇਤੀਬਾੜੀ ਮਹਿਕਮਾ ਵੀ ਹੋਇਆ ਕਰਦਾ ਸੀ ਪਰ ਹੁਣ ਜਿਉਂ ਹੀ ਕਿਸਾਨਾਂ ਤੋਂ ਭਾਰ ਲਾਹ ਕੇ ਉਦਯੋਗਿਕ ਖੇਤਰ ਤੋਂ ਸਰਕਾਰਾਂ ਨੇ ਆਪਣਾ ਮਾਲੀਆ ਪ੍ਰਾਪਤ ਕਰਨਾ ਆਰੰਭ ਕੀਤਾ ਹੈ, ਖੇਤੀ ਸੁਧਾਰਾਂ ਵੱਲ ਵੀ ਸਰਕਾਰਾਂ ਦਾ ਧਿਆਨ ਨਹੀਂ ਰਿਹਾ ਅਤੇ ਉਦਯੋਗ ਦਬਾਅ ਦੇ ਕਾਰਨ ਪਲਾਇਨ ਕਰ ਰਿਹਾ ਹੈ। ਕੁੱਲ ਮਿਲਾ ਕੇ ਪੰਜਾਬ ਇਸ ਵਕਤ ਇਕ ਖਪਤਕਾਰ ਸਟੇਟ ਬਣ ਚੁੱਕਾ ਹੈ, ਸਿਵਾਏ ਕਿਸਾਨੀ ਪੈਦਾਵਾਰ ਦੇ, ਉਹ ਵੀ ਵਿਭਿੰਨਤਾ ਨਹੀਂ ਸਿਰਫ ਦੋ ਹੀ ਫਸਲਾਂ ਕਣਕ ਅਤੇ ਝੋਨੇ ਦੁਆਲੇ ਸਿਮਟ ਕੇ ਰਹਿ ਗਿਆ ਹੈ। ਭਾਰਤ ਦੀ ਸਭ ਤੋਂ ਅਮੀਰ ਸਟੇਟ ਮੰਨਿਆ ਜਾਣ ਵਾਲਾ ਪੰਜਾਬ ਹੁਣ ਪਿੱਛੇ ਨੂੰ ਆ ਰਿਹਾ ਹੈ, ਜਦਕਿ ਬਾਕੀ ਸਾਰੇ ਰਾਜ ਅੱਗੇ ਨੂੰ ਵੱਧ ਰਹੇ ਹਨ, ਇਸ ਕਾਰਨ ਪਾੜਾ ਵਧਦਾ ਜਾ ਰਿਹਾ ਹੈ।

ਇਹਨਾਂ ਸਾਰੇ ਹਾਲਾਤਾਂ ਲਈ ਪੰਜਾਬ ਦੇ ਲੋਕ ਨਹੀਂ ਬਲਕਿ ਇੱਥੇ ਬਣਨ ਵਾਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਬਿਹਤਰ ਰਹੇਗਾ ਕਿਉਂਕਿ ਆਮ ਆਦਮੀ ਤਾਂ ਆਪਣੀ ਆਮਦਨ ਲਈ ਕੋਈ ਨਾ ਕੋਈ ਰਸਤਾ ਲੱਭ ਲੈਂਦਾ ਹੈ, ਫਿਰ ਭਾਵੇਂ ਉਸਨੂੰ ਕਿਸੇ ਹੋਰ ਮੁਲਕ ਵਿਚ ਪਲਾਇਨ ਹੀ ਨਾ ਕਰਨਾ ਪਵੇ ਪਰ ਇਹ ਕੋਈ ਰਾਹ ਨਹੀਂ ਬਲਕਿ ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਆਮ ਪੰਜਾਬੀ ਤਾਂ ਬਹੁਤ ਗੰਭੀਰਤਾ ਨਾਲ ਸੋਚ ਰਿਹਾ ਲੱਗਦਾ ਹੈ ਪਰ ਉਸ ਨੂੰ ਰਸਤਾ ਨਜ਼ਰ ਨਹੀਂ ਆ ਰਿਹਾ।

**-ਬਲਬੀਰ ਸਿੰਘ ਐਮ ਏ**


Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245


The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਲਗਾਤਾਰ ਹਿਚਕੋਲੇ ਖਾ ਰਹੀ ਹੈ ਪੰਜਾਬ ਦੀ ਪੰਥਕ ਸਿਆਸਤ

**ਪ੍ਰੋ. ਰਣਜੀਤ ਸਿੰਘ ਧਨੋਆ**

ਤਿੱਬਤ ਤੋਂ ਲੈ ਕੇ ਦੱਰ੍ਹਾ ਖੈਬਰ ਤੱਕ, ਕਸ਼ਮੀਰ ਤੋਂ ਲੈ ਕੇ ਦਰਿਆ ਸਿੰਧ ਤੱਕ ਫੈਲੇ ਅਤੇ ਇਨਸਾਫ਼ ਅਤੇ ਸਾਂਝੀਵਾਲਤਾ ਲਈ ਜਾਣੇ ਜਾਂਦੇ ਖ਼ਾਲਸਾ ਰਾਜ ਦੀ ਕਾਰਜਸ਼ੈਲੀ ’ਤੇ ਆਧਾਰਤ ਹੋਣ ਦਾ ਦਾਅਵਾ ਕਰਦਿਆਂ ਰਵਾਇਤੀ ਅਕਾਲੀ ਦਲ ਤੋਂ ਵੱਖ ਹੋਏ ‘ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ’ ਵੱਲੋਂ ਇਕ ਧਾਰਮਿਕ ਸੰਸਥਾ ‘ਪੰਥਕ ਕੌਂਸਲ’ ਤਿਆਰ ਕੀਤੀ ਜਾ ਰਹੀ ਹੈ। ਸੂਤਰਾਂ ਦੀ ਮੰਨੀਏ ਤਾਂ ਪੰਥਕ ਕੌਂਸਲ ਪੰਜਾਬ ਦੀ ਸਿਆਸਤ ਨੂੰ ਇਕ ਵੱਖਰੀ ਸੇਧ ਦੇਣ ਵਾਲੀ ਸੰਸਥਾ ਹੋ ਸਕਦੀ ਹੈ। ਪੰਥਕ ਕੌਂਸਲ ਦੀ ਭੂਮਿਕਾ ਹਾਥੀ ਦੇ ਸਿਰ ’ਤੇ ਲੱਗੇ ‘ਕੁੰਡੇ’ ਵਾਲੀ ਹੋਵੇ ਤਾਂ ਹੀ ਅਕਾਲੀ ਦਲ ਉਕਤ ਫ਼ੈਸਲੇ ’ਤੇ ਮੋਹਰ ਲਾ ਦਿੰਦਾ ਹੈ ਤਾਂ ਇਹ ਪੰਜਾਬ ਦੇ ਰਾਜਨੀਤਕ ਸਮੀਕਰਨਾਂ ਨੂੰ ਡਾਹਢਾ ਪ੍ਰਭਾਵਿਤ ਕਰੇਗਾ ਜਿਸ ਨਾਲ ਸ਼੍ਰੋਮਣੀ ਕਮੇਟੀ ਵਿਚ ਰਾਜਨੀਤਕ ਦਖ਼ਲਅੰਦਾਜ਼ੀ ਪੱਕੇ ਤੌਰ ’ਤੇ ਬੰਦ ਹੋ ਜਾਵੇਗੀ।

ਪਾਰਟੀ ਮੁਖੀ ਵੱਲੋਂ ਕੋਈ ਚੋਣ ਨਾ ਲੜਨ ਅਤੇ ਸੰਵਿਧਾਨਕ ਅਹੁਦਾ ਨਾ ਲੈਣ ਦਾ ਫ਼ੈਸਲਾ ਨਵੇਂ ਬਣੇ ਅਕਾਲੀ ਦਲ ਨੂੰ ਵਾਹਵਾ ਰਾਸ ਆਉਂਦਾ ਪ੍ਰਤੀਤ ਹੋ ਰਿਹਾ ਹੈ ਲਿਹਾਜ਼ਾ ਗੇਂਦ ਦੂਜੇ ਦਲਾਂ ਦੇ ਪਾਲੇ ਵਿਚ ਹੈ। ਧਾਰਮਿਕ ਖੇਤਰ ਵਿਚ ਕਿਸੇ ਗਿਰਾਵਟ ਜਾਂ ਊਣਤਾਈ ਦਾ ਅਹਿਸਾਸ ਕਰਦਿਆਂ




ਇਹ ਭਵਿੱਖ ਵਿਚ ਖੁੱਸੀ ਹੋਈ ਪੰਥਿਕ ਜ਼ਮੀਨ ਹਾਸਲ ਕਰਨ ਦੇ ਯੋਗ ਹੋ ਸਕਦੀ ਹੈ।

ਇਸ ਦੇ ਨਾਲ ਹੀ ਪੁਨਰ ਸੁਰਜੀਤੀ ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦਾ ਐਲਾਨ ਵੀ ਕਰ ਦਿੱਤਾ ਹੈ ਜਿਸ ਵਿਚ ਪਾਰਟੀ ਪ੍ਰਧਾਨ ਵੱਲੋਂ ਨਾਮਜ਼ਦ ਕੀਤੇ ਮਹਿਜ਼ ਦਸ ਮੈਂਬਰਾਂ ਤੋਂ ਇਲਾਵਾ ਬਾਕੀ ਸਭ ਚੁਣ ਕੇ ਆਏ ਹੋਏ ਲੋਕ ਹਨ। ਰਵਾਇਤੀ ਪਾਰਟੀਆਂ ਵੱਲੋਂ ਜਿਵੇਂ ਵਿਵਸਥਾਗਤ ਢਾਂਚੇ ਦੀਆਂ ਅਹਿਮ ਜ਼ਿੰਮੇਵਾਰੀਆਂ ਸਮੇਤ ਕਿਸੇ ਵਾਰਡ ਦੀ ਪ੍ਰਧਾਨਗੀ ਤੋਂ ਲੈ ਕੇ ਸੰਸਦੀ ਖੇਤਰ ਦੀ ਟਿਕਟ ਤੱਕ ਦੇ ਫ਼ੈਸਲੇ ਕਿਸੇ ਇਕ ਆਗੂ ਜਾਂ ਪਰਿਵਾਰ ਵੱਲੋਂ ਲਏ ਜਾਂਦੇ ਹਨ, ਇਸ ਦੇ ਐਨ ਉਲਟ ਪੰਥਕ ਕੌਂਸਲ ਦੀ ਨਿਗਰਾਨੀ ਹੇਠ ਨਵਾਂ ਦਲ ਅਜਿਹੇ ਨੀਤੀਗਤ ਫ਼ੈਸਲੇ ਪਾਰਲੀਮਾਨੀ ਬੋਰਡ ਦੁਆਰਾ ਸਾਂਝੀ ਰਾਇ ਨਾਲ ਲਏ ਜਾਣ ਦਾ ਦਾਅਵਾ ਕਰਦਾ ਹੈ।

ਜੇ ਪ੍ਰਭਾਵ ਦੀ ਗੱਲ ਕਰਨੀ ਹੋਵੇ ਤਾਂ ਇਸ ਫ਼ੈਸਲੇ ਦਾ ਫ਼ਾਇਦਾ ਇਹ ਹੋਵੇਗਾ ਕਿ ਪਾਰਟੀ ਵਿਚ ਫੁੱਟ ਜਾਂ ਬਗ਼ਾਵਤ ਨੂੰ ਕਾਫ਼ੀ ਹੱਦ ਤੱਕ ਕੰਟਰੋਲ ਕਰ ਲਿਆ ਜਾਵੇਗਾ। ਕਿਉਂਕਿ ਕਿਸੇ ਵੀ ਖੇਤਰ ਦੀ ਜ਼ਿੰਮੇਵਾਰੀ ਲਈ ਆਪਣੇ ਤੋਂ ਵੱਧ ਮੈਰਿਟ ਵਾਲੇ ਨੂੰ ਚੁਣੇ ਜਾਣ ’ਤੇ ਕਿਸੇ ਨੂੰ ਹਰਖ ਸੋਗ ਨਹੀਂ ਹੁੰਦਾ। ਪਰ ਟੁੱਟਦਾ ਤਾਂ ਬੰਦਾ ਉਦੋਂ ਹੈ ਜਦੋਂ ਉਸ ਤੋਂ ਤਿੰਨ-ਚਾਰ ਕਦਮ ਹੇਠਾਂ ਖੜ੍ਹੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਚੁੱਕ ਕੇ ਸਾਡੇ ਸਿਰ ’ਤੇ ਬਿਠਾ ਦਿੱਤਾ ਜਾਂਦਾ ਹੈ।

ਫਿਰ ਧਰਾਤਲ ਪੱਧਰ ’ਤੇ ਵਿਚਰਨ ਵਾਲੇ ਵਰਕਰ ਪਾਰਟੀ ਛੱਡਣ ਜਾਂ ਚੋਣ ਵਿਚ ਵਿਰੋਧੀ ਉਮੀਦਵਾਰ ਨੂੰ ਹਮਾਇਤ ਦੇਣ ਵਿੱਚੋਂ ਕੋਈ ਇਕ ਵਿਕਲਪ ਚੁਣਦੇ ਹਨ ਜੋ ਮੂਲ ਰੂਪ ਵਿਚ ਪਾਰਟੀ ਨੂੰ ਕਮਜ਼ੋਰ ਕਰਨ ਵਾਲੀ ਕਵਾਇਦ ਹੁੰਦੀ ਹੈ। ਇਸੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦਿਆਂ ਪੰਥਕ ਕੌਂਸਲ ਅਜਿਹੇ ਸਾਰੇ ਫ਼ੈਸਲਿਆਂ ਦੇ ਮਾਪਦੰਡ ਪਾਰਦਰਸ਼ਤਾ ਨਾਲ ਬਣਾਏ ਜਾਣ ਅਤੇ ਉਨ੍ਹਾਂ ਨੂੰ ਅਮਲੀ ਰੂਪ ਵਿਚ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਦਾ ਦਾਅਵਾ ਕਰਦੀ ਹੈ ਤਾਂ ਜੋ ਸਬੰਧਤ ਫ਼ੈਸਲਾ ਪਹਿਲੀ ਕਤਾਰ ਦੇ ਆਗੂ ਤੋਂ ਲੈ ਕੇ ਜ਼ਮੀਨੀ ਪੱਧਰ ਤੱਕ ਕੰਮ ਕਰਨ ਵਾਲੇ ਵਰਕਰ ਤੱਕ ਸਭ ਨੂੰ ਇੱਕੋ ਜਿਹਾ ਪ੍ਰਵਾਨ ਹੋਵੇ।

‘ਇਕ ਪਰਿਵਾਰ, ਇਕ ਟਿਕਟ’ ਦੇ ਨਾਲ ਸਿਆਸਤ ਵਿਚ ਸਰਗਰਮ ਵਿਅਕਤੀ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਅਤੇ ਧਾਰਮਿਕ ਖੇਤਰ ਵਿਚ ਕੰਮ ਕਰਨ ਵਾਲਾ ਵਿਅਕਤੀ ਕਿਸੇ ਰਾਜਨੀਤਕ ਚੋਣ ਅਮਲ ਵਿਚ ਹਿੱਸਾ ਨਹੀਂ ਲੈ ਸਕਣ ਵਾਲਾ ਫ਼ੈਸਲਾ ਵੀ ਪੰਜਾਬ ਦੀ ਰਾਜਨੀਤੀ ਨੂੰ ਮੋੜਾ ਦੇਣ ਵਾਲਾ ਸਾਬਿਤ ਹੋ ਸਕਦਾ ਹੈ। ਖ਼ਾਸ ਕਰਕੇ ਜਿਵੇਂ ਰਵਾਇਤੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਵਿਧਾਨ ਸਭਾ ਦੀ ਟਿਕਟ ਲਈ ‘ਪਰਖ ਇਮਤਿਹਾਨ’ ਵਜੋਂ ਸਥਾਪਤ ਕੀਤਾ ਹੈ, ਉਸ ਹਿਸਾਬ ਨਾਲ ਇਹ ਫ਼ੈਸਲਾ ਜੇਕਰ ਲਾਗੂ ਹੋ ਜਾਂਦਾ ਹੈ ਤਾਂ ਪੁਨਰ ਸੁਰਜੀਤੀ ਅਕਾਲੀ ਦਲ ਦੀ ਇਕ ਅਹਿਮ ਨੀਤੀ ਵਜੋਂ ਲੰਬੇ ਸਮੇਂ ਤੱਕ ਜਾਣਿਆ ਜਾਂਦਾ ਰਹੇਗਾ। ਕੀ ਦਾਅਵਿਆਂ ਤੇ ਵਾਅਦਿਆਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਸਕੇਗਾ, ਇਸ ਸਵਾਲ ਦਾ ਜਵਾਬ ਭਵਿੱਖ ਦੀ ਬੁੱਕਲ ਵਿਚ ਹੈ।

ਪਹਿਲਾਂ ਸ਼੍ਰੋਮਣੀ ਕਮੇਟੀ ਦੀ ਚੋਣ ਜਿੱਤ ਕੇ ਆਉਣ ਦੀ ਸ਼ਰਤ ਰਵਾਇਤੀ ਅਕਾਲੀ ਦਲ ਨੇ ਭਾਵੇਂ ਟਿਕਟਾਂ ਦੇ ਦਾਅਵੇਦਾਰਾਂ ਦੀ ਲੰਮੀ ਕਤਾਰ ਤੋਂ ਛੁਟਕਾਰਾ ਪਾਉਣ ਲਈ ਰੱਖੀ ਹੋਵੇ ਪਰ ਸ਼੍ਰੋਮਣੀ ਕਮੇਟੀ ਦੇ ਗਲਿਆਰਿਆਂ ਵਿਚ ਇਹ ਪ੍ਰਭਾਵ ਸਥਾਪਤ ਹੋ ਗਿਆ ਕਿ ਜੇ ਕੋਈ ਸਿਆਸਤ ਵਿਚ ਅਗਾਂਹ ਜਾਣਾ ਚਾਹੁੰਦਾ ਹੈ ਤਾਂ ਧਾਰਮਿਕ ਖੇਤਰ ਵਿਚ ਕੰਮ ਬੇਸ਼ੱਕ ਨਾ ਕਰੇ, ਸੀਨੀਅਰ ਲੀਡਰਸ਼ਿਪ ਦੀ ਵਫ਼ਾਦਾਰੀ ਜ਼ਰੂਰ ਪ੍ਰਗਟਾਏ। ਹਾਲਾਂਕਿ ਕੁਝ ਸਵਾਲ ਬਰਕਰਾਰ ਵੀ ਹਨ ਮਸਲਨ ਸਿਆਸਤ ਵਿਚ ਸਰਗਰਮ ਮੈਂਬਰ ਦੇ ਪਰਿਵਾਰ ਦਾ ਕੋਈ ਵਿਅਕਤੀ ਸ਼੍ਰੋਮਣੀ ਕਮੇਟੀ ਦੀ ਚੋਣ ਜਾਂ ਫਿਰ ਧਾਰਮਿਕ ਖੇਤਰ ਵਿਚ ਕੰਮ ਕਰਦੇ ਵਿਅਕਤੀ ਦਾ ਪਰਿਵਾਰਕ ਮੈਂਬਰ ਸਿਆਸਤ ਵਿਚ ਆ ਸਕੇਗਾ ਜਾਂ ਨਹੀਂ?

ਬਾਵਜੂਦ ਸਭ ਕਾਸੇ ਦੇ, ਜੇਕਰ ਪੰਥਕ ਕੌਂਸਲ ਅਤੇ ਪੁਨਰ ਸੁਰਜੀਤੀ ਅੱਜ ਵੀ ਲੋਕ ਵਰਤਮਾਨ ਪ੍ਰਣਾਲੀ ਦੀ ਤੁਲਨਾ 1799 ਤੋਂ 1849 ਤੱਕ ਚੱਲੇ ਖ਼ਾਲਸਾ ਰਾਜ ਨਾਲ ਕਰਦੇ ਅਕਸਰ ਸੁਣਾਈ ਦਿੰਦੇ ਹਨ।

ਖ਼ਾਸ ਕਰਕੇ ਕਿਸੇ ਚੋਣਵੇਂ ਮਸਲੇ ’ਤੇ ਤਖ਼ਤਾਂ ਦੇ ਜਥੇਦਾਰਾਂ ਦੀ ‘ਚੁੱਪ’ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਯਾਦ ਦਿਵਾਉਂਦੀ ਹੈ। ਖ਼ਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਅੱਗੇ ਝੁਕਣ ਤੋਂ ਇੱਕੋ ਸ਼ਖ਼ਸੀਅਤ ਅਕਾਲੀ ਫੂਲਾ ਸਿੰਘ ਨੂੰ ਛੋਟ ਸੀ ਕਿਉਂਕਿ ਉਸ ਅੱਗੇ ਹਕੂਮਤ ਦਾ ਬਾਦਸ਼ਾਹ ਝੁਕਦਾ ਸੀ। ਨਵੇਂ ਬਣੇ ਦਲ ਤੋਂ ਪੰਜਾਬ ਦੇ ਲੋਕਾਂ ਨੂੰ ਉਮੀਦ ਹੈ ਕਿ ਉਹ 19ਵੀਂ ਸਦੀ ਦੇ ਪਹਿਲੇ ਅੱਧ ਵਾਲੀ ਰਾਜਨੀਤਕ ਵਿਵਸਥਾ ਕਾਇਮ ਕਰਨ ਲਈ ਸੁਹਿਰਦਤਾ ਨਾਲ ਯਤਨ ਕਰੇਗਾ। ਗੁਰਦੁਆਰਾ ਪ੍ਰਬੰਧਾਂ ਵਿਚ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਨੂੰ ਪ੍ਰਭਾਵੀ ਬਣਾਏ ਜਾਣ ਦੀ ਸਖ਼ਤ ਲੋੜ ਹੈ। ਇਸ ਦੇ ਨਾਲ ਹੀ ਜਿਨ੍ਹਾਂ ਮਸਲਿਆਂ ’ਤੇ ਵਿਵਾਦ ਹੈ, ਉਨ੍ਹਾਂ ਨੂੰ ਸੁਲਝਾਉਣ ਲਈ ਸਿੱਖਿਆ, ਸਮਾਜ, ਮੀਡੀਆ ਅਤੇ ਹੋਰਨਾਂ ਖੇਤਰਾਂ ਅਤੇ ਵਰਗਾਂ ਦੇ ਮਾਹਿਰਾਂ ਨਾਲ ਵਿਚਾਰ-ਚਰਚਾ ਕੀਤੀ ਜਾ ਸਕਦੀ ਹੈ।

ਖ਼ਾਸ ਕਰਕੇ ਸ਼੍ਰੋਮਣੀ ਕਮੇਟੀ ਦੇ ਵਿੱਤੀ ਪ੍ਰਬੰਧਾਂ ਬਾਰੇ ਅਗਾਊਂ ਰੂਪਰੇਖਾ ਤਿਆਰ ਕਰ ਕੇ ਲੋਕਾਂ ਨੂੰ ਜਾਣੂ ਕਰਵਾਏ ਜਾਣ ਦੀ ਤਿਆਰੀ ਕੀਤੀ ਜਾ ਸਕਦੀ ਹੈ। ਇਹੀ ਉਹ ਮਹੱਤਵਪੂਰਨ ਕੜੀ ਹੈ ਜੋ ਪਾਰਟੀ ਦੇ ਅਕਸ ਨੂੰ ਧੱਬਾ ਲਾਉਣ ਅਤੇ ਆਮ ਆਦਮੀ ਦੀ ਸ਼ਰਧਾ ਨੂੰ ਕਮਜ਼ੋਰ ਕਰਨ ਦਾ ਕਾਰਨ ਬਣਦੀ ਹੈ। ਹਲੀਮੀ ਰਾਜ ਅਤੇ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਵਿਵਸਥਾ ਦੀ ਕਾਇਮੀ ਲਈ ਸਭ ਵਰਗਾਂ ਤੋਂ ਸੁਝਾਅ ਮੰਗੇ ਜਾ ਸਕਦੇ ਹਨ।

ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਵੱਲੋਂ ਸਭ ਧਿਰਾਂ ਨੂੰ ਪੰਜਾਬ ਅਤੇ ਪੰਥ ਦੇ ਵਡੇਰੇ ਹਿੱਤਾਂ ਲਈ ਕੀਤੀ ਗਈ ਅਪੀਲ ਦਾ ਸਭ ਵਰਗਾਂ ਦੇ ਨਾਲ-ਨਾਲ ਧਾਰਮਿਕ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ। ਉਨ੍ਹਾਂ ਨੇ ਅਕਾਲ ਤਖ਼ਤ ਵੱਲੋਂ ਲਏ ਗਏ ਹੁਣ ਤੱਕ ਦੇ ਫ਼ੈਸਲਿਆਂ ਨੂੰ ਅਮਲੀ ਰੂਪ ਵਿਚ ਲਾਗੂ ਕਰਾਉਣ ਅਤੇ ਰਾਜਸੀ ਤੌਰ ’ਤੇ ਸਮਰੱਥਾ ਹਾਸਲ ਕਰਨ ਹਿੱਤ ਸਭ ਧਿਰਾਂ ਨੂੰ ਇਕੱਠਾ ਹੋਣ ਦਾ ਹੋਕਾ ਦਿੱਤਾ ਹੈ।

ਜਦੋਂ ਪੰਥਕ ਧਿਰਾਂ ਛੋਟੇ-ਛੋਟੇ ਸਮੂਹਾਂ ਜਾਂ ਟੁਕੜਿਆਂ ਵਿਚ ਵੰਡ ਹੋ ਕੇ ਵਿਚਰ ਰਹੀਆਂ ਹੋਣ ਤਾਂ ਏਕਤਾ ਦੀ ਅਜਿਹੀ ਅਪੀਲ ਹੋਰ ਵੀ ਵਧੇਰੇ ਪ੍ਰਸੰਗਿਕ ਹੋ ਜਾਂਦੀ ਹੈ। ਖਲੀਲ ਜਿਬਰਾਨ ਦਾ ਇਹ ਕਹਿਣਾ ਅੱਜ ਦੀ ਸਥਿਤੀ ’ਤੇ ਖ਼ੂਬ ਢੁੱਕਦਾ ਹੈ ਕਿ ‘ਉਸ ਕੌਮ ਦੀ ਹਾਲਤ ਤਰਸਯੋਗ ਹੋਣ ਵਿਚ ਬਹੁਤੀ ਦੇਰ ਨਹੀਂ ਲੱਗਦੀ ਜਿਹੜੀ ਕਈ ਟੁਕੜਿਆਂ ਵਿਚ ਵੰਡੀ ਹੋਵੇ ਅਤੇ ਹਰੇਕ ਟੁਕੜਾ ਆਪਣੇ-ਆਪ ਨੂੰ ਕੌਮ ਸਮਝੀ ਬੈਠਾ ਹੋਵੇ’। ਪੰਥਕ ਏਕਤਾ ਦੀ ਅਪੀਲ ਨੇ ਪੰਜਾਬ ਵਾਸੀਆਂ ਵਿਚ ਇਕ ਆਸ ਪੈਦਾ ਕੀਤੀ ਹੈ ਜਿਸ ਪ੍ਰਤੀ ਕੁਝ ਧਿਰਾਂ ਨੇ ਹਾਂ-ਪੱਖੀ ਹੁੰਗਾਰਾ ਵੀ ਭਰਿਆ ਹੈ। ਆਉਣ ਵਾਲੇ ਦਿਨਾਂ ਵਿਚ ਸ਼ਾਇਦ ਕੁਝ ਹੋਰ ਧਿਰਾਂ ਵੀ ਇਸ ਮਾਮਲੇ ਵਿਚ ਵੱਡਾ ਦਿਲ ਕਰ ਕੇ ਅੱਗੇ ਆਉਣ।

ਕੁਝ ਉਹ ਮਸਲੇ ਹਨ ਜਿਨ੍ਹਾਂ ਦੇ ਹੱਲ ਹੋਣ ਦੀ ਉਮੀਦ ਜਨਤਾ ਭਾਵੇਂ ਛੱਡ ਚੁੱਕੀ ਹੈ ਪਰ ਜੇਕਰ ਨਵਾਂ ਦਲ ਜਾਂ ਕੋਈ ਵੀ ਹੋਰ ਪਾਰਟੀ ਇਨ੍ਹਾਂ ਦੇ ਹੱਲ ਲਈ ਕੋਈ ਠੋਸ ਯੋਜਨਾ ਉਲੀਕਦੀ ਹੈ ਤਾਂ ਨਿਸ਼ਚਤ ਰੂਪ ਵਿਚ ਪੰਜਾਬੀਆਂ ਦੇ ਦਿਲ ਜਿੱਤਣ ਵਾਲੀ ਗੱਲ ਹੋਵੇਗੀ। ਪੰਜਾਬ ਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ, ਪੰਜਾਬੀ ਭਾਸ਼ਾ, ਧਰਮ ਪਰਿਵਰਤਨ, ਬੇਰੁਜ਼ਗਾਰੀ, ਗ਼ਰੀਬੀ, ਸਮਾਜਿਕ ਅਸਾਵਾਂਪਣ, ਡੂੰਘਾ ਹੋ ਰਿਹਾ ਧਰਤੀ ਹੇਠਲਾ ਪਾਣੀ, ਸੂਬੇ ਦੇ ਸਰੋਤਾਂ ਦੀ ਦੁਰਵਰਤੋਂ, ਵਪਾਰ ਵਿਚ ਆਈ ਖੜੋਤ, ਸੋਕੇ ਜਾਂ ਡੋਬੇ ਦੀ ਮਾਰ ਝੱਲ ਰਹੇ ਲੋਕ, ਉਦਯੋਗਾਂ ਦੀ ਹਿਜਰਤ ਆਦਿ ਕਿੰਨੇ ਹੀ ਮਸਲੇ ਹਨ ਜਿਨ੍ਹਾਂ ਦੇ ਹੱਲ ਪ੍ਰਤੀ ਲੋਕ ਹੁਣ ਗੱਲ ਕਰਨੀ ਘੱਟ ਪਸੰਦ ਕਰਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਉਹ ਜਾਣਦੇ ਹਨ ਕਿ ਰਾਜਸੀ ਆਗੂ ਜਿਨ੍ਹਾਂ ਦੀ ਜ਼ਿੰਮੇਵਾਰੀ ਇਹ ਮਸਲੇ ਹੱਲ ਕਰਨ ਦੀ ਹੈ, ਉਨ੍ਹਾਂ ਦੇ ਭਾਸ਼ਣ ਤਾਂ ਵਿਰੋਧੀਆਂ ’ਤੇ ਦੂਸ਼ਣ ਲਾਉਣ ਤੋਂ ਸ਼ੁਰੂ ਹੋ ਕੇ ਸੱਤਾ ਵਿਚ ਆਉਣ ’ਤੇ ਅੰਦਰ ਸੁੱਟ ਦੇਣ ਦੀ ਧਮਕੀ ਨਾਲ ਖ਼ਤਮ ਹੋ ਜਾਂਦੇ ਹਨ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਰਣਜੀਤ ਕੰਦੋਲਾ | (9) ਕੁਲਦੀਪ ਸਿੰਘ ਅਟਵਾਲ | (17) ਪ੍ਰੋ. ਜਸਪਾਲ ਸਿੰਘ ਸੈਣੀ |
| (2) ਅਵਤਾਰ ਸਿੰਘ ਸਹੋਤਾ | (10) ਸੁਰਜੀਤ ਸਿੰਘ ਅਟਵਾਲ | (18) ਜਸਵੀਰ ਸਿੰਘ ਤੱਖਰ |
| (3) ਇੰਦਰਜੀਤ ਸਿੰਘ, ਹੇਵਰਡ | (11) ਭੁਪਿੰਦਰ ਸਿੰਘ ਪਦਮ | (19) ਸੁਖਵਿੰਦਰ ਭੇਲਾ |
| (4) ਜਸਵੀਰ ਸਿੰਘ ਕੁਲਾਰ | (12) ਡਾ. ਹਰਮੇਸ਼ ਕੁਮਾਰ | (20) ਰਵਿੰਦਰ ਪਾਲ |
| (5) ਗੁਰਚਰਨ ਸਿੰਘ ਮਾਨ | (13) ਸੁਰਿੰਦਰ ਸਿੰਘ ਧਨੋਆ | (21) ਅਟਾਰਨੀ ਤਨਵੀਰ ਜੋਸ਼ੀ |
| (6) ਡਾ. ਚਰਨਜੀਤ ਸਿੰਘ ਉਪਲ | (14) ਕਸ਼ਮੀਰ ਸਿੰਘ ਧੁੱਗਾ | (22) ਰੋਜ਼ੀ ਕਮਲ ਕੌਰ |
| (7) ਪਰਮਪਾਲ ਸਿੰਘ | (15) ਬਲਦੇਵ ਸਿੰਘ ਮਾਨ | (23) ਦਵਿੰਦਰ ਸਿੰਘ ਪਾਬਲਾ |
| (8) ਸ. ਮਹਿੰਗਾ ਸਿੰਘ ਸਰਪੰਚ | (16) ਰਾਜ ਬਡਵਾਲ | |

# ਟਰੰਪ ਸਾਹਿਬ ਹੁਣ ਫਿਰ ਚੀਨ ਦੁਆਲੇ ਹੋਣਗੇ?

ਅਮਰੀਕਾ ਨੇ ਚੀਨ ਤੋਂ ਦਰਾਮਦਸ਼ੁਦਾ ਸਾਰੇ ਉਤਪਾਦਾਂ 'ਤੇ 100 ਫ਼ੀਸਦ ਟੈਰਿਫ ਲਾਉਣ ਦਾ ਐਲਾਨ ਕੀਤਾ ਹੈ ਤੇ ਇਸ 'ਤੇ ਚੀਨ ਦਾ ਵੀ ਪ੍ਰਤੀਕਰਮ ਆ ਰਿਹਾ ਹੈ। ਟਰੰਪ ਨੇ ਪਹਿਲੀ ਨਵੰਬਰ ਤੋਂ ਇਹ ਟੈਰਿਫ ਚੀਨ 'ਤੇ ਲਾਗੂ ਕਰਨ ਲਈ ਕਿਹਾ ਹੈ। ਅਮਰੀਕੀ ਰਾਸ਼ਟਰਪਤੀ ਨੇ ਦਾਅਵਾ ਕੀਤਾ ਸੀ ਕਿ ਚੀਨ ਆਪਣੇ ਵਪਾਰ ਰਾਹੀਂ ਸਾਰੇ ਮੁਲਕਾਂ ਨੂੰ ਬੰਧਕ ਬਣਾਉਣ 'ਚ ਲੱਗਾ ਹੋਇਆ ਹੈ। ਚੀਨ 'ਤੇ ਟਰੰਪ ਵੱਲੋਂ ਜੋ 100 ਫ਼ੀਸਦ ਟੈਰਿਫ ਦਾ ਐਲਾਨ ਕੀਤਾ ਗਿਆ ਹੈ, ਇਹ



ਪਹਿਲਾਂ ਤੋਂ ਹੀ ਲਾਗੂ 30 ਫ਼ੀਸਦ ਟੈਰਿਫ ਤੋਂ ਵੱਖਰੇ ਤੌਰ 'ਤੇ ਲਗਾਇਆ ਜਾ ਰਿਹਾ ਹੈ।

ਇਸ ਦੇ ਜਵਾਬ 'ਚ ਚੀਨ ਨੇ ਕਿਹਾ ਹੈ ਕਿ ਅਮਰੀਕਾ ਦਾ ਇਹ ਕਦਮ ਸਹੀ ਨਹੀਂ ਹੈ•। ਦੋਵਾਂ ਮੁਲਕਾਂ ਵਿਚਾਲੇ ਲੰਬੀ-ਚੌੜੀ ਕਾਰੋਬਾਰੀ ਸਾਂਝੇਦਾਰੀ ਹੈ। ਇਸ ਨਵੇਂ ਟੈਰਿਫ ਕਾਰਨ ਚੀਨ ਤੇ ਅਮਰੀਕਾ ਵਿਚਕਾਰ ਵਪਾਰ ਯੁੱਧ ਛਿੜਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਚੀਨ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥ-ਵਿਵਸਥਾ ਮੰਨੀ ਜਾਂਦੀ ਹੈ। ਅਮਰੀਕਾ ਤੇ ਚੀਨ ਵਿਚਾਲੇ ਜੇ ਇਸ ਟੈਰਿਫ ਤੋਂ ਬਾਅਦ ਤਣਾਅ ਪੈਦਾ ਹੁੰਦਾ ਹੈ ਤਾਂ ਇਸ ਦਾ ਅਸਰ ਹੋਰ ਮੁਲਕਾਂ ਦੇ ਅਰਥਚਾਰਿਆਂ ਨੂੰ ਵੀ ਝੱਲਣਾ ਪੈ ਸਕਦਾ ਹੈ। ਇਕ ਰਿਪੋਰਟ ਮੁਤਾਬਕ 2022 'ਚ ਅਮਰੀਕਾ ਤੇ ਚੀਨ ਦਾ ਵਪਾਰ 758।4 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ ਤੇ ਚੀਨ ਤੋਂ ਅਮਰੀਕਾ 536।8 ਬਿਲੀਅਨ ਡਾਲਰ ਦੀ ਦਰਾਮਦ ਤੇ 121।7 ਬਿਲੀਅਨ ਡਾਲਰ ਦੀਆਂ ਵਸਤਾਂ ਦੀ ਬਰਾਮਦ ਕਰਦਾ ਹੈ। ਇਹ ਅੰਕੜੇ ਹਰ ਸਾਲ ਬਦਲਦੇ ਹਨ।

ਇਸ 'ਚ ਬਦਲਾਅ ਦੇ ਕਾਰਨ ਟੈਰਿਫ ਤੋਂ ਇਲਾਵਾ ਆਲਮੀ ਸਪਲਾਈ ਤੇ ਰਾਜਨੀਤਕ ਤਣਾਅ ਹਨ। ਅਮਰੀਕਾ ਚੀਨ ਤੋਂ ਇਲੈਕਟ੍ਰਾਨਿਕਸ (ਫੋਨ, ਕੰਪਿਊਟਰ, ਟੀਵੀ), ਮਸ਼ੀਨਰੀ, ਫਰਨੀਚਰ, ਖਿਡੌਣੇ, ਕੱਪੜੇ, ਪਲਾਸਟਿਕ ਅਤੇ ਰਬੜ ਉਤਪਾਦਾਂ ਤੋਂ ਇਲਾਵਾ ਉਦਯੋਗਾਂ 'ਚ ਵਰਤਣ ਵਾਲਾ ਸਾਮਾਨ ਖ਼ਰੀਦਦਾ ਹੈ। ਚੀਨ ਤੋਂ ਬਾਕੀ ਮੁਲਕ ਵੀ ਇਨ੍ਹਾਂ ਚੀਜ਼ਾਂ ਦੀ ਵੱਡੇ ਪੱਧਰ 'ਤੇ ਖ਼ਰੀਦਦਾਰੀ ਕਰਦੇ ਹਨ। ਜੇਕਰ ਦੋਵੇਂ ਮੁਲਕ ਇਕ-ਦੂਜੇ ਨੂੰ ਟੈਰਿਫ ਰਾਹੀਂ ਜਵਾਬ ਦਿੰਦੇ ਹਨ ਤਾਂ ਇਸ ਦਾ ਅਸਰ ਉਨ੍ਹਾਂ ਦੇ ਆਪਸੀ ਵਪਾਰ 'ਤੇ ਤਾਂ ਪਵੇਗਾ ਹੀ, ਹੋਰ ਮੁਲਕਾਂ ਲਈ ਵੀ ਇਹ ਰੁਝਾਨ ਨੁਕਸਾਨਦਾਇਕ ਹੋਵੇਗਾ ਤੇ ਆਲਮੀ ਪੱਧਰ 'ਤੇ ਮੰਦੀ ਵੀ ਆ ਸਕਦੀ ਹੈ। ਚੀਨ ਤੇ ਅਮਰੀਕਾ ਵਿਚਾਲੇ ਪੈਦਾ ਹੋਇਆ ਵਪਾਰਕ ਤਣਾਅ ਗਲੋਬਲ ਸਪਲਾਈ ਚੇਨ, ਸਟਾਕ ਮਾਰਕੀਟ ਅਤੇ ਆਰਥਿਕ ਵਿਕਾਸ ਨੂੰ ਵੀ ਵੱਡੀ ਢਾਹ ਲਾਉਂਦਾ ਹੈ। ਚੀਨ ਨੇ ਟਰੰਪ ਦੇ ਇਸ ਵਾਧੂ ਟੈਰਿਫ ਨੂੰ ਪਾਖੰਡ ਦੱਸਿਆ ਹੈ ਤੇ ਇਹ ਵੀ ਕਿਹਾ ਹੈ ਕਿ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਚੀਨ ਦੇ ਵਣਜ ਮੰਤਰਾਲੇ ਨੇ ਸਪਸ਼ਟ ਕਿਹਾ ਹੈ ਕਿ ਅਸੀਂ ਟੈਰਿਫ ਯੁੱਧ ਨਹੀਂ ਚਾਹੁੰਦੇ ਪਰ ਇਸ ਦਾ ਇਹ ਮਤਲਬ ਵੀ ਨਾ ਕੱਢਿਆ ਜਾਵੇ ਅਸੀਂ ਇਸ ਤੋਂ ਡਰ ਜਾਵਾਂਗੇ। ਦੋਵਾਂ ਦੇਸ਼ਾਂ ਵਿਚਾਲੇ ਸਵਿਟਜ਼ਰਲੈਂਡ ਤੇ ਯੂਕੇ 'ਚ ਟੈਰਿਫ ਘਟਾਉਣ ਲਈ ਗੱਲਬਾਤ ਵੀ ਹੋਈ ਹੈ ਪਰ ਫਿਰ ਵੀ ਇਹ ਤਣਾਅ ਬਰਕਰਾਰ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਚੀਨ 'ਤੇ 1 ਨਵੰਬਰ ਤੋਂ ਵਾਧੂ 100 ਫ਼ੀਸਦ ਟੈਰਿਫ ਲਗਾਉਣ ਦੇ ਐਲਾਨ ਨਾਲ ਇਹ ਦਾਅਵਾ ਕੀਤਾ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਇਹ ਕਦਮ ਦੁਰਲਭ ਧਾਤਾਂ ਦੇ ਨਿਰਯਾਤ 'ਤੇ ਚੀਨ ਦੀਆਂ ਨਵੀਆਂ ਪਾਬੰਦੀਆਂ ਦੇ ਜਵਾਬ 'ਚ ਚੁੱਕਿਆ ਹੈ। ਹੁਣ ਜੇ ਚੀਨ 'ਤੇ ਅਮਰੀਕਾ ਦਾ ਇਹ ਟੈਰਿਫ ਲਾਗੂ ਹੋ ਜਾਂਦਾ ਹੈ ਤਾਂ ਚੀਨ 'ਤੇ ਵਾਧੂ ਬੋਝ ਪੈਣਾ ਤੈਅ ਹੈ। ਪਿਛਲੇ ਲੰਬੇ ਸਮੇਂ ਤੋਂ ਅਮਰੀਕੀ ਰਾਸ਼ਟਰਪਤੀ ਅਜਿਹੇ ਟੈਰਿਫਾਂ ਰਾਹੀਂ ਭਾਰਤ, ਮੈਕਸੀਕੋ ਤੇ ਹੋਰ ਮੁਲਕਾਂ 'ਤੇ ਦਬਾਅ ਪਾਉਣ ਦੀਆਂ ਕੋਸ਼ਿਸ਼ਾਂ ਕਰ ਚੁੱਕੇ ਹਨ। ਇਸ ਦਾ ਵੱਡੇ ਪੱਧਰ 'ਤੇ ਵਿਰੋਧ ਵੀ ਹੋ ਰਿਹਾ ਹੈ। ਟਰੰਪ ਪ੍ਰਸ਼ਾਸਨ ਨੂੰ ਦੂਜੇ ਮੁਲਕਾਂ ਖ਼ਿਲਾਫ਼ ਆਪਣੀ ਵਪਾਰਕ ਰਣਨੀਤੀ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।

# ਆਪਣੀ ਪੰਜਾਬੀ ਭਾਸ਼ਾ ਤੋਂ ਕਦੀ ਬੇਮੁੱਖ ਨਾ ਹੋਇਓ

**ਗੁਰਜਤਿੰਦਰਪਾਲ ਸਿੰਘ**

ਪੰਜਾਬ ਵਿਚ ਬਹੁਤੇ ਲੋਕ ਪੰਜਾਬੀ ਬੋਲੀ ਨੂੰ ਜ਼ਿਆਦਾ ਅਹਿਮੀਅਤ ਨਾ ਦੇ ਕੇ ਹਿੰਦੀ ਅਤੇ ਅੰਗਰੇਜ਼ੀ ਨੂੰ ਵੱਧ ਤਰਜੀਹ ਦਿੰਦੇ ਹਨ। ਪੰਜਾਬੀ ਭਾਸ਼ਾ ਇਕ ਮਿੱਠੀ ਬੋਲੀ ਹੈ ਤੇ ਸਾਨੂੰ ਇਸ 'ਤੇ ਮਾਣ ਹੋਣਾ ਚਾਹੀਦਾ ਹੈ। ਗਲੋਬਲਾਈਜ਼ੇਸ਼ਨ ਅਤੇ ਪੱਛਮ ਦੀ ਨਕਲ ਜਾਂ ਪ੍ਰਭਾਵਾਂ ਨੇ ਸਾਡੇ ਪੰਜਾਬੀ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲੋਂ ਕੱਟਣਾ ਸ਼ੁਰੂ ਕਰ ਦਿੱਤਾ ਹੈ। ਅੱਜ ਲਗਪਗ ਸਭ ਪੰਜਾਬੀ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਵਿਚ ਗੱਲ




ਕਰਨ 'ਚ ਫ਼ਖ਼ਰ ਮਹਿਸੂਸ ਕਰਦੇ ਹਨ। ਜਿੱਥੇ ਮਰਜ਼ੀ ਵੇਖ ਲ , ਕੋਈ ਵੀ ਭਾਸ਼ਣ ਦੇਣ ਸਮੇਂ ਪੰਜਾਬੀ ਵਿਚ ਸ਼ੁਰੂ ਕੀਤਾ ਜਾਂਦਾ ਹੈ ਤੇ ਵਿਚ-ਵਿਚਾਲੇ ਅੰਗਰੇਜ਼ੀ ਬੋਲੀ ਜਾਂਦੀ ਹੈ। ਜਿੱਥੇ ਅੰਗਰੇਜ਼ੀ ਵਿਚ ਬ੍ਰੇਕ ਲੱਗ ਜਾਂਦੀ ਹੈ, ਉੱਥੇ ਫਿਰ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਸ਼ੁਰੂ ਕਰ ਲਈ ਜਾਂਦੀ ਹੈ। ਕਈ ਤਾਂ ਅਜਿਹੇ ਵੀ ਹਨ ਜੋ ਪੰਜਾਬੀ ਵਿਚ ਬੋਲਦੇ-ਬੋਲਦੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਵੀ ਕਰਦੇ ਹਨ।

ਕਹਿਣ ਦਾ ਭਾਵ ਇਹ ਹੈ ਕਿ ਕੋਈ ਵੀ ਭਾਸ਼ਾ ਪੂਰੀ ਨਹੀਂ ਬੋਲੀ ਜਾਂਦੀ। ਅੱਜ ਪੰਜਾਬੀ ਲਿਖਣ ਅਤੇ ਪੜ੍ਹਨ ਦੀ ਸਮਰੱਥਾ ਘਟ ਰਹੀ ਹੈ। ਇਹ ਸਥਿਤੀ ਸਿਰਫ਼ ਭਾਸ਼ਾ ਲਈ ਹੀ ਨਹੀਂ, ਪੂਰੇ ਸੱਭਿਆਚਾਰ ਲਈ ਖ਼ਤਰੇ ਦੀ ਘੰਟੀ ਹੈ। ਪੰਜਾਬੀ ਸੱਭਿਆਚਾਰ ਦੀ ਖ਼ਾਸੀਅਤ ਸਾਦਗੀ, ਭਾਈਚਾਰਾ ਅਤੇ ਪਿਆਰ ਹੈ। ਚਾਹੇ ਲੋਕ ਗੀਤ ਹੋਣ, ਭੰਗੜਾ ਹੋਵੇ ਜਾਂ ਗਿੱਧਾ, ਪੰਜਾਬੀ ਕਵਿਤਾ ਹੋਵੇ ਜਾਂ ਗੁਰਮਤਿ ਸੰਗੀਤ, ਹਰ ਰੂਪ ਸਾਡੇ ਜੀਵਨ 'ਤੇ ਅਸਰ ਕਰਦਾ ਹੈ ਪਰ ਅੰਗਰੇਜ਼ੀ ਦਾ ਪ੍ਰਭਾਵ ਵਧਣ ਕਰਕੇ ਸਾਡੀ ਮਾਂ-ਬੋਲੀ ਦੀ ਮਿਠਾਸ ਕੁਝ ਫਿੱਕੀ ਪੈਣ ਲੱਗੀ ਹੈ। ਅੱਜ ਜ਼ਿਆਦਾਤਰ ਨੌਜਵਾਨ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਰੁਖ ਕਰ ਰਹੇ ਹਨ ਤੇ ਉਨ੍ਹਾਂ ਦਾ ਆਪਣੀ ਮਿੱਟੀ ਨਾਲੋਂ ਮੋਹ ਘਟਦਾ ਜਾ ਰਿਹਾ ਹੈ। ਵਿਦੇਸ਼ਾਂ ਵਿਚ ਉਨ੍ਹਾਂ ਨੂੰ ਪੰਜਾਬੀ ਬੋਲੀ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ ਤੇ ਵੱਖ-ਵੱਖ ਸਮਿਆਂ 'ਤੇ ਆਪਣੀ ਬੋਲੀ, ਸੱਭਿਆਚਾਰ ਨੂੰ ਯਾਦ ਕਰ ਕੇ ਭਾਵਕ ਜ਼ਰੂਰ ਹੁੰਦੇ ਹਨ।

ਜੇ ਹਰ ਵਿਅਕਤੀ ਹਫ਼ਤੇ ਵਿਚ ਚਾਹੇ ਕੁਝ ਸਮੇਂ ਲਈ ਹੀ ਪੰਜਾਬੀ ਪੜ੍ਹੇ ਅਤੇ ਲਿਖੇ ਜਾਂ ਸੁਣੇ ਤਾਂ ਸਾਡੀ ਮਾਂ-ਬੋਲੀ ਫਿੱਕੀ ਨਹੀਂ ਪਵੇਗੀ। ਪੰਜਾਬੀ ਦੀ ਰੱਖਿਆ ਲਈ ਕਦਮ ਚੁੱਕਣੇ ਜ਼ਰੂਰੀ ਹਨ ਜਿਵੇਂ ਕਿ ਬੱਚਿਆਂ ਨੂੰ ਪੰਜਾਬੀ ਵਿਚ ਗੱਲਬਾਤ ਕਰਨੀ ਸਿਖਾਉਣੀ, ਉਨ੍ਹਾਂ ਨੂੰ ਸਕੂਲਾਂ, ਕਾਲਜਾਂ ਵਿਚ ਪੰਜਾਬੀ ਸਾਹਿਤ ਚੰਗੀ ਤਰ੍ਹਾਂ ਪੜ੍ਹਾਉਣਾ। ਪੰਜਾਬੀ ਦਾ ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰਨਾ ਬੇਹੱਦ ਜ਼ਰੂਰੀ ਹੈ।

ਸਕੂਲਾਂ-ਕਾਲਜਾਂ ਵਿਚ ਪੰਜਾਬੀ ਦਿਵਸ ਮਨਾਉਣਾ ਚਾਹੀਦਾ ਹੈ ਤੇ ਸਕੂਲਾਂ 'ਚ ਬੱਚਿਆਂ ਨੂੰ ਅਖ਼ਬਾਰਾਂ ਪੜ੍ਹਨ ਦੀ ਚੇਟਕ ਲਾਉਣੀ ਚਾਹੀਦੀ ਹੈ।

ਉਨ੍ਹਾਂ ਲਈ ਸਿਹਾਰੀ-ਬਿਹਾਰੀ, ਕੰਨਾ, ਬਿੰਦੀ ਤੇ ਟਿੱਪੀ ਆਦਿ ਸਾਰੀਆਂ ਮਾਤਰਾਵਾਂ ਦੀ ਪਛਾਣ ਜ਼ਰੂਰੀ ਹੈ। ਜੇ ਸਾਡੀ ਮਾਤ ਭਾਸ਼ਾ ਹੀ ਸ਼ੁੱਧ ਨਹੀਂ ਹੈ ਤਾਂ ਇਸ ਤੋਂ ਮਾੜਾ ਪੰਜਾਬ ਲਈ ਕੁਝ ਨਹੀਂ ਹੈ।

ਆ ! ਅਸੀਂ ਸਾਰੇ ਪੰਜਾਬੀ ਨੂੰ ਸਹੀ ਬੋਲ, ਲਿਖ ਤੇ ਪੜ੍ਹ ਕੇ ਉਸ ਦਾ ਮਾਣ ਵਧਾਈਏ।ਇਹ ਗੱਲ ਚੇਤੇ ਰੱਖੋ, ਜੋ ਕੌਮਾਂ ਆਪਣੀ ਮਾਂ-ਬੋਲੀ ਨੂੰ ਭੁੱਲ ਜਾਂਦੀਆਂ ਹਨ, ਉਹ ਕੱਖਾਂ ਵਾਂਗ ਰੁਲ ਜਾਂਦੀਆਂ ਹਨ।




'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771 shaadi@pardestimes.com**

### ਲੜਕੀ ਦੀ ਲੋੜ

ਗੁਰਸਿੱਖ ਰਾਮਗੜ੍ਹੀਆ ਲੜਕਾ ਦਿਲਸ਼ੇਰ ਸਿੰਘ (SAHNS), ਜਨਮ ਸਤੰਬਰ 1994, ਨਾਨਕਿਆਂ ਦਾ ਗੋਤ ਮਠਾਰੂ, ਕੱਦ 5 ਫੁੱਟ 10 ਇੰਚ, ਅਮਰੀਕੀ ਨਾਗਰਿਕ, BACHELOR OR SCIENCE IN MECHANICAL ENGINEERING MANAGEME ਦੀ ਸਿੱਖਿਆ ਪ੍ਰਾਪਤ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ: singhkulwant4434@yahoo.com

### ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Bio-chemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

### ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 510-434-4263

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)

# ਹੰਕਾਰ ਕਰ ਦਿੰਦਾ ਮਨੁੱਖ ਦੇ ਵੱਡੇ ਨੁਕਸਾਨ

**ਪਾਰੁਲ ਹਰਸ਼ ਬਾਂਸਲ**

ਹੰਕਾਰ ਉਹ ਗੁਣ ਹੈ ਜੋ ਵਿਅਕਤੀ ਨੂੰ ਆਤਮ-ਕੇਂਦਰਿਤ ਕਰ ਦਿੰਦਾ ਹੈ। ਹੰਕਾਰੀ ਵਿਅਕਤੀ ਸੋਚਦਾ ਹੈ ਕਿ ਉਸ ਤੋਂ ਵੱਧ ਗਿਆਨਵਾਨ, ਧਰਮਾਤਮਾ ਅਤੇ ਸ਼ਕਤੀਸ਼ਾਲੀ ਕੋਈ ਨਹੀਂ। ਇਹ ਭਾਵ ਦਿਨ-ਬ-ਦਿਨ ਜਿੰਨਾ ਮਜ਼ਬੂਤ ਹੁੰਦਾ ਜਾਂਦਾ ਹੈ, ਵਿਅਕਤੀ ਨਾ ਹੀ ਆਪਣੇ ਆਪ ਵਿਚ ਮਗਨ ਹੁੰਦਾ ਜਾਂਦਾ ਹੈ। ਜਦੋਂ ਇਹ ਨਸ਼ਾ ਦਿਮਾਗ ਨੂੰ ਚੜ੍ਹ ਜਾਂਦਾ ਹੈ




ਤਦ ਉਹ ਘੋਰ ਹੰਕਾਰੀ ਦੀ ਸ਼੍ਰੇਣੀ 'ਚ ਪਹੁੰਚ ਜਾਂਦਾ ਹੈ ਅਤੇ ਆਪਣੇ ਸਰਬਨਾਸ਼ ਦਾ ਸਭ ਤੋਂ ਵੱਡਾ ਕਾਰਨ ਵੀ ਬਣ ਜਾਂਦਾ ਹੈ। ਹੰਕਾਰੀ ਵਿਅਕਤੀ ਸਦਾ ਆਪਣੇ-ਆਪ ਨੂੰ ਸਭ ਤੋਂ ਵਧੀਆ ਅਤੇ ਆਪਣੇ ਦੁਆਰਾ ਕੀਤੇ ਗਏ ਕੰਮਾਂ ਨੂੰ ਸ੍ਰੇਸ਼ਠ ਮੰਨਦਾ ਹੈ, ਇਸ ਲਈ ਉਹ ਸਦਾ ਦੂਜਿਆਂ ਦੇ ਅਨੁਭਵ ਤੋਂ ਵਿਰਵਾ ਰਹਿ ਜਾਂਦਾ ਹੈ। ਹੰਕਾਰ ਉਹ ਔਗੁਣ ਹੈ ਜੋ ਵਿਅਕਤੀ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਉਂਦਾ ਹੈ। ਨਫ਼ਰਤ, ਸੰਦੇਹ, ਅਪਰਾਧਬੋਧ ਅਤੇ ਨਕਾਰਾਪਣ ਵਿਅਕਤੀ ਦੇ ਪੈਰਾਂ 'ਚ ਬੇੜੀਆਂ ਵਾਂਗ ਪੈ ਜਾਂਦੇ ਹਨ। ਇਨ੍ਹਾਂ ਦੋਸ਼ਾਂ ਵਿਚ ਲਿਪਤ ਵਿਅਕਤੀ ਹੰਕਾਰੀ ਬਣ ਜਾਂਦਾ ਹੈ। ਹੰਕਾਰ ਜੀਵਨ ਦਾ ਇਕ ਵੱਡਾ ਨਾਸੂਰ ਸਾਬਿਤ ਹੁੰਦਾ ਹੈ। ਇਹ ਬੁੱਧੀ ਨੂੰ ਭ੍ਰਿਸ਼ਟ ਕਰ ਦਿੰਦਾ ਹੈ ਅਤੇ ਕੌੜੀਆਂ ਸੱਚਾਈਆਂ ਤੋਂ ਬੇਮੁੱਖ ਕਰ ਦਿੰਦਾ ਹੈ।

ਇਸ ਦਾ ਪਰਛਾਵਾਂ ਜਦੋਂ ਵੀ ਕਿਸੇ ਗਿਆਨਵਾਨ ਜਾਂ ਅਗਿਆਨੀ 'ਤੇ ਪੈਂਦਾ ਹੈ, ਉਹ ਆਪਣੇ-ਆਪ ਨੂੰ ਬਰਬਾਦ ਕਰ ਲੈਂਦਾ ਹੈ। ਇਸ ਦੀ ਜਿਉਂਦੀ-ਜਾਗਦੀ ਉਦਾਹਰਨ ਸਾਡੇ ਪੁਰਾਣਾਂ ਵਿਚ ਮਿਲਦੀ ਹੈ। ਮਹਾਦੇਵ ਦਾ ਭਗਤ, ਵਿਦਵਾਨ ਅਤੇ ਸ਼ਕਤੀਸ਼ਾਲੀ ਦਾਨਵ ਰਾਜਾ ਰਾਵਣ ਵੀ ਹੰਕਾਰ ਕਾਰਨ ਪਾਪ ਦਾ ਭਾਗੀਦਾਰ ਬਣਿਆ।

ਜਿੱਥੇ ਸੁਗਮਤਾ, ਸਾਦਗੀ, ਰੂਹਾਨੀਅਤ ਅਤੇ ਅਪਣੱਤ ਦੀ ਘਾਟ ਹੈ, ਉੱਥੇ ਹੀ ਹੰਕਾਰ ਹੈ। ਹੰਕਾਰ ਨੂੰ ਤੋੜਨ ਲਈ ਇਨ੍ਹਾਂ ਭਾਵਾਂ ਨੂੰ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ। ਵਿਅਕਤੀ ਨੂੰ ਸਦਾ ਤਿਆਗ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ। ਨਾਲ ਹੀ ਮਨ ਵਿਚ ਇਹ ਭਾਵ ਰੱਖਣਾ ਚਾਹੀਦਾ ਹੈ ਕਿ ਮੈਂ ਪ੍ਰਭੂ ਵੱਲੋਂ ਭੇਜਿਆ ਗਿਆ ਇਕ ਜ਼ਰੀਆ ਮਾਤਰ ਹਾਂ, ਕਰਤਾ ਨਹੀਂ ਹਾਂ।

ਜੋ ਕੁਝ ਵੀ ਹੋ ਰਿਹਾ ਹੈ, ਸਭ ਕੁਝ ਪ੍ਰਭੂ ਹੀ ਕਰ ਰਹੇ ਹਨ। ਜਦੋਂ ਇਹ ਸੁਗਮਤਾ ਦਾ ਭਾਵ ਸਾਡੇ ਅੰਦਰ ਆ ਜਾਵੇਗਾ ਤਾਂ ਅਸੀਂ ਹੰਕਾਰ ਤੋਂ ਦੂਰ ਹੋ ਕੇ ਇਕ ਬਾਲਕ ਵਾਂਗ ਨਿਰਸਵਾਰਥ ਅਤੇ ਛਲ ਤੋਂ ਰਹਿਤ ਹੋ ਜਾਵਾਂਗੇ। ਜਦੋਂ ਵਿਅਕਤੀ ਉਤਸ਼ਾਹ, ਨਿਸ਼ਠਾ ਅਤੇ ਚੁਣੌਤੀਆਂ ਨਾਲ ਭਰਪੂਰ ਰਹਿੰਦਾ ਹੈ ਤਾਂ ਹੰਕਾਰ ਲਈ ਕੋਈ ਵੀ ਖ਼ਾਲੀ ਥਾਂ ਮਨ ਵਿਚ ਬਾਕੀ ਬਚਦੀ ਹੀ ਨਹੀਂ ਹੈ।

# CIFFA ਫਿਲਮ ਮੇਲਾ ਟਰੇਸੀ ਦੇ ਗਰੈਂਡ ਸਿਨੇਮਾ ’ਚ























ਟਰੇਸੀ- ਪਿਛਲੇ ਹਫਤੇ ਟਰੇਸੀ ਵਿਚ ਸੀਫਾ ਵੱਲੋਂ ਫਿਲਮਾਂ ਦਾ ਮੇਲਾ ਪਹਿਲੀ ਵਾਰ ਲਾਇਆ ਗਿਆ ਕਿਉਂਕਿ ਟਰੇਸੀ, ਕੈਲੇਫੋਰਨੀਆ ’ਚ ਅੱਜ ਤੱਕ ਕਦੇ ਵੀ ਫਿਲਮੀ ਮੇਲਾ ਨਹੀਂ ਲੱਗਿਆ।

ਇਹ ਸਾਨ ਵਾਕਨ ਕਾਉਂਟੀ ’ਚ ਆਉਂਦਾ ਹੈ। ਸ਼ੁੱਕਰਵਾਰ ਪਹਿਲੇ ਦਿਨ ਚਾਹ-ਪਾਣੀ ਤੇ ਮਿਲਣੀ ਤੋਂ ਮਗਰੋਂ ’ਕਵੀ ਰਾਜ਼’ ਦੀ ਡਾਇਰੈਕਸ਼ਨ ’ਚ ਫਿਲਮ ’ਬੇਅਰਫੁੱਟ ਵਾਰੀਅਰਜ਼’ (Barefoot Warriors) ਦਿਖਾਈ। ਇਹ ਫਿਲਮੀ ਮੇਲੇਦੀ ਸਭ ਤੋਂ ਵੱਧ ਵੇਖਣ ਵਾਲੀ ਫਿਲਮ ਹੈ।

’ਜੇ-ਮਿਨਹਾਸ’ ਇਸ ਫਿਲਮ ਦੇ ਪ੍ਰੋਡਿਊਸਰ ਵੀ ਕੈਲੇਫੋਰਨੀਆ ਆਏ ਹੋਏ ਸਨ।

ਇਹ ਫਿਲਮ ਇੰਗਲਿਸ਼ ’ਚ ਸੀ ਤੇ ਫਿਲਮ ਦੀ ਕਹਾਣੀ ਬਹੁਤ ਹੀ ਸੁਚੱਜੀ ਸੀ। ਇਕ ਅੰਗਰੇਜ਼ ਆਪਣੇ ਕੰਮਕਾਜ ਵਾਸਤੇ ਇਕ ਪਿੰਡ ’ਚ ਆਉਂਦਾ ਹੈ। ਕੰਪਨੀ ਦੇ ਮਾਲਕ ਨੂੰ ਮਿਲਣ ਤੇ ਉਹ ਇਸ ਪਿੰਡ ਦੇ ਲੜਕਿਆਂ ਨੂੰ ਫੁਟਬਾਲ ਖੇਡਦੇ ਵੇਖਦਾ ਹੈ, ਉਥੋਂ ਉਸਦੀ ਮਦਦ ਕਰਨ ਦੀ ਰੁਚੀ ਵਧਦੀ ਹੈ। ਫਿਰ ਕਹਾਣੀ ਅੱਗੇ ਚਲਦੀ ਹੈ, ਇਸ ਫਿਲਮ ’ਚ ਮੁੱਖ ਕਿਰਦਾਰ ਸ਼ਾਨ ਫਾਰਿਸ ਦਾ ਹੈ, ਜੋ ਅਮਰੀਕਨ ਕਲਾਕਾਰ ਹੈ। ਰਾਜਪਾਲ ਯਾਦਵ-ਬਾਲੀਵੁੱਡ ਦਾ ਹਸਾਉਣ ਵਾਲਾ ਕਲਾਕਾਰ, ਕਵੀਰਾਜ਼ ਜੋ ਐਕਟਰ ਡਾਇਰੈਕਟਰ ਹਨ, ਦੀਆਂ ਮੁੱਖ ਕਿਰਦਾਰਾਂ ’ਚ ਹਨ। ਫਿਲਮ ਦੀ ਹੌਲੀ-ਹੌਲੀ ਚੱਲਣ ਦੀ ਚਾਲ ਕਰਕੇ ਇਸ ਫਿਲਮ ਨੂੰ ਹੋਰ ਅੱਗੇ-ਅੱਗੇ ਕੀ ਹੁੰਦਾ, ਵੇਖਣ ਦੀ ਲਾਲਸਾ ਵਧਦੀ ਹੈ।

ਰਾਜਪਾਲ ਯਾਦਵ ਇਕ ਐਸੀ ਅਦਾਕਾਰੀ ਵਿਖਾਉਂਦਾ ਹੈ ਕਿ ਲੋਕ ਹੈਰਾਨ ਰਹਿ ਜਾਣਗੇ ਤੇ ਸ਼ਾਨ-ਫਾਰਿਸ ਬਹੁਤ ਹੀ ਸੁਲਝਿਆ ਹੋਇਆ ਕਲਾਕਾਰ ਹੈ, ਜੋ ਪਹਿਲੀ ਕਤਾਰ ਦੇ ਐਕਟਰਾਂ ’ਚ ਖੜ੍ਹਾ ਦਿਖਾਈ ਦਿੰਦਾ ਹੈ।

ਕਵੀ ਰਾਜ਼ ਨੇਵੀ ਆਪਣੇ ਹਾਵ-ਭਾਵ ਉਹੀ ਇਕ ਫੁਟਬਾਲ ਦੇ ਖਿਡਾਰੀਆਂ ਵਾਲੇ ਦਿਖਾ ਕੇ ਇਸ ਫਿਲਮ ਨੂੰ 300-400 ਦੇ ਕਰੀਬ ਆਏ ਲੋਕਾਂ ਨੂੰ ਹੈਰਾਨ ਕਰਕੇ ਰੱਖ ਦਿੱਤਾ। ਹੋਰ ਫਿਲਮਾਂ ਨੂੰ ਜੇ ਚੰਗੇ ਇਨਾਮਾਂ ਨਾਲ ਲੱਦਿਆ ਗਿਆ ਤਾਂ ਇਹ ਫਿਲਮ ਵੀ ਵਧੀਆ ਕਲਾਕਾਰ ਦਾ ਇਨਾਮ ਜਿੱਤ ਸਕੀ ਹੈ। ਰਾਜਪਾਲ ਯਾਦਵ ਨੂੰ ਸਭ ਤੋਂ ਚੰਗਾ ਕਲਾਕਾਰ ਦਾ ਸਰਟੀਫਿਕੇਟ (ਇਨਾਮ) ਦਿੱਤਾ ਗਿਆ। ਅਸੀਂ ਸਾਰੇ ਕਹਾਣੀ ਤਾਂ ਨਹੀਂ ਦੱਸ ਸਕਦੇ, ਇਹ ਫਿਲਮ ਸਿਨੇਮਾਘਰਾਂ ’ਚ ਜਨਵਰੀ 2026 ’ਚ ਲੱਗੇਗੀ, ਉਦੋਂ ਇਸ ਫਿਲਮ ਦੇ ਵਧੀਆ ਹੋਣ ਦਾ ਕਾਰਨ ਪਤਾ ਲੱਗੇਗਾ।

ਮੁਬਾਰਕਾਂ ਕਵੀ ਰਾਜ਼ ਜੀ ਨੂੰ।

# ਨਵਾਂ ਇਤਿਹਾਸ ਸਿਰਜ ਗਈ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਦੀ ਸਿਲਵਰ ਜੁਬਲੀ ਕਾਨਫ਼ਰੰਸ

## ਪੰਜਾਬੀ ਭਾਸ਼ਾ, ਕਹਾਣੀ, ਕਵਿਤਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਹੋਈ ਗੰਭੀਰ ਵਿਚਾਰ ਚਰਚਾ, ਸੰਗੀਤ ਮਹਿਫ਼ਲ ਅਤੇ ਨਾਟਕ 'ਜ਼ਫ਼ਰਨਾਮਾ' ਦੀ ਪੇਸ਼ਕਾਰੀ ਬੇਹੱਦ ਪ੍ਰਭਾਵਸ਼ਾਲੀ ਰਹੀ

ਹੇਵਰਡ- ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਵੱਲੋਂ ਆਪਣੀ 25ਵੀਂ ਵਰ੍ਹੇਗੰਢ ਉੱਤੇ ਤਿੰਨ ਰੋਜ਼ਾ ਪੰਜਾਬੀ ਸਾਹਿਤਕ ਕਾਨਫ਼ਰੰਸ ਸੈਫ਼ਾਇਰ ਬੈਂਕੁਇੱਟ ਹਾਲ ਹੇਵਰਡ (ਕੈਲੀਫ਼ੋਰਨੀਆ) ਵਿਖੇ ਕਰਵਾਈ ਗਈ। ਅਮਰੀਕਾ ਵਿੱਚ ਇਹ ਪਹਿਲੀ ਪੰਜਾਬੀ ਸਾਹਿਤਕ ਕਾਨਫ਼ਰੰਸ ਸੀ ਜੋ ਤਿੰਨ ਦਿਨ ਚੱਲੀ ਅਤੇ ਇਸ ਵਿੱਚ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਲਗਾਤਾਰ ਤਿੰਨ ਦਿਨ ਪੰਜਾਬੀ ਸਾਹਿਤ ਅਤੇ ਪੰਜਾਬੀ ਮਾਂ ਬੋਲੀ ਦੇ ਵੱਖ ਵੱਖ ਪਹਿਲੂਆਂ ਉੱਪਰ ਗੰਭੀਰ ਚਿੰਤਨ ਕੀਤਾ ਗਿਆ।

ਕਾਨਫ਼ਰੰਸ ਦੀ ਸ਼ੁਰੂਆਤ ਪੰਜਾਬੀ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਕੈਲੀਫ਼ੋਰਨੀਆ ਦੇ ਰੂਹੇ-ਰਵਾਂ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਦੇ ਮੋਹ ਭਰੇ ਸ਼ਬਦਾਂ ਨਾਲ਼ ਹੋਈ। ਕੁਲਵਿੰਦਰ ਨੇ ਅਕਾਦਮੀ ਦੀ ਸਥਾਪਨਾ, ਸਰਗਰਮੀਆਂ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਅਕਾਦਮੀ ਦੇ ਵਿੱਛੜ ਚੁੱਕੇ ਮੁੱਢਲੇ ਮੈਂਬਰ ਗੁਰੂਮੇਲ ਸਿੱਧੂ ਨੂੰ ਯਾਦ ਕੀਤਾ ਅਤੇ ਸੁਖਵਿੰਦਰ ਕੰਬੋਜ ਤੇ ਸੁਰਿੰਦਰ ਸੀਰਤ ਦੀ ਯੋਗਦਾਨ ਦੀ ਪ੍ਰਸੰਸਾ ਕੀਤੀ। ਕੁਲਵਿੰਦਰ ਨੇ ਕਿਹਾ ਕਿ "ਭਾਸ਼ਾ ਸਿਰਫ ਸ਼ਬਦਾਂ ਦਾ ਸਮੂਹ ਹੀ ਨਹੀਂ ਹੁੰਦੀ, ਇਹ ਸਾਡੀ ਪਹਿਚਾਣ ਹੈ, ਸਾਡਾ ਵਿਰਸਾ ਹੈ, ਸਾਡੀ ਰੂਹ ਦੀ ਖੁਰਾਕ ਹੈ। ਇਸ ਤੋਂ ਬਿਨਾਂ ਅਸੀਂ ਜੀ ਨਹੀਂ ਸਕਦੇ। ਸਾਡੀ ਕੋਸ਼ਿਸ਼ ਹੈ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਇਹ ਸੰਸਾਰ ਹਮੇਸ਼ਾ ਜਿਉਂਦਾ ਰਹੇ, ਅੱਗੇ ਵੱਧਦਾ ਰਹੇ"। ਉਹਨਾਂ ਕਾਨਫ਼ਰੰਸ ਵਿੱਚ ਸ਼ਾਮਲ ਸਾਰੇ ਲੇਖਕਾਂ ਅਤੇ ਸ੍ਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਆਸ ਕੀਤੀ ਕਿ ਸਾਰੇ ਹਾਜ਼ਰੀਨ ਤਿੰਨ ਦਿਨ ਸਾਹਿਤ, ਸੰਗੀਤ ਅਤੇ ਸ਼ਾਇਰੀ ਦਾ ਆਨੰਦ ਮਾਨਣਗੇ।









ਵਿਪਸਾ ਦੇ ਪ੍ਰਬੰਧਕਾਂ ਨੂੰ ਸਿਲਵਰ ਜੁਬਲੀ ਸਮਾਗਮ ਦੀ ਮੁਬਾਰਕਬਾਦ ਦਿੰਦਿਆਂ ਇਸ ਸੰਸਥਾ ਦੇ ਮੁੱਖ ਸਹਿਯੋਗੀ ਅਤੇ ਉੱਘੇ ਬਿਜ਼ਨਸਮੈਨ ਜਸਵੀਰ ਗਿੱਲ, ਨਾਵਲਕਾਰ ਡਾ। ਗੁਰਪ੍ਰੀਤ ਧੁੱਗਾ ਅਤੇ ਪੰਕਜ ਆਂਸਲ ਨੇ ਅਕਾਦਮੀ ਵੱਲੋਂ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਸਰਗਰਮੀਆਂ ਦੀ ਸ਼ਲਾਘਾ ਕੀਤੀ। ਪਹਿਲੇ ਦਿਨ ਹੋਈ ਸੰਗੀਤਮਈ ਦਿਲਕਸ਼ ਸ਼ਾਮ ਵਿਚ ਗ਼ਜ਼ਲ ਗਾਇਕ ਸੁਖਦੇਵ ਸਾਹਿਬ, ਪਰਮਿੰਦਰ ਗੁਰੀ ਅਤੇ ਗਾਇਕਾ ਟੀਨਾ ਮਾਨ ਨੇ ਡਾ। ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਜਸਵਿੰਦਰ, ਕੁਲਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ ਅਤੇ ਹੋਰ ਪੰਜਾਬੀ ਸ਼ਾਇਰਾਂ ਦੇ ਕਲਾਮ ਨੂੰ ਆਪਣੇ ਸੁਰੀਲੇ ਸੁਰਾਂ ਦੀ ਛੋਹ ਨਾਲ ਬਹੁਤ ਖ਼ੂਬਸੂਰਤ ਸੰਗੀਤਕ ਮਾਹੌਲ ਸਿਰਜਿਆ। ਸੰਗੀਤਕ ਸ਼ਾਮ ਦਾ ਸੰਚਾਲਨ ਕਰ ਰਹੀ ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਵੱਲੋਂ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤੇ ਸ਼ਿਅਰਾਂ ਨੇ ਇਸ ਮਹਿਫ਼ਲ ਨੂੰ ਹੋਰ ਵੀ ਦਿਲਕਸ਼ ਬਣਾ ਦਿੱਤਾ। ਵਿਪਸਾ ਮੈਂਬਰ ਅਤੇ ਸਟੇਜ ਵਿਅੰਗ ਕਲਾਕਰ ਵਿਜੇ ਸਿੰਘ ਨੇ ਵੀ ਸ਼ਾਮ ਦੇ ਅੰਤ 'ਤੇ ਆਪਣੀ ਹਾਜ਼ਰੀ ਲਵਾਈ। 25ਵੀਂ ਵਰ੍ਹੇਗੰਢ ਮੌਕੇ ਵਿਪਸਾ ਬਾਰੇ ਤਿਆਰ ਕੀਤੀ ਡਾਕੂਮੈਂਟਰੀ ਵੀ ਵਿਖਾਈ ਗਈ। ਡਾਕੂਮੈਂਟਰੀ ਨੇ ਦਿਖਾਇਆ ਕਿ ਕਿਵੇਂ ਪੰਜਾਬੀ ਲੇਖਕਾਂ ਦਾ ਇਹ ਕਾਫ਼ਲਾ ਪਿੱਛਲੇ ਤਿੰਨ ਦਹਾਕਿਆਂ ਵਿੱਚ ਕੈਲੀਫ਼ੋਰਨੀਆ ਵਿੱਚ ਪੰਜਾਬੀ ਸਾਹਿਤ ਦੀ ਝੰਡਾਬਰਦਾਰ ਸੰਸਥਾ ਵਜੋਂ ਉਭਰਿਆ ਹੈ। 25ਵੀਂ ਵਰ੍ਹੇਗੰਢ 'ਤੇ ਵਿੱਛੜ ਚੁੱਕੇ ਮੁੱਢਲੇ ਵਿਪਸਾ ਮੈਂਬਰਾਂ ਡਾ ਗੁਰੂਮੇਲ, ਗੁੱਡੀ ਸਿੱਧੂ, ਰੇਸ਼ਮ, ਆਜ਼ਾਦ ਜਾਲੰਧਰੀ, ਈਸ਼ਰ ਸਿੰਘ ਮੋਮਨ, ਹਰਭਜਨ ਢਿਲੋਂ ਨੂੰ ਯਾਦ ਕੀਤਾ ਗਿਆ। ਕਾਨਫ਼ਰੰਸ ਦੇ ਦੂਜੇ ਦਿਨ 'ਏਆਈ ਬਨਾਮ ਸਾਹਿਤ' ਬਾਰੇ ਹੋਏ ਸੈਸ਼ਨ ਵਿੱਚ ਡਿਜ਼ੀਟਲ ਦੁਨੀਆਂ ਦੇ ਮਾਹਿਰ ਨੌਜਵਾਨ ਸ਼ਾਇਰ ਚਰਨਜੀਤ ਗਿੱਲ ਨੇ ਪੰਜਾਬੀ ਫੌਂਟਸ, ਪੰਜਾਬੀ ਸ਼ਬਦਾਵਲੀ ਅਤੇ ਡਿਜ਼ੀਟਲ ਪੰਜਾਬੀ ਡਿਕਸ਼ਨਰੀ ਬਾਰੇ ਬਹੁਤ ਹੀ ਖੋਜ ਭਰਪੂਰ ਜਾਣਕਾਰੀ ਪ੍ਰਦਰਸ਼ਿਤ ਕੀਤੀ। ਉਹ ਪੰਜਾਬੀ ਦੇ 7 ਪ੍ਰਵਾਣਿਤ ਸ਼ਬਦ ਕੋਸ਼ ਏਆਈ ਨੂੰ ਸਿੱਖਣ ਲਈ ਦੇ ਰਿਹਾ ਤਾਂ ਜੋ ਪੰਜਾਬੀ ਸ਼ਬਦਾਂ ਦੇ ਸਹੀ ਸ਼ਬਦ-ਜੋੜ, ਅਰਥ ਅਤੇ ਵਰਤੋਂ ਦੇ ਸੰਦਰਭ ਏਆਈ ਕੋਲ ਹੋਣ। ਇਹ ਸ਼ਬਦ ਏਆਈ ਤੋਂ ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ ਅਤੇ ਰੋਮਨ ਆਦਿ ਕਿਸੇ ਵੀ ਲਿੱਪੀ ਵਿੱਚ ਲੱਭੇ ਜਾ ਸਕਣਗੇ। ਡਾ. ਰਾਜੇਸ਼ ਸ਼ਰਮਾ ਨੇ ਆਪਣੇ ਪ੍ਰਵਚਨ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਪੰਜਾਬੀ ਸਾਹਿਤ ਉੱਪਰ ਪੈ ਰਹੇ ਅਤੇ ਪੈਣ ਵਾਲੇ ਪ੍ਰਭਾਵ ਬਾਰੇ ਵਿਸਥਾਰ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਰੇ ਪਹਿਲੂਆਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਜੇ ਕਿਸੇ ਨੂੰ ਏਆਈ ਏਨਾਂ ਪ੍ਰਭਾਵਿਤ ਕਰਦੀ ਹੈ ਅਤੇ ਲੱਗਦਾ ਹੈ ਕਿ ਇਹ ਤੁਹਾਡੇ ਤੋਂ ਵਧੀਆ ਲਿਖ ਸਕਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਕੁਝ ਪੜ੍ਹਿਆ ਜਾਂ ਲਿਖਿਆ ਨਹੀਂ ਅਤੇ ਤੁਹਾਨੂੰ ਲਿਖਣਾ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਏਆਈ ਵਿਦਿਆਰਥੀਆਂ, ਲੇਖਕਾਂ, ਆਲੋਚਕਾਂ ਲਈ ਇੱਕ ਮੀਲ ਪੱਥਰ ਹੈ ਅਤੇ ਅਸੀਂ ਇਸ ਮੀਲ ਪੱਥਰ ਤੋਂ ਅੱਗੇ ਆਪਣਾ ਕੰਮ ਸ਼ੁਰੂ ਕਰਨਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਇਸ ਦੀ ਪੂਜਾ ਕਰਦੇ ਫਿਰਦੇ ਹਨ ਉਹਨਾਂ ਤੋਂ ਪੰਜਾਬ ਦੀ ਰਹਿਨੁਮਾਈ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ। ਰਾਜਵੰਤ ਰਾਜ ਨੇ ਕਿਹਾ ਕਿ ਏਆਈ ਅਜੇ ਬੱਚਾ ਹੈ ਅਤੇ ਇਸ ਦੇ ਭਵਿੱਖ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇੰਟਰਨੈੱਟ ਦੇ ਖੇਤਰ ਵਿਚ ਇਹ ਬਹੁਤ ਵੱਡੀ ਤਬਦੀਲੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਮਨੁੱਖ ਇਸ ਨੂੰ ਚੰਗੇ ਕਾਰਜ ਲਈ ਵਰਤੇਗਾ, ਮਾੜੇ ਲਈ ਨਹੀਂ। ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਏਆਈ ਵੀ ਬਾਕੀ ਨਵੀਆਂ ਤਕਨੀਕਾਂ ਵਾਂਗ ਜ਼ਿੰਦਗੀ ਨੂੰ ਸੁਖਾਲਾ ਕਰੇਗੀ ਪਰ ਮਨੁੱਖੀ ਕਪਲਨਾ ਅਤੇ ਕ੍ਰੀਏਟਿਵਿਟੀ ਦਾ ਬਦਲ ਨਹੀਂ ਬਣ ਸਕੇਗੀ, ਸੋ ਸਾਨੂੰ ਇਸ ਤੋਂ ਡਰਨਾ ਨਹੀਂ ਚਾਹੀਦਾ। ਇਸ ਸੈਸ਼ਨ ਦੀ ਪ੍ਰਧਾਨਗੀ ਡਾ ਬਲਦੇਵ ਧਾਲੀਵਾਲ ਨੇ ਕੀਤੀ ਅਤੇ ਜਸਵੀਰ ਗਿੱਲ ਮੁੱਖ ਮਹਿਮਾਨ ਸਨ।

ਦੂਜਾ ਸੈਸ਼ਨ 'ਪੰਜਾਬੀ ਬੋਲੀ ਦਾ ਪੀੜ੍ਹੀ ਦਰ ਪੀੜ੍ਹੀ ਸਫ਼ਰ' ਵਿੱਚ ਆਪਣੀ ਬੋਲੀ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਣ ਦੇ ਫ਼ਿਕਰ, ਸੰਭਾਵਨਾਵਾਂ ਅਤੇ ਵਿਧੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਬੱਚਿਆਂ ਅਭੀਤਾਬ ਸੈਣੀ ਅਤੇ ਸਵਲੀਨ ਕੌਰ ਨੇ ਅਮਰੀਕਾ ਵਿੱਚ ਪੰਜਾਬੀ ਸਿੱਖਣ ਦੇ ਆਪਣੇ ਅਨੁਭਵ ਸਾਂਝੇ ਕੀਤੇ। ਸੈਸ਼ਨ ਦੇ ਮੁੱਖ ਮਹਿਮਾਨ ਡਾ. ਜਸਵਿੰਦਰ ਸਿੰਘ ਸਨ ਅਤੇ ਪ੍ਰਧਾਨਗੀ ਕੀਤੀ ਡਾ. ਵਰਿਆਮ ਸਿੰਘ ਸੰਧੂ ਨੇ। ਮੁੱਖ ਵਕਤਾ ਡਾ. ਗੁਰਪਾਲ ਸਿੰਘ ਸੰਧੂ ਨੇ ਕੈਲੀਫ਼ੋਰਨੀਆ ਸੂਬੇ ਵਿੱਚ ਪੰਜਾਬੀ ਭਾਸ਼ਾ ਪੜ੍ਹਾਏ ਜਾਣ ਬਾਰੇ ਕਿਹਾ ਕਿ ਇਹ ਸੂਬਾ ਬਹੁ-ਭਾਸ਼ਾਈ ਸੂਬਾ ਹੈ ਅਤੇ ਇਸਦੀ ਐਜੂਕੇਸ਼ਨ ਪਾਲਿਸੀ ਮੁਤਾਬਕ ਸਕੂਲਾਂ ਵਿੱਚ ਪੰਜਾਬੀ ਇੱਕ ਚੋਣਵੇਂ ਵਿਸ਼ੇ ਵਜੋਂ ਪੜਾਈ ਜਾ ਸਕਦੀ ਹੈ ਅਤੇ ਕੁਝ ਇੱਕ ਸਕੂਲ ਜਿਥੇ ਪੰਜਾਬੀ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ ਉਥੇ ਅਜਿਹਾ ਹੋ ਵੀ ਰਿਹਾ ਹੈ। ਦੂਜੀ ਵਿਧੀ ਗੁਰਦੁਆਰਾ ਸਕੂਲਾਂ ਰਾਹੀਂ ਪੰਜਾਬੀ ਸਿਖਾਉਣ ਦੀ ਹੈ ਜੋ ਪਿੱਛਲੇ ਸਾਲਾਂ ਵਿੱਚ ਹੋਰ ਵੀ ਸ਼ਿਦਤ ਨਾਲ ਚਲ ਰਹੀ ਹੈ। ਡਾ. ਮਨਜੀਤ ਕੌਰ ਨੇ ਕਿਹਾ ਕਿ ਬੋਲੀ ਸਿਰਫ਼ ਸ਼ਬਦਾਂ ਦੀ ਨਹੀਂ ਇਸ਼ਾਰਿਆਂ ਦੀ ਭਾਸ਼ਾ ਵੀ ਹੈ ਅਤੇ ਸਭਿਚਾਰਕ ਤੌਰ 'ਤੇ ਬੋਲੀ ਨੂੰ ਜਿਉਂਦਿਆਂ ਰੱਖਣ ਲਈ ਸਾਨੂੰ ਚਿਹਰੇ ਦੇ ਹਾਵਾਂ ਭਾਵਾਂ ਅਤੇ ਇਸ਼ਾਰਿਆਂ ਦੀ ਸਮਝ ਵੀ ਬੱਚਿਆਂ ਨੂੰ ਸਿਖਾਉਣ ਦੀ ਲੋੜ ਹੈ। ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਪਰਦੇਸ ਆ ਵੱਸਣ ਵਾਲੇ ਲੋਕਾਂ ਵਲੋਂ ਬਹੁਤ ਚਿਰ ਆਪਣੀ ਭਾਸ਼ਾ ਨੂੰ ਜ਼ਿੰਦਾ ਰੱਖ ਸਕਣਾ ਬਹੁਤ ਕਠਨ ਹੈ, ਅੰਤ ਕਿਸੇ ਨਾ ਕਿਸੇ ਪੀੜ੍ਹੀ ਤੋਂ ਇਹ ਸੁਭਾਵਿਕ ਹੀ ਛੱਡ ਹੋ ਜਾਂਦੀ ਹੈ। ਪਰ ਸਾਨੂੰ ਆਸ ਰੱਖਣੀ ਚਾਹੀਦੀ ਹੈ ਅਤੇ ਇਸ ਲਈ ਯਤਨਸ਼ੀਲ ਰਹਿਣਾ ਪਵੇਗਾ। ਇਸ ਦਿਨ ਦੇ ਪਹਿਲੇ ਦੋਹਾਂ ਸੈਸ਼ਨਾਂ ਦਾ ਸੰਚਾਲਨ ਵਿਪਸਾ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਕੀਤਾ।

ਦੂਜੇ ਦਿਨ ਸ਼ਾਮ ਨੂੰ ਪੰਜਾਬ ਲੋਕ ਰੰਗ ਵਲੋਂ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਜ਼ਫ਼ਰਨਾਮਾ – ਕਲਮ ਦੀ ਤਲਵਾਰ ਉੱਪਰ ਜਿੱਤ' ਖੇਡਿਆ ਗਿਆ। ਇਸ ਨਾਟਕ ਦੀ ਪੇਸ਼ਕਾਰੀ ਬਹੁਤ ਹੀ ਪ੍ਰਭਾਵਸ਼ਾਲੀ ਰਹੀ। ਸਾਰੇ ਕਲਾਕਾਰਾਂ ਦੀ ਅਦਾਕਾਰੀ ਨੇ ਦਰਸ਼ਕਾਂ ਦੇ ਮਨਾਂ ਨੂੰ ਬੇਹੱਦ ਟੁੰਬਿਆ। ਜੰਮੂ ਯੂਨੀਵਰਸਿਟੀ ਤੋਂ ਡਾ. ਬਲਜੀਤ ਕੌਰ ਨੇ ਇਸ ਨਾਟਕ ਬਾਰੇ ਆਪਣੇ ਬਹੁਮੁੱਲੇ ਵਿਚਾਰ ਰੱਖੇ ਅਤੇ ਭਾਰਤ ਵਿੱਚ ਇਸ ਨਾਟਕ ਦੀਆਂ 15 ਤੋਂ ਵੱਧ ਹੋਈਆਂ ਪੇਸ਼ਕਾਰੀਆਂ ਬਾਰੇ ਦਸਿਆ। ਡਾ। ਬਲਜੀਤ ਕੌਰ ਨੇ ਜੰਮੂ ਅਤੇ ਕਸ਼ਮੀਰ ਵਿੱਚ ਪੰਜਾਬੀ ਬੋਲੀ ਦੀ ਪੜਾਈ ਅਤੇ ਵਰਤੋਂ ਬਾਰੇ ਕੀਤੇ ਜਾ ਰਹੇ ਸੰਘਰਸ਼ ਬਾਰੇ ਵੀ ਚਾਨਣਾ ਪਾਇਆ। ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਅਜਿਹਾ ਇਤਿਹਾਸਕ ਨਾਟਕ ਏਨੀਂ ਕਲਾ ਕੌਸ਼ਲਤਾ ਨਾਲ ਕਰਨਾ ਬਹੁਤ ਵੱਡੀ ਗੱਲ ਹੈ ਅਤੇ ਸੁਰਿੰਦਰ ਧਨੋਆ ਇਸ ਕਠਨ ਕਾਰਜ ਵਿੱਚ ਸਫਲ ਹੋਏ ਹਨ। ਇਸ ਨਾਟਕ ਵਿੱਚ ਸੁਰਿੰਦਰ ਧਨੋਆ ਦੇ ਨਾਲ਼ ਮੁਕੇਸ਼ ਸ਼ਰਮਾ, ਰਮਨੀਤ ਕੌਰ, ਸੋਨੂੰ ਚੌਧਰੀ, ਸਵਲੀਨ ਅਤੇ ਪੰਜਾਬ ਲੋਕ ਰੰਗ ਦੇ ਹੋਰ ਕਲਾਕਾਰਾਂ ਨੇ ਭਾਗ ਲਿਆ।

ਕਾਨਫ਼ਰੰਸ ਦੇ ਤੀਜੇ ਦਿਨ 'ਅਮਰੀਕੀ ਪੰਜਾਬੀ ਕਵਿਤਾ- ਮੁਲਾਂਕਣ' ਵਿਸ਼ੇ 'ਤੇ ਡਾ. ਮਨਜਿੰਦਰ ਸਿੰਘ ਨੇ ਅਮਰੀਕਾ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਬਾਰੇ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਕਵਿਤਾ ਨੇ ਵਿਦਵਾਨਾਂ ਦੇ ਪੁਰਾਣੇ ਮਾਪਦੰਡਾਂ ਨੂੰ ਤੋੜਿਆ ਹੈ। ਇਸ ਕਵਿਤਾ ਨੂੰ ਹੁਣ ਮੁੱਖ ਧਾਰਾ ਦੀ ਕਵਿਤਾ ਮੰਨ ਕੇ ਮੁਲਾਂਕਣ ਕਰਨ ਦੀ ਲੋੜ ਹੈ। ਇਹ ਕਵਿਤਾ ਮਨੁੱਖ ਨੂੰ ਸਵੈ-ਮੁਲਾਂਕਣ ਲਈ ਪ੍ਰੇਰਦੀ ਹੈ, ਮਾਨਵਤਾ ਦੀ ਗੱਲ ਕਰਦੀ ਹੈ ਅਤੇ ਬਹੁਪੱਖੀ ਧਰਾਤਲਾਂ ਨੂੰ ਪਛਾਣਦੀ ਹੈ। ਇਹ ਪ੍ਰਸਥਿਤੀਆਂ ਦਾ ਰੁਦਨ ਨਹੀਂ ਕਰਦੀ, ਸੰਘਰਸ਼ ਦਾ ਰਾਹ ਚੁਣਦੀ ਹੈ। ਡਾ. ਗੁਰਪਾਲ ਸਿੰਘ ਸੰਧੂ ਨੇ ਕਿਹਾ ਕਿ ਅਮਰੀਕਾ ਵਿਚ ਗ਼ਜ਼ਲ ਵਧੀਆ ਲਿਖੀ ਜਾ ਰਹੀ ਹੈ। ਸਮੁੱਚੀ ਅਮਰੀਕੀ ਪੰਜਾਬੀ ਕਵਿਤਾ ਸੱਚ ਤੱਕ ਪਹੁੰਚਦੀ ਹੈ। ਸ਼ਾਇਰ ਜਸਵਿੰਦਰ ਨੇ ਕਿਹਾ ਕਿ ਗ਼ਜ਼ਲ ਮੁੱਖ ਵਿਧਾ ਬਣੀ ਹੋਈ ਹੈ ਅਤੇ ਅਮਰੀਕਾ ਦੇ ਸ਼ਾਇਰਾਂ ਦੇ ਸ਼ਿਅਰ ਅਕਸਰ ਲੋਕ ਕੋਟ ਕਰਦੇ ਹਨ। ਡਾ. ਜਸਵਿੰਦਰ ਨੇ ਕਿਹਾ ਕਿ ਵਰਤਮਾਨ ਪੰਜਾਬੀ ਕਵਿਤਾ ਨੇ ਵਿਕਸਤ ਪੂੰਜੀਵਾਦ ਅਤੇ ਰਾਜਨੀਤੀ ਦੀਆਂ ਅੰਦਰਲੀਆਂ ਰੌਆਂ ਨੂੰ ਪਛਾਣਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਗ਼ਜ਼ਲ ਨੇ ਕਵਿਤਾ ਨੂੰ ਬਚਾਇਆ ਹੈ। ਇਸ ਸੈਸ਼ਨ ਨੇ ਮੁੱਖ ਮਹਿਮਾਨ ਸਨ ਡਾ। ਗੁਰਪਾਲ ਸਿੰਘ ਸੰਧੂ ਅਤੇ ਪ੍ਰਧਾਨਗੀ ਕੀਤੀ ਡਾ। ਜਸਵਿੰਦਰ ਸਿੰਘ ਨੇ। ਇਸ ਸੈਸ਼ਨ ਦਾ ਸੰਚਾਲਨ ਕਵੀ ਹਰਜਿੰਦਰ ਕੰਗ ਨੇ ਕੀਤਾ।

'ਅਮਰੀਕਾ ਪੰਜਾਬੀ ਕਹਾਣੀ – ਨਵੇਂ ਰੁਝਾਨ' ਵਿਚ ਅਮਰੀਕਾ ਵਿੱਚ ਰਚੀ ਜਾ ਰਹੀ ਪੰਜਾਬੀ ਕਹਾਣੀ ਬਾਰੇ ਗੱਲਬਾਤ ਕੀਤੀ ਗਈ, ਜਿਸ ਦੀ ਪ੍ਰਧਾਨਗੀ ਨਾਮਵਰ ਕਹਾਣੀਕਾਰ ਡਾ. ਵਰਿਆਮ ਸੰਧੂ ਨੇ ਕੀਤੀ ਅਤੇ ਮੁੱਖ ਮਹਿਮਾਨ ਸਨ ਡਾ. ਧਨਵੰਤ ਕੌਰ। ਡਾ. ਬਲਦੇਵ ਧਾਲੀਵਾਲ ਨੇ ਆਪਣੇ ਪਰਚੇ ਵਿਚ ਕਿਹਾ ਕਿ ਅਮਰੀਕੀ ਪੰਜਾਬੀ ਕਹਾਣੀ ਦੀ ਉਮਰ ਅੱਧੀ ਕੁ ਸਦੀ ਹੈ। 9/11 ਦੀ ਘਟਨਾ ਨੇ ਇਸ ਨੂੰ ਚਿੰਤਨ ਦੇ ਰਾਹ ਪਾਇਆ ਹੈ। ਇਸ ਵਿਚ ਨਾਬਰੀ ਅਤੇ ਪ੍ਰਤੀਰੋਧ ਦੀ ਸੁਰ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਕਹਾਣੀ ਬੰਦੇ ਦੇ ਨਾਲ਼ ਨਾਲ਼ ਚਲਦੀ ਹੈ ਪਰ ਕਲਾ ਪੱਖੋਂ ਅਜੇ ਕਈ ਊਣਤਾਈਆਂ ਹਨ। ਇਸ ਮੌਕੇ ਉਨ੍ਹਾਂ 22 ਲੇਖਕਾਂ ਦੀਆਂ ਕਹਾਣੀਆਂ ਦਾ ਵੀ ਸੰਖੇਪ ਮੁਲਾਂਕਣ ਕੀਤਾ ਜੋ ਵਿਪਸਾ ਵਲੋਂ ਇਸ ਕਾਨਫ਼ਰੰਸ ਵਿੱਚ ਰਿਲੀਜ਼ ਕੀਤੀ ਗਈ ਕਿਤਾਬ 'ਅਮਰੀਕੀ ਪੰਜਾਬੀ ਕਹਾਣੀ' ਵਿੱਚ ਸ਼ਾਮਲ ਹਨ। ਇਸ ਕਹਾਣੀ ਸੰਗ੍ਰਹਿ ਦਾ ਸੰਪਾਦਨ ਪ੍ਰੋ ਸੁਰਿੰਦਰ ਸੀਰਤ ਨੇ ਕੀਤਾ ਹੈ ਅਤੇ ਚੇਤਨਾ ਪ੍ਰਕਾਸ਼ਨ ਨੇ ਇਸ ਨੂੰ ਪ੍ਰਕਾਸ਼ਤ ਕੀਤਾ ਹੈ। ਇਸ ਸੈਸ਼ਨ ਦਾ ਸੰਚਾਲਨ ਕੀਤਾ ਲੇਖਿਕਾ ਲਾਜ ਨੀਲਮ ਸੈਣੀ ਨੇ ਅਤੇ ਪ੍ਰਧਾਨਗੀ ਮੰਡਲ ਵਿੱਚ ਹੋਰਨਾਂ ਨਾਲ ਸ਼ਾਮਲ ਸਨ ਸੁਰਿੰਦਰ ਸੀਰਤ, ਰਵੀ ਸ਼ੇਰਗਿੱਲ, ਬਲਜਿੰਦਰ ਸਵੈਚ, ਹਰਪ੍ਰੀਤ ਕੌਰ ਧੂਤ, ਗੁਰਮੀਤ ਪਨਾਗ, ਹਰਜਿੰਦਰ ਪੰਧੇਰ ਅਤੇ ਅਮਰਜੀਤ ਕੌਰ ਪੰਨੂ। ਡਾ ਸੰਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਹਾਣੀ ਦੀ ਭਾਸ਼ਾ ਸ਼ੈਲੀ ਨੂੰ ਘੜ੍ਹਣ ਅਤੇ ਕਹਾਣੀ ਨੂੰ ਦਿਲਚਸਪ ਬਣਾਉਣ ਦੀਆਂ ਵਿਧੀਆਂ ਬਾਰੇ ਆਪਣੇ ਵਿਚਾਰ ਰੱਖੇ। ਡਾ। ਧਨਵੰਤ ਕੌਰ ਨੇ ਵੀ ਅਮਰੀਕੀ ਪੰਜਾਬੀ ਕਹਾਣੀ ਬਾਰੇ ਚਰਚਾ ਵਿੱਚ ਹਿੱਸਾ ਲਿਆ। 'ਅਮਰੀਕੀ ਪੰਜਾਬੀ ਕਹਾਣੀ' ਸੰਗ੍ਰਹਿ ਨੂੰ ਪ੍ਰਧਾਨਗੀ ਮੰਡਲ ਅਤੇ ਵਿਪਸਾ ਦੇ ਮੈਂਬਰ ਕਹਾਣੀਕਾਰਾਂ ਨੇ ਰਿਲੀਜ਼ ਕੀਤਾ। ਕਹਾਣੀਕਾਰਾ ਅਤੇ ਕਵਿਤਰੀ ਹਰਪ੍ਰੀਤ ਕੌਰ ਧੂਤ ਦਾ ਨਵਾਂ ਕਹਾਣੀ ਸੰਗ੍ਰਹਿ 'ਖ਼ਤਰਾ ਤਾਂ ਹੈ" ਵੀ ਇਸ ਸੈਸ਼ਨ ਵਿੱਚ ਵਿਸ਼ੇਸ਼ ਤੌਰ ਤੇ ਰਿਲੀਜ਼ ਕੀਤਾ ਗਿਆ। ਐਸ਼ ਦੀ ਕਿਤਾਬ "Chirag! The Happiest kid in the world', ਲਖਵਿੰਦਰ ਕੌਰ ਲੱਕੀ ਦੇ ਕਾਵਿ ਸੰਗ੍ਰਹਿ 'ਧੜਕਣ ਲੱਗੀ ਹਾਂ ਮੈਂ", ਚਰਨਜੀਤ ਸਿੰਘ ਪੰਨੂੰ ਦੀ ਕਿਤਾਬ 'ਵਸੀਅਤਨਾਮਾ' ਦਾ ਸ਼ਾਹਮੁਖੀ ਐਡੀਸ਼ਨ ਦੇ ਨਾਲ ਪੰਜਾਬੀ ਮੈਗ਼ਜ਼ੀਨ 'ਮੰਤਵ', 'ਏਕਮ' ਅਤੇ ਆਨਲਈਨ ਮੈਗ਼ਜ਼ੀਨ 'ਨਕਸ਼' ਵੀ ਰਿਲੀਜ਼ ਕੀਤੇ ਗਏ।

ਲੇਖਕ, ਪਾਠਕ ਅਤੇ ਪ੍ਰਕਾਸ਼ਕ ਵਿਸ਼ੇ 'ਤੇ ਵੀ ਮਹੱਤਵਪੂਰਨ ਵਿਚਾਰ ਚਰਚਾ ਹੋਈ ਜਿਸ ਵਿਚ ਡਾ। ਰਾਜੇਸ਼ ਸ਼ਰਮਾ, ਸਤੀਸ਼ ਗੁਲਾਟੀ, ਦਲਜੀਤ ਸਰਾਂ, ਡਾ. ਗੁਰਪ੍ਰੀਤ ਧੁੱਗਾ ਅਤੇ ਸੋਨੀਆ ਮਨਜਿੰਦਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਿਚ ਮੁੱਖ ਤੌਰ 'ਤੇ ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਸੰਪਾਦਨ ਦੀ ਅਣਹੋਂਦ ਦਾ ਮਸਲਾ ਉੱਭਰ ਕੇ ਸਾਹਮਣੇ ਆਇਆ ਜਿਸ ਕਾਰਨ ਬਹੁਤ ਸਾਰੀਆਂ ਗ਼ੈਰ-ਮਿਆਰੀ ਪੁਸਤਕਾਂ ਛਪ ਰਹੀਆਂ ਹਨ। ਅਜਿਹੀਆਂ ਪੁਸਤਕਾਂ

*(ਬਾਕੀ ਰਿਪੋਰਟ ਅਗਲੇ ਸਫੇ 'ਤੇ)*

# ਆਉਣ ਵਾਲੇ ਸਾਲਾਂ ਵਿਚ ਦੁਨੀਆਂ ਭਰ 'ਚ ਤੇਜੀ ਨਾਲ ਵਧੇਗੀ ਗਰਮੀ

ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਦੁਨੀਆਂ ਇਸ ਸਦੀ ਦੇ ਅੰਤ ਤੱਕ ਹਰ ਸਾਲ ਲਗਪਗ ਦੋ ਮਹੀਨਿਆਂ ਦੇ ਖ਼ਤਰਨਾਕ 'ਸੁਪਰਹੌਟ' ਦਿਨਾਂ ਦਾ ਸਾਹਮਣਾ ਕਰਨ ਦੇ ਰਾਹ ’ਤੇ ਹੈ, ਜਿਸ ਵਿੱਚ ਸਭ ਤੋਂ ਵੱਧ ਕਾਰਬਨ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਨਾਲੋਂ ਗਰੀਬ ਛੋਟੇ ਦੇਸ਼ਾਂ ਨੂੰ ਕਿਤੇ ਜ਼ਿਆਦਾ ਵਾਰ ਮਾਰ ਪਵੇਗੀ।

ਪਰ 10 ਸਾਲ ਪਹਿਲਾਂ ਪੈਰਿਸ ਜਲਵਾਯੂ ਸਮਝੌਤੇ ਨਾਲ ਸ਼ੁਰੂ ਹੋਈਆਂ ਗਰਮੀ ਫੈਲਾਉਣ ਵਾਲੀਆਂ ਗੈਸਾਂ ਦੇ ਨਿਕਾਸ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦਾ ਮਹੱਤਵਪੂਰਨ ਪ੍ਰਭਾਵ ਪਿਆ ਹੈ। ਇਸ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਉਨ੍ਹਾਂ ਕੋਸ਼ਿਸ਼ਾਂ ਤੋਂ ਬਿਨਾਂ ਧਰਤੀ ਹਰ ਸਾਲ ਵਧੇਰੇ ਗਰਮ 114 ਵਾਧੂ ਦਿਨਾਂ ਤੱਕ ਜਾ ਰਹੀ ਹੁੰਦੀ।

ਅੰਤਰਰਾਸ਼ਟਰੀ ਜਲਵਾਯੂ ਵਿਗਿਆਨੀਆਂ ਦੇ ਸਮੂਹ ਵਰਲਡ ਵੈਦਰ ਐਟਰੀਬਿਊਸ਼ਨ ਅਤੇ ਅਮਰੀਕਾ-ਅਧਾਰਿਤ ਕਲਾਈਮੇਟ ਸੈਂਟਰਲ ਨੇ ਇਸ ਇਤਿਹਾਸਕ ਸਮਝੌਤੇ ਨੇ ਲੋਕਾਂ ’ਤੇ ਸਭ ਤੋਂ ਵੱਡੇ ਜਲਵਾਯੂ ਪ੍ਰਭਾਵਾਂ ਵਿੱਚੋਂ ਇੱਕ: ਲੂ ਦੇ ਮਾਮਲੇ ਵਿੱਚ ਕਿੰਨਾ ਫਰਕ ਪਾਇਆ ਹੈ, ਇਸ ਦੀ ਗਣਨਾ ਕਰਨ ਲਈ ਕੰਪਿਊਟਰ ਸਿਮੂਲੇਸ਼ਨਾਂ ਦੀ ਵਰਤੋਂ ਕਰਨ ਲਈ ਮਿਲ ਕੇ ਕੰਮ ਕੀਤਾ। ਰਿਪੋਰਟ (ਜਿਸ ਦੀ ਅਜੇ ਸਮੀਖਿਆ ਨਹੀਂ ਕੀਤੀ ਗਈ ਹੈ ਪਰ ਇਹ ਜਲਵਾਯੂ ਵਿਸ਼ੇਸ਼ਤਾ ਲਈ ਸਥਾਪਤ ਤਕਨੀਕਾਂ ਦੀ ਵਰਤੋਂ ਕਰਦੀ ਹੈ) ਨੇ ਗਣਨਾ ਕੀਤੀ ਕਿ ਦੁਨੀਆਂ ਅਤੇ 200 ਤੋਂ ਵੱਧ ਦੇਸ਼ਾਂ ਨੂੰ 2015 ਵਿੱਚ ਕਿੰਨੇ ਸੁਪਰਹੌਟ ਦਿਨ ਮਿਲੇ, ਹੁਣ ਧਰਤੀ ਨੂੰ ਕਿੰਨੇ ਮਿਲਦੇ ਹਨ ਅਤੇ ਭਵਿੱਖ ਦੇ ਦੋ ਦ੍ਰਿਸ਼ਾਂ ਵਿੱਚ ਕੀ ਅਨੁਮਾਨ ਹੈ।

ਇੱਕ ਦ੍ਰਿਸ਼ ਇਹ ਹੈ ਕਿ ਜੇ ਦੇਸ਼ ਆਪਣੇ ਨਿਕਾਸ ਨੂੰ ਘੱਟ ਕਰਨ ਦੇ ਵਾਅਦੇ ਪੂਰੇ ਕਰਦੇ ਹਨ ਅਤੇ 2100 ਤੱਕ ਦੁਨੀਆਂ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਦੇ ਸਮੇਂ ਨਾਲੋਂ 2।6 ਡਿਗਰੀ ਸੈਲਸੀਅਸ (4.7 ਡਿਗਰੀ ਫਾਰਨਹਾਈਟ) ਵੱਧ ਗਰਮ ਹੁੰਦੀ ਹੈ। ਅਧਿਐਨ ਅਨੁਸਾਰ ਇਸ ਨਾਲ ਧਰਤੀ ਨੂੰ ਹੁਣ ਮਿਲਣ ਵਾਲੇ ਦਿਨਾਂ ਵਿੱਚ 57 ਹੋਰ ਸੁਪਰਹੌਟ ਦਿਨ ਜੁੜ ਜਾਂਦੇ ਹਨ।

ਦੂਸਰਾ ਦ੍ਰਿਸ਼ 4 ਡਿਗਰੀ ਸੈਲਸੀਅਸ (7.2 ਡਿਗਰੀ ਫਾਰਨਹਾਈਟ) ਗਰਮੀ ਦਾ ਹੈ, ਜਿਸ ਵੱਲ ਪੈਰਿਸ ਸਮਝੌਤੇ ਤੋਂ ਪਹਿਲਾਂ ਦੁਨੀਆਂ ਜਾ ਰਹੀ ਸੀ। ਅਧਿਐਨ ਵਿੱਚ ਪਾਇਆ ਗਿਆ ਕਿ ਇਸ ਨਾਲ ਵਾਧੂ ਗਰਮ ਦਿਨਾਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ।

### ਜਲਵਾਯੂ ਪਰਿਵਰਤਨ ਕਾਰਨ ਤਕਲੀਫਾਂ ਵਧਣਗੀਆਂ

ਕਲਾਈਮੇਟ ਸੈਂਟਰਲ ਦੇ ਸਾਇੰਸ ਲਈ ਉਪ ਪ੍ਰਧਾਨ ਅਤੇ ਰਿਪੋਰਟ ਦੀ ਸਹਿ-ਲੇਖਕ, ਕ੍ਰਿਸਟੀਨਾ ਡਾਹਲ ਨੇ ਕਿਹਾ, "ਜਲਵਾਯੂ ਪਰਿਵਰਤਨ ਕਾਰਨ ਦਰਦ ਅਤੇ ਦੁੱਖ ਹੋਵੇਗਾ।" "ਪਰ ਜੇ ਤੁਸੀਂ 4 ਡਿਗਰੀ ਸੈਲਸੀਅਸ ਗਰਮੀ ਅਤੇ 2।6 ਡਿਗਰੀ ਸੈਲਸੀਅਸ ਗਰਮੀ ਦੇ ਇਸ ਅੰਤਰ ਨੂੰ ਵੇਖਦੇ ਹੋ, ਤਾਂ ਇਹ ਪਿਛਲੇ 10 ਸਾਲਾਂ ਅਤੇ ਲੋਕਾਂ ਵੱਲੋਂ ਅੱਗੇ ਰੱਖੀਆਂ ਗਈਆਂ ਇੱਛਾਵਾਂ ਨੂੰ ਦਰਸਾਉਂਦਾ ਹੈ। ਅਤੇ ਮੇਰੇ ਲਈ, ਇਹ ਹੌਸਲਾ ਦੇਣ ਵਾਲਾ ਹੈ।"

ਅਧਿਐਨ ਹਰੇਕ ਸਥਾਨ ਲਈ 'ਸੁਪਰਹੌਟ' ਦਿਨਾਂ ਨੂੰ ਉਹਨਾਂ ਦਿਨਾਂ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ 1991 ਅਤੇ 2020 ਦੇ ਵਿਚਕਾਰ ਤੁਲਨਾਤਮਕ ਮਿਤੀਆਂ ਦੇ 90% ਤੋਂ ਵੱਧ ਗਰਮ ਹੁੰਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2015 ਤੋਂ, ਦੁਨੀਆਂ ਵਿੱਚ ਔਸਤਨ 11 ਸੁਪਰਹੌਟ ਦਿਨ ਪਹਿਲਾਂ ਹੀ ਜੁੜ ਚੁੱਕੇ ਹਨ। ਡਾਹਲ ਨੇ ਕਿਹਾ, "ਉਹ ਗਰਮੀ ਲੋਕਾਂ ਨੂੰ ਐਮਰਜੈਂਸੀ ਰੂਮ ਵਿੱਚ ਭੇਜਦੀ ਹੈ। ਗਰਮੀ ਲੋਕਾਂ ਨੂੰ ਮਾਰਦੀ ਹੈ।"

ਰਿਪੋਰਟ ਇਹ ਨਹੀਂ ਦੱਸਦੀ ਕਿ ਵਾਧੂ ਖ਼ਤਰਨਾਕ ਗਰਮ ਦਿਨਾਂ ਨਾਲ ਕਿੰਨੇ ਲੋਕ ਪ੍ਰਭਾਵਿਤ ਹੋਣਗੇ, ਪਰ ਇੰਪੀਰੀਅਲ ਕਾਲਜ ਲੰਡਨ ਦੀ ਸਹਿ-ਲੇਖਕ ਫ੍ਰਾਈਡਰਾਈਕ ਟੋ ਨੇ ਕਿਹਾ ਕਿ "ਇਹ ਯਕੀਨੀ ਤੌਰ ’ਤੇ ਹਜ਼ਾਰਾਂ ਜਾਂ ਲੱਖਾਂ ਹੋਵੇਗਾ, ਇਸ ਤੋਂ ਘੱਟ ਨਹੀਂ।" ਉਸ ਨੇ ਨੋਟ ਕੀਤਾ ਕਿ ਹਰ ਸਾਲ ਪਹਿਲਾਂ ਹੀ ਲੂ ਵਿੱਚ ਹਜ਼ਾਰਾਂ ਲੋਕ ਮਰਦੇ ਹਨ।

### ਹੋਰ ਵੀ ਗਰਮ ਹੋ ਸਕਦੀ ਹੈ ਲੂ

ਵੀਰਵਾਰ ਦੇ ਅਧਿਐਨ ਨੇ ਗਣਨਾ ਕੀਤੀ ਕਿ 2023 ਵਿੱਚ ਦੱਖਣੀ ਯੂਰਪ ਦੀ ਇੱਕ ਹਫ਼ਤੇ-ਲੰਬੀ ਲੂ ਦੇ ਹੁਣ 10 ਸਾਲ ਪਹਿਲਾਂ ਨਾਲੋਂ 70% ਵੱਧ ਸੰਭਾਵਨਾ ਹੈ ਅਤੇ ਇਹ 0.6 ਡਿਗਰੀ ਸੈਲਸੀਅਸ (1.1 ਡਿਗਰੀ ਫਾਰਨਹਾਈਟ) ਵੱਧ ਗਰਮ ਸੀ।

ਜੇ ਦੁਨੀਆਂ ਦੀਆਂ ਜਲਵਾਯੂ-ਲੜਨ ਦੀਆਂ ਕੋਸ਼ਿਸ਼ਾਂ ਵਿੱਚ ਵਾਧਾ ਨਾ ਹੁੰਦਾ, ਤਾਂ ਰਿਪੋਰਟ ਦਾ ਅੰਦਾਜ਼ਾ ਹੈ ਕਿ ਸਦੀ ਦੇ ਅੰਤ ਤੱਕ ਅਜਿਹੀ ਹੀ ਇੱਕ ਲੂ 3 ਡਿਗਰੀ ਸੈਲਸੀਅਸ (5.4 ਡਿਗਰੀ ਫਾਰਨਹਾਈਟ) ਵੱਧ ਗਰਮ ਹੋ ਸਕਦੀ ਹੈ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਾਰਬਨ ਪ੍ਰਦੂਸ਼ਣ ਦੇ ਮੌਜੂਦਾ ਮਾਰਗ ਦੇ ਤਹਿਤ, ਪਿਛਲੇ ਸਾਲ ਦੀ ਦੱਖਣ-ਪੱਛਮੀ ਸੰਯੁਕਤ ਰਾਜ ਅਤੇ ਮੈਕਸੀਕੋ ਦੀ ਲੂ ਵਰਗੀ ਇੱਕ ਲੂ ਸਦੀ ਦੇ ਅੰਤ ਤੱਕ 1.7 ਡਿਗਰੀ ਸੈਲਸੀਅਸ (3.1 ਡਿਗਰੀ ਫਾਰਨਹਾਈਟ) ਵੱਧ ਗਰਮ ਹੋ ਸਕਦੀ ਹੈ।

ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਦੇ ਜਨਤਕ ਸਿਹਤ ਅਤੇ ਜਲਵਾਯੂ ਵਿਗਿਆਨੀ ਕ੍ਰਿਸਟੀ ਏਬੀ, ਜੋ ਵੀਰਵਾਰ ਦੀ ਰਿਪੋਰਟ ਦਾ ਹਿੱਸਾ ਨਹੀਂ ਸਨ, ਨੇ ਕਿਹਾ ਕਿ ਹੋਰ ਸਮੂਹ ਵੀ ਪੀਅਰ-ਰਿਵਿਊਡ ਖੋਜ ਵਿੱਚ ਹਾਲੀਆ ਲੂ ਤੋਂ ਸੈਂਕੜੇ ਹਜ਼ਾਰਾਂ ਮੌਤਾਂ ਦਾ ਪਤਾ ਲਗਾ ਰਹੇ ਹਨ, ਜਿਸ ਵਿੱਚੋਂ ਜ਼ਿਆਦਾਤਰ ਮਨੁੱਖੀ ਕਾਰਨਾਂ ਕਰਕੇ ਹੋਏ ਜਲਵਾਯੂ ਪਰਿਵਰਤਨ ਕਾਰਨ ਹੈ।

ਜਿਹੜੇ 10 ਦੇਸ਼ਾਂ ਵਿੱਚ ਉਹਨਾਂ ਖ਼ਤਰਨਾਕ ਗਰਮੀ ਦੇ ਦਿਨਾਂ ਵਿੱਚ ਸਭ ਤੋਂ ਵੱਡਾ ਵਾਧਾ ਦੇਖਿਆ ਜਾਵੇਗਾ, ਉਹ ਲਗਭਗ ਸਾਰੇ ਛੋਟੇ ਅਤੇ ਸਮੁੰਦਰ 'ਤੇ ਨਿਰਭਰ ਹਨ, ਜਿਸ ਵਿੱਚ ਸੋਲੋਮਨ ਟਾਪੂ, ਸਮੋਆ, ਪਨਾਮਾ ਅਤੇ ਇੰਡੋਨੇਸ਼ੀਆ ਸ਼ਾਮਲ ਹਨ। ਉਦਾਹਰਨ ਲਈ, ਪਨਾਮਾ ਵਿੱਚ 149 ਵਾਧੂ ਸੁਪਰਹੌਟ ਦਿਨਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

ਗਰਮੀ ਫੈਲਾਉਣ ਵਾਲੀਆਂ ਸਭ ਤੋਂ ਘੱਟ ਗੈਸਾਂ ਫੈਲਾਉਣ ਵਾਲੇ ਦੇਸ਼ ਵੱਧ ਪ੍ਰਭਾਵਿਤ ਹੋ ਰਹੇ।

ਕੁੱਲ ਮਿਲਾ ਕੇ ਉਨ੍ਹਾਂ ਦੇਸ਼ਾਂ ਦੇ ਸਿਖਰਲੇ 10 ਨੇ ਹਵਾ ਵਿੱਚ ਮੌਜੂਦ ਗਰਮੀ ਫੈਲਾਉਣ ਵਾਲੀਆਂ ਗੈਸਾਂ ਦਾ ਸਿਰਫ਼ 1 ਫੀਸਦੀ ਹੀ ਪੈਦਾ ਕੀਤਾ, ਪਰ ਉਨ੍ਹਾਂ ਨੂੰ ਵਾਧੂ ਸੁਪਰਹੌਟ ਦਿਨਾਂ ਦਾ ਲਗਪਗ 13 ਫੀਸਦੀ ਮਿਲੇਗਾ।

ਪਰ ਸਭ ਤੋਂ ਵੱਧ ਕਾਰਬਨ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਭਾਵ ਸੰਯੁਕਤ ਰਾਜ, ਚੀਨ ਅਤੇ ਭਾਰਤ ਵਿੱਚ ਸਿਰਫ਼ 23 ਤੋਂ 30 ਵਾਧੂ ਸੁਪਰਹੌਟ ਦਿਨਾਂ ਦੀ ਉਮੀਦ ਹੈ। ਉਹ ਹਵਾ ਵਿੱਚ ਕਾਰਬਨ ਡਾਈਆਕਸਾਈਡ ਦੇ 42% ਲਈ ਜ਼ਿੰਮੇਵਾਰ ਹਨ, ਪਰ ਉਹਨਾਂ ਨੂੰ ਵਾਧੂ ਸੁਪਰਹੌਟ ਦਿਨਾਂ ਦਾ 1% ਤੋਂ ਵੀ ਘੱਟ ਮਿਲ ਰਿਹਾ ਹੈ।

ਯੂਨੀਵਰਸਿਟੀ ਆਫ਼ ਵਿਕਟੋਰੀਆ ਦੇ ਜਲਵਾਯੂ ਵਿਗਿਆਨੀ ਐਂਡਰਿਊ ਵੀਵਰ, ਜੋ ਅਧਿਐਨ ਟੀਮ ਦਾ ਹਿੱਸਾ ਨਹੀਂ ਸਨ, ਨੇ ਕਿਹਾ, "ਇਹ ਰਿਪੋਰਟ ਚੰਗੇ ਅਤੇ ਠੋਸ ਰੂਪ ਵਿੱਚ ਉਸ ਨੂੰ ਦਰਸਾਉਂਦੀ ਹੈ ਜੋ ਅਸੀਂ ਦਹਾਕਿਆਂ ਤੋਂ ਕਹਿ ਰਹੇ ਹਾਂ। ਗਲੋਬਲ ਵਾਰਮਿੰਗ ਦੇ ਪ੍ਰਭਾਵ ਗੈਰ-ਅਨੁਪਾਤਕ ਤੌਰ ’ਤੇ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਭਾਵਿਤ ਕਰਨਗੇ ਜਿਨ੍ਹਾਂ ਨੇ ਇਤਿਹਾਸਕ ਤੌਰ ’ਤੇ ਗ੍ਰੀਨਹਾਉਸ ਗੈਸਾਂ ਦੀ ਮਹੱਤਵਪੂਰਨ ਮਾਤਰਾ ਦਾ ਨਿਕਾਸ ਨਹੀਂ ਕੀਤਾ ਹੈ।"

"ਗਲੋਬਲ ਵਾਰਮਿੰਗ ਹੋਣ ਅਤੇ ਨਾ ਹੋਣ ਵਾਲੇ ਦੇਸ਼ਾਂ ਦੇ ਵਿਚਕਾਰ ਇੱਕ ਹੋਰ ਫਾੜ ਪੈਦਾ ਕਰ ਰਹੀ ਹੈ; ਇਹ ਆਖਰਕਾਰ ਹੋਰ ਭੂ-ਰਾਜਨੀਤਿਕ ਅਸਥਿਰਤਾ ਦੇ ਬੀਜ ਬੀਜੇਗਾ।"

ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਕਾਰਬਨ ਪ੍ਰਦੂਸ਼ਣ ਦੇ ਮੌਜੂਦਾ ਮਾਰਗ ਦੇ ਤਹਿਤ ਸਦੀ ਦੇ ਅੰਤ ਤੱਕ ਹਵਾਈ ਅਤੇ ਫਲੋਰੀਡਾ ਉਹ ਅਮਰੀਕੀ ਰਾਜ ਹਨ ਜਿੱਥੇ ਸੁਪਰਹੌਟ ਦਿਨਾਂ ਵਿੱਚ ਸਭ ਤੋਂ ਵੱਡਾ ਵਾਧਾ ਹੋਵੇਗਾ, ਜਦੋਂ ਕਿ ਇਡਾਹੋ ਵਿੱਚ ਸਭ ਤੋਂ ਛੋਟੀ ਛਾਲ ਦੇਖੀ ਜਾਵੇਗੀ।

ਪੌਟਸਡਮ ਜਲਵਾਯੂ ਸੰਸਥਾਨ ਦੇ ਨਿਰਦੇਸ਼ਕ ਜੋਹਾਨ ਰੌਕਸਟ੍ਰੋਮ, ਜੋ ਖੋਜ ਦਾ ਹਿੱਸਾ ਨਹੀਂ ਸਨ, ਨੇ ਕਿਹਾ ਕਿ ਹਾਲਾਂਕਿ ਰਿਪੋਰਟ ਸਮਝਦਾਰੀ ਵਾਲੀ ਹੈ, ਲੋਕਾਂ ਨੂੰ ਰਾਹਤ ਨਹੀਂ ਮਹਿਸੂਸ ਕਰਨੀ ਚਾਹੀਦੀ ਕਿ ਅਸੀਂ ਹੁਣ 4-ਡਿਗਰੀ ਗਰਮੀ ਦੇ ਪੂਰਵ-ਪੈਰਿਸ ਮਾਰਗ ’ਤੇ ਨਹੀਂ ਹਾਂ ਕਿਉਂਕਿ ਮੌਜੂਦਾ ਮਾਰਗ "ਅਜੇ ਵੀ ਧਰਤੀ 'ਤੇ ਅਰਬਾਂ ਮਨੁੱਖਾਂ ਲਈ ਇੱਕ ਵਿਨਾਸ਼ਕਾਰੀ ਭਵਿੱਖ ਦਾ ਸੰਕੇਤ ਦੇਵੇਗਾ।"

# ਨਵਾਂ ਇਤਿਹਾਸ ਸਿਰਜ ਗਈ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਦੀ ਸਿਲਵਰ ਜੁਬਲੀ ਕਾਨਫ਼ਰੰਸ

*(ਸਫਾ 7 ਦੀ ਬਾਕੀ)*

ਪੰਜਾਬੀ ਪਾਠਕਾਂ ਨੂੰ ਵੀ ਨਿਰਾਸ਼ ਕਰਦੀਆਂ ਹਨ ਅਤੇ ਪਾਠਕਾਂ ਦੀ ਸਾਹਿਤ ਪ੍ਰਤੀ ਦਿਲਚਸਪੀ ਘਟਾਉਣ ਦਾ ਕਾਰਨ ਵੀ ਬਣਦੀਆਂ ਹਨ। ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ ਦਲਜੀਤ ਸਰਾਂ ਅਤੇ ਪ੍ਰਧਾਨਗੀ ਕੀਤੀ ਡਾ। ਗੁਰਪ੍ਰੀਤ ਧੁੱਗਾ ਨੇ। ਕਾਨਫ਼ਰੰਸ ਦੌਰਾਨ ਦੋ ਦਿਨ ਵਿਸ਼ਾਲ ਕਵੀ ਦਰਬਾਰ ਵੀ ਹੋਇਆ। ਪਹਿਲੇ ਦਿਨ ਕਵੀ ਦਰਬਾਰ ਦਾ ਸੰਚਾਲਨ ਵਿਪਸਾ ਮੀਤ ਪ੍ਰਧਾਨ ਅਤੇ ਸ਼ਾਇਰ/ਲੇਖਕ ਸੁਰਿੰਦਰ ਸੀਰਤ ਨੇ ਕੀਤਾ ਅਤੇ ਕਵੀ ਦਰਬਾਰ ਲਈ ਸ਼ਮਾ ਰਾਕਿੰਦ ਕੌਰ ਨੇ ਰੋਸ਼ਨ ਕੀਤੀ। ਦੂਜੇ ਦਿਨ ਕਵੀ ਦਰਬਾਰ ਦਾ ਸੰਚਾਲਨ ਵਿਪਸਾ ਸਰਪ੍ਰਸਤ ਸੁਖਵਿੰਦਰ ਕੰਬੋਜ ਅਤੇ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਕੀਤਾ। ਇਹਨਾਂ ਕਵੀ ਦਰਬਾਰਾਂ ਦੇ ਪ੍ਰਧਾਨ ਅਤੇ ਮੁੱਖ ਮਹਿਮਾਨ ਸਨ ਦਰਸ਼ਨ ਬੁੱਟਰ, ਤਾਹਿਰਾ ਸਰਾ ਅਤੇ ਸ਼ਾਇਰ ਜਸਵਿੰਦਰ। ਹਾਜ਼ਰ ਕਵੀਆਂ ਵਿੱਚੋਂ ਇਸ ਕਵੀ ਦਰਬਾਰ ਵਿੱਚ ਕੁਲਵਿੰਦਰ, ਤਾਹਿਰਾ ਸਰਾ, ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਸਤੀਸ਼ ਗੁਲਾਟੀ, ਸੁਰ-ਜੀਤ ਸਖੀ, ਹਰਪ੍ਰੀਤ ਕੌਰ ਧੂਤ, ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਹਰਦਮ ਮਾਨ, ਜਸਵੀਰ ਗਿੱਲ, ਚਰਨਜੀਤ ਗਿੱਲ, ਦਿਲ ਨਿੱਝਰ,ਡਾ। ਅੰਬਰੀਸ਼, ਡਾ. ਮਨਜੀਤ ਕੌਰ, ਲਖਵਿੰਦਰ ਕੌਰ ਲੱਕੀ, ਨਛੱਤਰ ਭੋਗਲ ਭਾਖੜੀਆਣਾ, ਡਾ. ਬਿਕਰਮ ਸੋਹੀ, ਹਰਜਿੰਦਰ ਢੇਸੀ, ਦਲਜੀਤ ਰਿਆੜ, ਜਸਵੰਤ ਸ਼ਾਦ, ਦਲਵੀਰ ਕੌਰ ਯੂ.ਕੇ. ਡਾ. ਸੁਖਪਾਲ ਸੰਘੇੜਾ, ਪਿਆਰਾ ਸਿੰਘ ਕੁੱਦੋਵਾਲ, ਕੁਲਵਿੰਦਰ ਖਹਿਰਾ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਭੁਪਿੰਦਰ ਦੂਲੇ, ਲਖਵਿੰਦਰ ਗਿੱਲ, ਅਮਰ ਸੂਫ਼ੀ, ਗੁਰਚਰਨ ਸੱਗੂ, ਰਾਕਿੰਦ ਕੌਰ, ਰਾਜਵੰਤ ਕੌਰ ਸੰਧੂ, ਗੁਰਦੇਵ ਚੌਹਾਨ, ਗੁਲਸ਼ਨ ਦਿਆਲ, ਅਰਤਿੰਦਰ ਸੰਧੂ, ਅੰਜੂ ਮੀਰਾ, ਮੁਕੇਸ਼ ਸ਼ਰਮਾ, ਗੁਰੂਤੇਜ ਪਾਰਸਾ, ਡਾ. ਕੁਲਜੀਤ ਜੰਜੂਆ, ਬਲਬੀਰ ਸਿੰਘ ਐਮ.ਏ., ਅਮਰਜੀਤ ਜੌਹਲ, ਹਰਕੰਵਲਜੀਤ ਸਾਹਿਲ, ਕਾਕਾ ਕਲੇਰ, ਡਾ. ਇੰਦਰਪਾਲ ਕੌਰ, ਹਰਜੀਤ ਹਮਸਫ਼ਰ, ਕੁਲਵੰਤ ਸੇਖੋਂ, ਸੁੱਖੀ ਧਾਲੀਵਾਲ, ਅਮਰਜੀਤ ਕੌਰ ਪੰਨੂ, ਐਸ਼ ਕੁਮ ਐਸ਼, ਗਗਨਦੀਪ ਮਾਹਲ ਅਤੇ ਹੋਰ ਸਥਾਨਕ ਕਵੀਆਂ ਨੇ ਆਪਣਾ ਕਲਾਮ ਪੇਸ਼ ਕੀਤਾ।

ਵਿਪਸਾ ਪ੍ਰਧਾਨ ਕੁਲਵਿੰਦਰ ਨੇ ਸਾਰੇ ਮੈਂਬਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਕਾਨਫ਼ਰੰਸ ਨੂੰ ਸਫਲ ਬਣਾਉਣ ਲਈ ਕਈ ਹਫ਼ਤੇ ਮਿਹਨਤ ਕੀਤੀ। ਕਾਨਫ਼ਰੰਸ ਹਾਲ ਵਿੱਚ ਕਵੀ/ਅਦਾਕਾਰ ਅਤੇ ਚਿੱਤਰਕਾਰ ਮੁਕੇਸ਼ ਸ਼ਰਮਾ ਅਤੇ ਰਿੰਮੀ ਸੰਧੂ ਵਲੋਂ ਬਣਾਏ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਕਾਨਫ਼ਰੰਸ ਸਟੇਜ ਦਾ ਡਿਜ਼ਾਈਨ ਮੁਕੇਸ਼ ਸ਼ਰਮਾ ਅਤੇ ਵਿਜੇ ਸਿੰਘ ਨੇ ਕੀਤਾ। ਆਸਿਫ ਰਜ਼ਾ ਨੇ ਗ੍ਰਾਫਿਕ ਡਿਜ਼ਾਈਨ ਵਿੱਚ ਦੂਰ ਬੈਠਿਆਂ ਯੋਗਦਾਨ ਪਾਇਆ। ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਤਿੰਨੇ ਦਿਨ ਸਟੇਜ ਸੂਤਰਧਾਰ ਦੀ ਭੂਮਿਕਾ ਨਿਭਾਈ।

ਕਾਨਫ਼ਰੰਸ ਦੌਰਾਨ ਹੋਏ ਵੱਖ ਵੱਖ ਸੈਸ਼ਨਾਂ ਦੀ ਪ੍ਰਧਾਨਗੀ ਡਾ। ਵਰਿਆਮ ਸੰਧੂ, ਡਾ। ਰਾਜੇਸ਼ ਸ਼ਰਮਾ, ਡਾ। ਮਨਜਿੰਦਰ ਸਿੰਘ, ਡਾ। ਗੁਰਪਾਲ ਸਿੰਘ ਸੰਧੂ, ਡਾ. ਜਸਵਿੰਦਰ, ਡਾ. ਬਲਦੇਵ ਧਾਲੀਵਾਲ, ਸ਼ਾਇਰ ਜਸਵਿੰਦਰ, ਦਰਸ਼ਨ ਬੁੱਟਰ, ਤਾਹਿਰਾ ਸਰਾ, ਗੁਰਪ੍ਰੀਤ ਧੁੱਗਾ, ਦਲਜੀਤ ਸਰਾਂ ਅਤੇ ਡਾ। ਧਨੰਵਤ ਕੌਰ ਅਤੇ ਡਾ. ਬਲਜੀਤ ਕੌਰ ਨੇ ਕੀਤੀ। ਪ੍ਰਬੰਧਕਾਂ ਵੱਲੋਂ ਅਕਾਦਮੀ ਨੂੰ ਸਪਾਂਸਰ ਕਰਨ ਵਾਲੀਆਂ ਸਖ਼ਸ਼ੀਅਤਾਂ ਸਰਵ ਸ੍ਰੀ ਜਸਵੀਰ ਗਿੱਲ, ਸੁਰਿੰਦਰ ਧਨੋਆ, ਪ੍ਰੋ. ਸੁਖਦੇਵ ਸਿੰਘ, ਬਲਵਿੰਦਰ (ਲਾਲੀ) ਧਨੋਆ, ਐਸ਼ ਕੁਮ ਐਸ਼, ਡਾ. ਗੁਰਪ੍ਰੀਤ ਧੁੱਗਾ, ਪੰਕਜ ਆਂਸਲ, ਡਾ. ਸਰਬਜੀਤ ਹੁੰਦਲ, ਬਲਜਿੰਦਰ ਸਵੈਚ, ਸੁਰਿੰਦਰਪਾਲ ਸਿੰਘ ਦਾ ਸਨਮਾਨ ਕੀਤਾ ਗਿਆ। ਅੰਤ ਵਿੱਚ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਕਾਨਫ਼ਰੰਸ ਨੂੰ ਸਫਲਤਾ ਤੀਕ ਪੁਚਾਉਣ ਲਈ ਆਪਣੀ ਸਮੁੱਚੀ ਕਾਰਜਸ਼ੀਲ ਟੀਮ ਅਤੇ ਹਾਜ਼ਰ ਵਿਦਵਾਨਾਂ ਮਹਿਮਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਦੀ ਉਮੀਦ ਜ਼ਾਹਿਰ ਕੀਤੀ।

ਇਹ ਵੀ ਇਸ ਕਾਨਫ਼ਰੰਸ ਦੀ ਸਾਰਥਿਕਤਾ ਰਹੀ ਕਿ ਇਸ ਨੇ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਬਾਰੇ ਪੰਜਾਬ ਦੇ ਲੇਖਕਾਂ, ਵਿਦਵਾਨਾਂ ਵਿੱਚ ਪਾਏ ਜਾਂਦੇ ਉਨ੍ਹਾਂ ਸਾਰੇ ਭਰਮਾਂ, ਮਾਪਦੰਡਾਂ ਨੂੰ ਮਾਤ ਦੇ ਦਿੱਤੀ ਕਿ ‘ਵਿਦੇਸ਼ਾਂ ਵਿਚ ਹੁੰਦੀਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਵਿਚ ਕੋਈ ਗੰਭੀਰ ਸਾਹਿਤਕ ਗੱਲ ਨਹੀਂ ਹੁੰਦੀ’। ਕਾਨਫ਼ਰੰਸ ਵਿਚ ਪੰਜਾਬ ਤੋਂ ਵਿਸ਼ੇਸ਼ ਤੌਰ ‘ਤੇ ਪਹੁੰਚੇ ਡਾ. ਮਨਜਿੰਦਰ ਸਿੰਘ ਦਾ ਕਹਿਣਾ ਸੀ ਕਿ ਇਸ ਕਾਨਫ਼ਰੰਸ ਨੇ ਉਨ੍ਹਾਂ ਦੇ ਮਨ ਵਿਚ ਵਿਦੇਸ਼ਾਂ ਵਿਚ ਹੁੰਦੀਆਂ ਸਾਹਿਤਕ ਕਾਨਫ਼ਰੰਸਾਂ ਬਾਰੇ ਬਣੇ ਖ਼ਿਆਲ ਨੂੰ ਗ਼ਲਤ ਸਾਬਿਤ ਕਰ ਦਿੱਤਾ ਹੈ। ਕਾਨਫ਼ਰੰਸ ਵਿਚ ਵੱਖ ਵੱਖ ਸਾਹਿਤਕ ਵਿਸ਼ਿਆਂ ਉੱਪਰ ਵਿਦਵਾਨਾਂ ਨੇ ਬਹੁਤ ਹੀ ਗੰਭੀਰ ਵਿਚਾਰ ਚਰਚਾ ਕੀਤੀ ਅਤੇ ਲੇਖਕਾਂ, ਪਾਠਕਾਂ ਅਤੇ ਸਰੋਤਿਆਂ ਨੇ ਵੀ ਸਮੁੱਚੀ ਕਾਨਫ਼ਰੰਸ ਦੀ ਗੰਭੀਰਤਾ ਨੂੰ ਕਾਇਮ ਰੱਖਿਆ।

ਡਾ. ਬਲਦੇਵ ਧਾਲੀਵਾਲ, ਡਾ. ਗੁਰਪਾਲ ਸਿੰਘ ਸੰਧੂ ਅਤੇ ਡਾ. ਜਸਵਿੰਦਰ ਨੇ ਵੀ ਅਜਿਹਾ ਇਜ਼ਹਾਰ ਕਰਦਿਆਂ ਕਿਹਾ ਕਿ ਅਜਿਹੀਆਂ ਸਾਹਿਤਕ ਕਾਨਫ਼ਰੰਸਾਂ ਪੰਜਾਬ ਵਿਚ ਵੀ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com



# ਹੁਸ਼ਿਆਰਪੁਰ ਦਾ ਇਕ ਪਿੰਡ, ਜਿੱਥੇ ਹਰ ਘਰ ਵਿਚ ਫੌਜੀ

"ਉਹ ਬਹੁਤ ਸਮਾਰਟ ਸੀ। ਜਵਾਨ ਸੀ। ਸੁਭਾਸ਼ ਚੰਦਰ ਬੋਸ ਵਾਂਗ ਉਨ੍ਹਾਂ ਦਾ ਪਹਿਰਾਵਾ ਸੀ। ਥੱਲਿ ' ਪੈਂਟ ਤੰਗ ਅਤੇ ਬੂਟ ਪਹਿਨੇ ਹੋਏ ਸਨ। ਪੁਰਾਣੇ ਸਟਾਈਲ ਦੀ ਸ਼ਰਟ ਸੀ।" ਹੁਸ਼ਿਆਰਪੁਰ ਦੇ ਪ੍ਰਾਚੀਨ ਪਿੰਡ ਢੋਲਬਾਹਾ ਦੇ ਵਸਨੀਕ ਨਿਰਮਲ ਸਿੰਘ ਆਪਣੇ ਦਾਦੇ ਦੀ ਦਿੱਖ ਦਾ ਵਰਨਣ ਕਰ ਰਹੇ ਹਨ। ਨਿਰਮਲ ਸਿੰਘ ਦੇ ਦਾਦਾ ਹੌਲਦਾਰ ਧੀਰਜ ਸਿੰਘ ਢੋਲਬਾਹਾ ਪਿੰਡ ਦੇ ਉਨ੍ਹਾਂ 73 ਨੌਜਵਾਨਾਂ ਵਿਚੋਂ ਇੱਕ ਸਨ, ਜਿਹੜੇ ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਵੱਲੋਂ ਲੜੇ ਸਨ। ਇਨ੍ਹਾਂ 73 ਨੌਜਵਾਨਾਂ ਵਿਚੋਂ ਹੌਲਦਾਰ ਧੀਰਜ ਸਿੰਘ ਅਤੇ ਹੋਰ 7 ਨੌਜਵਾਨ ਕਦੀ ਵੀ ਪਿੰਡ ਵਾਪਸ ਨਹੀਂ ਪਰਤੇ। ਉਹ ਪਹਿਲੇ ਵਿਸ਼ਵ ਯੁੱਧ ਦੌਰਾਨ ਮਾਰੇ ਗਏ ਸਨ। ਇਹਨਾਂ ਨੌਜਵਾਨਾਂ ਦਾ ਖ਼ੂਬਸੂਰਤ ਤੇ ਪ੍ਰਾਚੀਨ ਪਿੰਡ ਢੋਲਬਾਹੇ ਦਾ ਹਰ ਘਰ ਅੱਜ ਵੀ ਬਹਾਦਰੀ ਅਤੇ ਹੌਂਸਲੇ ਦੀ ਵਿਰਾਸਤ ਸਾਂਭੀ ਬੈਠਾ ਹੈ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਇਸ ਪਿੰਡ ਦੇ ਨੌਜਵਾਨਾਂ ਨੇ ਹਥਿਆਰਬੰਦ ਫੌਜਾਂ ਵਿੱਚ ਸ਼ਾਮਲ ਹੋਣ ਦੀ ਪਰੰਪਰਾ ਨੂੰ ਜਾਰੀ ਰੱਖਿਆ। ਇਸ ਕਰਕੇ ਢੋਲਬਾਹਾ 'ਫੌਜੀਆਂ ਦਾ ਪਿੰਡ' ਦੇ ਨਾਮ ਨਾਲ ਮਸ਼ਹੂਰ ਹੈ। ਇੱਥੋਂ ਦੇ ਵਸਨੀਕਾਂ ਮੁਤਾਬਕ ਪਿੰਡ ਦਾ ਸ਼ਾਇਦ ਹੀ ਕੋਈ ਘਰ ਅਜਿਹਾ ਹੋਵੇਗਾ, ਜਿਸ ਵਿੱਚ ਕੋਈ ਸਾਬਕਾ ਜਾਂ ਮੌਜੂਦਾ ਫੌਜੀ ਨਾ ਹੋਵੇ।

ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਪੁਰਾਲੇਖ ਵਿਭਾਗ ਮੁਤਾਬਕ ਢੋਲਬਾਹਾ ਇੱਕ ਪੁਰਾਤਨ ਪਿੰਡ ਹੈ। ਪਿੰਡ ਵਿੱਚ ਕਈ ਸੈਂਕੜੇ ਸਾਲਾਂ ਪੁਰਾਣੀਆਂ ਮੂਰਤੀਆਂ ਅਤੇ ਕਲਾਕ੍ਰਿਤੀਆਂ ਮਿਲੀਆਂ ਹਨ। ਵਿਭਾਗ ਮੁਤਾਬਕ ਇਹ ਮੁੱਢਲੇ ਸਮੇਂ ਤੋਂ ਹੀ ਰਹਿਣ ਦਾ ਸਥਾਨ ਰਿਹਾ ਹੈ। ਪੁਰਾਤੱਤਵ ਖੋਜਾਂ ਨੇ ਇਸ ਦੀਆਂ ਪੁਰਾਤਨ ਵਸਤਾਂ ਨੂੰ ਪਲਾਈਸਟੋਸੀਨ ਕਾਲ ਨਾਲ ਜੋੜਿਆ ਹੈ। ਪਿੰਡ ਵਿੱਚੋਂ ਮਿਲੀਆਂ ਪੁਰਾਤਨ ਮੂਰਤੀਆਂ ਅਤੇ ਕਲਾਕ੍ਰਿਤੀਆਂ ਵਾਸਤੇ ਪਿੰਡ ਵਿੱਚ ਇੱਕ ਅਜਾਇਬ ਘਰ ਬਣਇਆ ਹੋਇਆ ਹੈ।

ਪਿੰਡ ਵਾਸੀਆਂ ਮੁਤਾਬਕ ਪਹਿਲੇ ਵਿਸ਼ਵ-ਯੁੱਧ ਵਿੱਚ ਲੜਨ ਵਾਲੇ ਅਤੇ ਜਾਨ ਗਵਾਉਣ ਵਾਲਿਆਂ ਦੇ ਪਰਿਵਾਰਕ ਮੈਂਬਰ ਜਾਂ ਤਾਂ ਦੇਸ਼ ਦੀ ਵੰਡ ਦੌਰਾਨ ਪਾਕਿ-ਸਤਾਨ ਚਲੇ ਗਏ ਜਾਂ ਮਗਰੋਂ ਪਿੰਡ ਛੱਡ ਕੇ ਕਿਤੇ ਹੋਰ ਵੱਸ ਗਏ। ਪਿੰਡ ਵਿੱਚ ਹੁਣ ਸਿਰਫ਼ ਹੌਲਧਾਰ ਧੀਰਜ ਸਿੰਘ ਦੀ ਹੀ ਤੀਜੀ ਪੀੜ੍ਹੀ ਰਹਿੰਦੀ ਹੈ। ਨਿਰਮਲ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਆਪਣੇ ਦਾਦੇ ਦੀ ਬ੍ਰਿਟਿਸ਼ ਇੰਡੀਅਨ ਆਰਮੀ ਦੀ ਵਰਦੀ ਵਿੱਚ ਤਸਵੀਰ ਦੇਖੀ ਸੀ। ਇਸ ਵਿੱਚ ਉਹ ਸੁਭਾਸ਼ ਚੰਦਰ ਬੋਸ ਵਰਗੇ ਨਜ਼ਰ ਆਉਂਦੇ ਸਨ। ਇਹ ਤਸਵੀਰ ਹੀ ਉਨ੍ਹਾਂ ਦੀ ਆਖ਼ਰੀ ਨਿਸ਼ਾਨੀ ਸੀ। "ਮੈਂ ਤਸਵੀਰ ਦੇਖੀ ਸੀ। ਸਾਡੇ ਘਰ ਲੱਗੀ ਹੁੰਦੀ ਸੀ। ਕਈ ਸਾਲ ਪਹਿਲਾਂ ਸਾਡੇ ਮਕਾਨ ਸੜ੍ਹ ਗਏ ਸਨ ਅਤੇ ਤਸਵੀਰ ਵੀ ਉਸੇ ਅੱਗ ਵਿੱਚ ਸੜ ਗਈ ਸੀ।"

ਪਹਿਲੇ ਵਿਸ਼ਵ ਯੁੱਧ ਵਿੱਚ ਲੜ੍ਹ ਵਾਲੇ ਨੌਜਵਾਨਾਂ ਦੀ ਯਾਦ ਵਿੱਚ ਢੋਲਬਾਹਾ ਪਿੰਡ ਵਿੱਚ ਇੱਕ ਜੰਗੀ ਯਾਦਗਾਰ ਬਣੀ ਹੋਈ ਹੈ। ਇਸ ਯਾਦਗਾਰ ਦੇ ਥੰਮ੍ਹਾਂ ਉੱਤੇ ਪਹਿਲੇ ਵਿਸ਼ਵ ਯੁੱਧ ਵਿੱਚ ਮਰਨ ਵਾਲੇ ਨੌਜਵਾਨਾਂ ਦੇ ਨਾਮ ਅਤੇ ਜੰਗ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਗਿਣਤੀ ਲਿਖੀ ਹੋਈ ਹੈ। ਇਸ ਜੰਗੀ ਯਾਦਗਾਰ ਦੀ ਸੰਭਾਲ ਵਾਸਤੇ ਪਿੰਡ ਵਾਲਿਆਂ ਨੇ ਇੱਕ ਕਮੇਟੀ ਬਣਾਈ ਹੋਈ ਹੈ, ਜਿਹੜੀ ਪਿਛਲੇ ਕਈ ਸਾਲਾਂ ਤੋਂ ਯਾਦਗਾਰ ਦੀ ਸਾਂਭ-ਸੰਭਾਲ ਕਰ ਰਹੀ ਹੈ। ਸੇਵਾ-ਮੁਕਤ ਸੂਬੇਦਾਰ ਮੇਜਰ ਸ਼ਕਤੀ ਸਿੰਘ ਇਸ ਕਮੇਟੀ ਦੇ ਪ੍ਰਧਾਨ ਹਨ। ਉਨ੍ਹਾਂ ਦੱਸਿਆ ਕਿ ਸਾਲ 1919-20 ਵਿੱਚ ਪਿੰਡ ਦੇ ਇੱਕ ਨਿੱਜੀ ਸਕੂਲ ਵਿੱਚ ਇੱਕ ਯਾਦਗਾਰ ਬਣਾਈ ਗਈ ਸੀ। ਇਸ ਯਾਦਗਾਰ ਵਿੱਚ ਇੱਕ ਪੱਥਰ ਦੀ ਤਖ਼ਤੀ ਉੱਤੇ ਆਪਣੀ ਜਾਨ ਗਵਾਉਣ ਵਾਲੇ ਨੌਜਵਾਨਾਂ ਦੇ ਨਾਲ ਉੱਕਰੇ ਗਏ ਸਨ। ਨਾਲ ਹੀ ਜੰਗ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਗਿਣਤੀ ਉੱਕਰੀ ਗਈ ਸੀ। ਸ਼ਕਤੀ ਸਿੰਘ ਦੱਸਦੇ ਹਨ, "ਪਹਿਲਾਂ ਇੱਕ ਨਿੱਜੀ ਸਕੂਲ ਵਿੱਚ ਅੰਗਰੇਜ਼ਾਂ ਦੇ ਸ਼ਾਸਨ ਦੌਰਾਨ ਇੱਕ ਨਿੱਕੀ ਜਿਹੀ ਯਾਦਗਾਰ ਬਣਾਈ ਗਈ ਸੀ। ਮਗਰੋਂ ਉੱਥੇ ਡੈਮ ਬਣਨ ਕਰਕੇ ਪਿੰਡ ਵਿੱਚ ਨਵੀਂ ਜਗ੍ਹਾ ਉੱਤੇ ਯਾਦਗਾਰ ਬਣਾਈ ਗਈ। ਨਵੀਂ ਯਾਦਗਾਰ ਵਿੱਚ ਪੁਰਾਣੀ ਯਾਦਗਾਰ ਵਾਲੇ ਪੱਥਰਾਂ ਨੂੰ ਸੰਭਾਲ ਕੇ ਉਸੇ ਤਰ੍ਹਾਂ ਲਗਾਇਆ ਗਿਆ।"

ਫੌਜੀ ਇਤਿਹਾਸ ਦੇ ਜਾਣਕਾਰ ਮਨਦੀਪ ਬਾਜਵਾ ਕਹਿੰਦੇ ਹਨ, "ਇਹ ਪਿੰਡ ਬਹੁਤ ਮਸ਼ਹੂਰ ਹੈ। ਪਿੰਡ ਵਿੱਚ ਬਣੇ ਜੰਗੀ ਯਾਦਗਾਰ ਵਿੱਚ ਲੱਗੀ ਪਲੇਕ ਆਫ਼ ਰੀਮੈਂਮਬਰੰਸ (ਪੱਥਰ ਦੀ ਯਾਦਗਾਰ ਤਖ਼ਤੀ) ਇਸਦੀ ਗਵਾਹ ਹੈ।" "ਪਹਿਲੇ ਵਿਸ਼ਵ ਯੁੱਧ ਮਗਰੋਂ ਅੰਗਰੇਜ਼ਾਂ ਨੇ ਉਨ੍ਹਾਂ ਸਾਰੇ ਪਿੰਡਾਂ ਨੂੰ ਮਾਨਤਾ ਦੇਣ ਦਾ ਫ਼ੈਸਲਾ ਕੀਤਾ ਸੀ, ਜਿਹੜੇ ਪਿੰਡਾਂ ਦੇ ਨੌਜਵਾਨ ਵਿਸ਼ਵ ਯੁੱਧ ਵਿੱਚ ਲੜੇ ਸਨ। ਇਨ੍ਹਾਂ ਪਿੰਡਾਂ ਨੂੰ ਮਾਨਤਾ ਦੇਣ ਲਈ ਯਾਦਗਾਰੀ ਤਖ਼ਤੀਆਂ ਲਗਾਈਆਂ ਗਈਆਂ ਸਨ। ਇਹਨਾਂ ਯਾਦਗਾਰੀ ਤਖ਼ਤੀਆਂ ਉੱਤੇ ਪਿੰਡਾਂ ਦੇ ਵਿਸ਼ਵ ਯੁੱਧ ਵਿੱਚ ਦਿੱਤੇ ਯੋਗਦਾਨ ਬਾਰੇ ਲਿਖਿਆ ਗਿਆ ਸੀ।" "ਇਹਨਾਂ ਤਖ਼ਤੀਆਂ ਦੇ ਦੋਵੇਂ ਸਿਰਿਆਂ ਉੱਪਰ ਦੋ ਤਾਰੇ ਬਣੇ ਹੁੰਦੇ ਹਨ, ਜਿਨ੍ਹਾਂ ਨੂੰ 'ਸਟਾਰ ਆਫ਼ ਡੇਵਿਡ' ਆਖਿਆ ਜਾਂਦਾ ਹੈ। ਇਹ ਦੋ ਤਾਰੇ ਅਤੇ ਪੱਥਰਾਂ ਉੱਤੇ ਲਿਖਾਈ ਦੀ ਸ਼ੈਲੀ, ਅੰਗਰੇਜ਼ਾਂ ਨੂੰ ਪਿੰਡ ਦੇ ਯੋਗਦਾਨ ਨੂੰ ਮਾਨਤਾ ਦੇਣ ਦਾ ਸਬੂਤ ਹੈ।" ਬਾਜਵਾ ਆਖਦੇ ਹਨ, "ਕਈ ਕਾਰਨਾਂ ਕਰਕੇ ਅੰਗਰੇਜ਼ ਸਾਰੇ ਪਿੰਡਾਂ ਨੂੰ ਮਾਨਤਾ ਨਹੀਂ ਦੇ ਸਕੇ। ਹਾਲਾਂਕਿ ਉਨ੍ਹਾਂ ਨੇ ਵਿਸ਼ਵ ਜੰਗ ਵਿੱਚ ਯੋਗਦਾਨ ਦੇਣ ਵਾਲੇ ਸਾਰੇ ਪਿੰਡਾਂ ਵਿੱਚ ਅਜਿਹੀਆਂ ਤਖ਼ਤੀਆਂ ਲਗਾਉਣ ਦਾ ਫ਼ੈਸਲਾ ਕੀਤਾ ਸੀ।" ਬਹਾਦਰੀ, ਜਜ਼ਬੇ ਅਤੇ ਹੌਂਸਲੇ ਦੀ ਕਹਾਣੀ, ਇਸ ਪਿੰਡ ਦੇ ਕਿਸੇ ਇੱਕ ਪਰਿਵਾਰ ਦੀ ਨਹੀਂ ਹੈ, ਸਗੋਂ ਹਰ ਘਰ ਦੀ ਕਹਾਣੀ ਹੈ। ਪਿੰਡ ਦੇ ਸਰਪੰਚ ਮੰਗਤ ਰਾਮ ਦੇ ਪਿਤਾ ਵੀ ਸਾਬਕਾ ਫੌਜੀ ਸਨ ਅਤੇ ਉਨ੍ਹਾਂ ਦੀ ਨੌਕਰੀ ਦੌਰਾਨ ਇੱਕ ਹਾਦਸੇ ਵਿੱਚ ਮੌਤ ਹੋ ਗਈ ਸੀ। ਸਰਪੰਚ ਮੰਗਤ ਰਾਮ ਦੱਸਦੇ ਹਨ ਕਿ ਪਿੰਡ ਵਿੱਚ 623 ਘਰ ਹਨ। ਪਿੰਡ ਵਿੱਚ 317 ਸੇਵਾਮੁਕਤ ਫ਼ੌਜੀ ਅਤੇ 306 ਦੇ ਆਸ-ਪਾਸ ਨੌਜਵਾਨ ਮੌ-ਜੂਦਾ ਸਮੇਂ ਫੌਜ ਦੀ ਨੌਕਰੀ ਕਰ ਰਹੇ ਹਨ। ਉਹ ਦੱਸਦੇ ਹਨ, "ਹਰ ਘਰ ਵਿੱਚ ਸੇਵਾਮੁਕਤ ਜਾਂ ਸਰਵਿੰਗ ਫੌਜੀ ਹੈ। ਮੇਰੇ ਪਿਤਾ ਵੀ ਫੌਜ ਵਿੱਚ ਸਨ। ਸਾਨੂੰ ਮਾਣ ਮਹਿਸੂਸ ਹੁੰਦਾ ਹੈ ਜਦੋਂ ਸਾਡੇ ਪਿੰਡ ਨੂੰ ਫ਼ੌਜੀਆਂ ਦੇ ਪਿੰਡ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇੱਕ ਪਿੰਡ ਵਿੱਚੋਂ ਇੰਨੇ ਬੰਦੇ ਵਿਸ਼ਵ ਯੁੱਧ ਵਿੱਚ ਜਾਣੇ ਬਹੁਤ ਫ਼ਖਰ ਵਾਲੀ ਗੱਲ ਹੈ। ਇਹ ਇਸ ਪਿੰਡ ਦਾ ਸ਼ਾਨਦਾਰ ਇਤਿਹਾਸ ਹੈ।"




ਸਰਪੰਚ ਮੰਗਤ ਰਾਮ ਕਹਿੰਦੇ ਹਨ, "ਸਾਨੂੰ ਮਾਣ ਵੀ ਮਹਿਸੂਸ ਹੁੰਦਾ ਹੈ। ਪਰ ਜਿਸ ਪਰਿਵਾਰ ਦਾ ਮੈਂਬਰ ਸ਼ਹੀਦ ਹੁੰਦਾ ਹੈ, ਉਸ ਪਰਿਵਾਰ ਉੱਤੇ ਕੀ ਬੀਤਦੀ ਹੈ, ਉਹ ਹੀ ਜਾਣਦਾ ਹੈ।" ਪਹਿਲੇ ਵਿਸ਼ਵ ਯੁੱਧ ਵਿੱਚ ਜਾਨ ਗਵਾਉਣ ਵਾਲੇ ਹੌਲਦਾਰ ਧੀਰਜ ਦੀ ਤੀਜੀ ਅਤੇ ਚੌਥੀ ਪੀੜ੍ਹੀ ਦੇ ਨੌਜਵਾਨਾਂ ਨੇ ਵੀ ਭਾਰਤੀ ਸੁਰੱਖਿਆ ਬਲਾਂ ਵਿੱਚ ਆਪਣਾ ਯੋਗਦਾਨ ਦਿੱਤਾ ਹੈ। ਨਿਰਮਲ ਸਿੰਘ ਨੇ ਦੱਸਿਆ, "ਮੇਰੇ ਵੱਡੇ ਭਰਾ ਲਾਂਸ ਨਾਇਕ ਅਤੇ ਭਤੀਜਾ ਸੂਬੇਦਾਰ ਵਜੋਂ ਭਾਰਤੀ ਫੌਜ ਵਿੱਚੋਂ ਸੇਵਾਮੁਕਤ ਹਨ ਜਦਕਿ ਇੱਕ ਭਤੀਜਾ ਬੀ ਐੱਸ ਐੱਫ ਵਿੱਚ ਹੌਲਦਾਰ ਵਜੋਂ ਤੈਨਾਤ ਹੈ।"

ਹਥਿਆਰਬੰਦ ਕਾਰਵਾਈਆਂ ਵਿੱਚ ਪਿੰਡ ਦਾ ਯੋਗਦਾਨ

ਐਂਗਲੋ-ਅਫ਼ਗ਼ਾਨ ਯੁੱਧ ਵਿੱਚ 2 ਮੌਤਾਂ

73 ਨੌਜਵਾਨਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਹਿੱਸਾ ਲਿਆ

8 ਨੌਜਵਾਨਾਂ ਦੀ ਪਹਿਲੇ ਵਿਸ਼ਵ ਯੁੱਧ ਵਿੱਚ ਜਾਨ ਗਈ

2 ਨੌਜਵਾਨਾਂ ਦੀ ਦੂਜੇ ਵਿਸ਼ਵ ਯੁੱਧ ਵਿੱਚ ਜਾਨ ਗਈ

2 ਨੌਜਵਾਨ 1971 ਦੇ ਯੁੱਧ ਵਿੱਚ ਸ਼ਹੀਦ ਹੋਏ

1 ਨੌਜਵਾਨ ਸਾਲ 1995 ਵਿੱਚ ਅਪਰੇਸ਼ਨ 'ਰਕਸ਼ਕ' ਵਿੱਚ ਸ਼ਹੀਦ ਹੋਇਆ

1 ਜਵਾਨ ਕਾਰਗਿਲ ਦੀ ਜੰਗ ਵਿੱਚ ਜ਼ਖਮੀ ਹੋਇਆ।

SIMRAN
SIMRAN SINGH
DIRECTOR
+1 551 666 0493
KEEP IN MIND FOR ALL KIND OF
CINEMATIC STUFF
FILM MAKING / WEDDING / MUSIC / LIVE
www.simranproduction.com simranproduction@gmail.com
ਤੁਹਾਡਾ ਲੋਕਲ TV Channel
ਸਾਡਾ SADDA TV USA

ਸ਼ਬਦ ਘੱਟ-ਅਰਥ ਕਮਾਲ
Your's Local TV Channel
SIMRAN SINGH +1 551 666 0493
saddatvusa@gmail.com www.saddatv.com

LOWER YOUR INSURANCE RATES NOW
ASK ME HOW
MEHTAB SINGH
209-769-2540
Your Local Insurance Advisor
offering Personalized Service & Competitive rates
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ
AUTO, HOME, BUSINESS, COMMECIAL PROPERTY
MEHTAB (MIKE) SINGH
209-769-2540
INSURENOWWITHMIKE@GMAIL.COM
LIC # 4467263

# 'ਇਤਿਹਾਸ ਦੀ ਸਭ ਤੋਂ ਵਿਵਾਦਪੂਰਨ ਰਾਣੀ' ਜਿਸ ਦਾ ਸ਼ਰੇਆਮ ਸਿਰ ਵੱਢ ਦਿੱਤਾ ਗਿਆ



ਮੈਰੀ ਐਂਟੋਇਨੇਟ, ਯੂਰਪ ਦੀ ਉਹ ਮਹਿਲਾ ਸੀ ਜਿਸ ਨੂੰ ਸ਼ਾਇਦ ਸਭ ਤੋਂ ਵੱਧ ਨਫ਼ਰਤ ਕੀਤੀ ਗਈ। ਉਨ੍ਹਾਂ ਨੂੰ ਇੱਕ ਚਲਾਕ, ਸਾਜ਼ਿਸ਼ ਰਚਣ ਵਾਲੀ ਅਤੇ ਲਾਪਰਵਾਹੀ ਨਾਲ ਖਰਚ ਕਰਨ ਵਾਲੀ ਰਾਣੀ ਵਜੋਂ ਬਦਨਾਮ ਕੀਤਾ ਗਿਆ ਅਤੇ ਫਿਰ ਜਨਤਕ ਤੌਰ 'ਤੇ ਉਨ੍ਹਾਂ ਦਾ ਸਿਰ ਵੱਢ ਦਿੱਤਾ ਗਿਆ। ਹਾਲ ਹੀ ਇੱਕ ਵੱਡੀ ਪ੍ਰਦਰਸ਼ਨੀ ਵਿੱਚ ਉਨ੍ਹਾਂ ਬਾਰੇ ਕੁਝ ਮਿੱਥਾਂ ਦੀ ਸਮੀਖਿਆ ਕੀਤੀ ਗਈ। ਅਪ੍ਰੈਲ 1770 ਵਿੱਚ ਜਦੋਂ ਆਸਟਰੀਆ ਦੀ ਮਹਾਰਾਣੀ ਮਾਰੀਆ ਥੇਰੇਸਾ ਦੀ 14 ਸਾਲਾ ਧੀ ਆਰਚਡਚੇਸ ਮਾਰੀਆ ਐਂਟੋਨਿਏਟ, ਵਰਸੇਲਜ਼ ਦੇ ਮਹਿਲ ਵਿੱਚ ਫਰਾਂਸ ਦੇ ਭਵਿੱਖ ਦੇ ਰਾਜਾ ਲੂਈ ਯਤੀ ਨਾਲ ਵਿਆਹ ਕਰਨ ਲਈ ਤਿਆਰ ਹੋ ਰਹੀ ਸੀ, ਤਾਂ ਮਹਾਰਾਣੀ ਮਾਰੀਆ ਥੇਰੇਸਾ ਨੇ ਆਪਣੀ ਧੀ ਨੂੰ ਸੁਚੇਤ ਕੀਤਾ, "ਸਾਰੀਆਂ ਨਜ਼ਰਾਂ ਤੁਹਾਡੇ 'ਤੇ ਹੋਣਗੀਆਂ"। ਫਿਰ ਵੀ, ਮੈਰੀ ਐਂਟੋਇਨੇਟ, ਜਿਨ੍ਹਾਂ ਨੂੰ ਬਾਅਦ ਵਿੱਚ ਆਰਚਡਚੇਸ ਵਜੋਂ ਜਾਣਿਆ ਗਿਆ, ਨਾਲ ਜੋ ਬੀਤੀ ਉਹ ਉਮੀਦ ਨਾਲੋਂ ਕਿਤੇ ਜ਼ਿਆਦਾ ਬੇਰਹਿਮ ਸੀ। ਉਨ੍ਹਾਂ ਨੂੰ ਇੱਕ ਬੇਰਹਿਮ, ਸਾਜ਼ਿਸ਼ ਰਚਣ ਵਾਲੀ ਅਤੇ ਲਾਪਰਵਾਹੀ ਨਾਲ ਖਰਚ ਕਰਨ ਵਾਲੀ ਰਾਣੀ ਵਜੋਂ ਬਦਨਾਮ ਕੀਤਾ ਗਿਆ ਸੀ ਜਿਸ ਦੀ ਫਾਲਤੂ ਜੀਵਨ ਸ਼ੈਲੀ ਦੇਸ਼ ਨੂੰ ਦੀਵਾਲੀਆ ਕਰ ਰਹੀ ਸੀ। ਇਸ ਸਭ ਨੇ ਫਰਾਂਸੀਸੀ ਕ੍ਰਾਂਤੀ ਦੀ ਲਹਿਰ ਛੇੜੀ ਅਤੇ ਇੱਕ ਦੁਰਲੱਭ ਅਤੇ ਹੈਰਾਨੀਜਨਕ ਮਾਮਲੇ 'ਚ ਰਾਣੀ ਨੂੰ ਜਨਤਕ ਤੌਰ 'ਤੇ ਮੌਤ ਦੀ ਸਜ਼ਾ ਦਿੱਤੀ ਗਈ। ਮੈਰੀ ਐਂਟੋਇਨੇਟ ਪ੍ਰਤੀ ਸਾਡੀ ਰੁਚੀ ਕਦੇ ਵੀ ਘੱਟ ਨਹੀਂ ਹੋਈ ਪਰ ਉਨ੍ਹਾਂ ਦੀ ਕਹਾਣੀ ਨਾਲ ਜੁੜੇ ਕੁਝ ਸਵਾਲ ਉਠਦੇ ਰਹੇ ਹਨ, ਜਿਵੇਂ ਕਿ - ਕੀ ਵਾਕਈ ਉਹ ਨਫ਼ਰਤ ਦੇ ਲਾਇਕ ਸੀ ਜਾਂ ਫਿਰ ਉਹ ਵਿਰੋਧੀ ਹਿੱਤਾਂ ਦੀ ਕੁਰਬਾਨੀ ਚੜ੍ਹ ਗਈ ਅਤੇ ਝੂਠਾਂ ਕਾਰਨ ਬਦਨਾਮ ਹੋ ਗਈ?

ਮੈਰੀ ਐਂਟੋਇਨੇਟ ਸਬੰਧੀ ਇੱਕ ਲੰਦਨ ਦੇ ਵਿਕਟੋਰੀਆ ਐਂਡ ਅਲਬਰਟ ਮਿਊਜ਼ੀਅਮ ਵਿੱਚ 20 ਸਤੰਬਰ ਤੋਂ ਸ਼ੁਰੂ ਹੋਈ ਇੱਕ ਪ੍ਰਦਰਸ਼ਨੀ (ਮੈਰੀ ਐਂਟੋਇਨੇਟ ਸਟਾਈਲ) ਦੇ ਕਿਊਰੇਟਰ ਡਾਕਟਰ ਸਾਰਾਹ ਗ੍ਰਾਂਟ ਲਈ ਮੈਰੀ ਐਂਟੋਇਨੇਟ "ਇਸਤਿਹਾਸ ਦੀ ਸਭ ਤੋਂ ਫੈਸ਼ਨੇਬਲ, ਜਾਂਚੀ ਗਈ ਅਤੇ ਵਿਵਾਦਪੂਰਨ ਰਾਣੀ" ਹੈ। ਰਾਣੀ ਮੈਰੀ ਐਂਟੋਇਨੇਟ ਦੇ ਜਨਮ ਦੀ 270ਵੀਂ ਵਰ੍ਹੇਗੰਢ ਸਬੰਧੀ ਇਹ ਯਾਦਗਾਰੀ ਪ੍ਰਦਰਸ਼ਨੀ ਮੈਰੀ ਦੇ ਸਟਾਈਲ ਅਤੇ ਅੰਦਾਜ਼ ਦਾ ਜਸ਼ਨ ਮਨਾ ਰਹੀ ਹੈ ਅਤੇ ਉਨ੍ਹਾਂ ਨਾਲ ਜੁੜੇ ਕੁਝ ਮਿੱਥਾਂ 'ਤੇ ਸਵਾਲ ਵੀ ਉਠਾ ਰਹੀ ਹੈ। ਅਜਿਹਾ ਹੀ ਇੱਕ ਮਿੱਥ ਰਾਣੀ ਸਬੰਧੀ ਅਪੁਸ਼ਟ ਟਿੱਪਣੀ ਹੈ - "ਉਨ੍ਹਾਂ ਨੂੰ ਕੇਕ ਖਾਣ ਦਿਓ", ਜੋ ਕਿ ਫਰਾਂਸ 'ਚ ਰੋਟੀ ਦੀ ਘਾਟ ਦੇ ਮਾਮਲੇ 'ਚ ਉਨ੍ਹਾਂ ਦਾ ਇੱਕ ਰੁੱਖਾ ਜਵਾਬ ਕਿਹਾ ਜਾਂਦਾ ਹੈ। ਯੂਰਪੀਅਨ ਦਾਰਸ਼ਨਿਕ ਜੀਨ-ਜੈਕ ਰੂਸੋ ਨੇ ਆਪਣੀ 1765 ਦੀ ਰਚਨਾ "ਕਨਫੈਸ਼ਨਜ਼" ਵਿੱਚ ਇਸ ਟਿੱਪਣੀ ਦਾ ਸਿਹਰਾ "ਇੱਕ ਨੇਕ ਰਾਜਕੁਮਾਰੀ" ਨੂੰ ਦਿੱਤਾ ਸੀ, ਪਰ ਮੈਰੀ ਐਂਟੋਇਨੇਟ ਉਸ ਸਮੇਂ ਸਿਰਫ਼ ਦਸ ਸਾਲ ਦੇ ਸਨ ਅਤੇ ਅਜੇ ਆਸਟਰੀਆ ਵਿੱਚ ਹੀ ਸਨ। ਇਸ ਲਈ ਇਹ ਸੰਭਾਵਨਾ ਨਹੀਂ ਹੈ ਕਿ ਉਨ੍ਹਾਂ ਨੇ ਕਦੇ ਅਜਿਹਾ ਕਿਹਾ ਹੋਵੇ। "ਡਾਇਮੰਡ ਨੈਕਲੇਸ ਅਫੇਅਰ" (1785-6) ਦੇ ਰੂਪ ਵਿੱਚ ਮੈਰੀ ਬਾਰੇ ਹੋਰ ਵੀ ਝੂਠੀਆਂ ਖ਼ਬਰਾਂ ਫੈਲੀਆਂ, ਜਿਨ੍ਹਾਂ ਵਿੱਚ ਝੂਠਾ ਦਾਅਵਾ ਕੀਤਾ ਗਿਆ ਸੀ ਕਿ ਰਾਣੀ ਨੇ 600 ਤੋਂ ਵੱਧ ਹੀਰਿਆਂ ਵਾਲਾ ਇੱਕ ਹਾਰ ਮੰਗਵਾਇਆ ਸੀ। ਹਾਲਾਂਕਿ ਇਸ ਮਾਮਲੇ 'ਚ ਉਨ੍ਹਾਂ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਸੀ, ਪਰ ਇਸ ਝੂਠੀ ਖ਼ਬਰ ਨੇ ਰਾਣੀ ਦੀ ਉਸ ਤਸਵੀਰ ਨੂੰ ਹੋਰ ਮਜ਼ਬੂਤ ਕਰ ਦਿੱਤਾ ਜੋ ਦਿਖਾਉਂਦੀ ਸੀ ਕਿ ਉਹ ਫਜ਼ੂਲ ਖਰਚੀ ਕਰਨ ਵਾਲੀ ਮਹਿਲਾ ਹੈ।

ਉਸ ਹਾਰ ਨੂੰ ਸਦਰਲੈਂਡ ਹਾਰ ਵਜੋਂ ਜਾਣਿਆ ਜਾਂਦਾ ਹੈ ਅਤੇ ਉਸ ਦੀ ਇੱਕ ਨਕਲ ਐਕਸੀਬਿਸ਼ਨ (ਪ੍ਰਦਰਸ਼ਨੀ) ਵਿੱਚ ਵੀ ਰੱਖੀ ਗਈ ਸੀ। ਇਸ ਦੇ ਨਾਲ ਹੀ ਕੁਝ ਹੋਰ ਵਸਤੂਆਂ ਵੀ ਹਨ ਜੋ ਉਨ੍ਹਾਂ ਦੀ ਵਿਰਾਸਤ ਅਤੇ ਚੰਗੀਆਂ ਚੀਜ਼ਾਂ ਪ੍ਰਤੀ ਉਨ੍ਹਾਂ ਦੇ ਪ੍ਰੇਮ ਨੂੰ ਦਰਸਾਉਂਦੀਆਂ ਹਨ, ਜਿਵੇਂ ਕਿ ਫ੍ਰੈਂਚ ਰਿਵਾਈਵਲ (1800-1890) ਦੇ ਆਲੀਸ਼ਾਨ ਫਰਨੀਚਰ, ਜੋ ਮੈਰੀ ਦੇ ਸਟਾਈਲ ਨੂੰ ਦਰਸਾਉਂਦੇ ਹਨ। ਮੈਰੀ ਇੱਕ ਜਵਾਨ ਰਾਣੀ ਸਨ ਅਤੇ ਉਨ੍ਹਾਂ ਦੀ ਸ਼ਾਨਦਾਰ ਜੀਵਨ ਸ਼ੈਲੀ ਨੇ ਭੁੱਖੇ ਗਰੀਬਾਂ ਦੇ ਮਨਾਂ 'ਤੇ ਉਸੇ ਤਰ੍ਹਾਂ ਕੰਮ ਕੀਤਾ ਜਿਵੇਂ ਕੋਈ ਜ਼ਖ਼ਮ 'ਤੇ ਲੂਣ ਮਲ ਦੇਵੇ। ਉਨ੍ਹਾਂ ਦਾ ਪਤੀ ਕਮਜ਼ੋਰ ਅਤੇ ਆਲਸੀ ਸੀ। ਉਸ ਨੂੰ ਆਪਣੀ ਪਤਨੀ ਮੈਰੀ ਨਾਲੋਂ ਜ਼ਿਆਦਾ ਦਿਲਚਸਪੀ ਸ਼ਿਕਾਰ ਕਰਨ ਵਿੱਚ ਸੀ, ਅਤੇ ਵਿਆਹ ਦੇ ਸੱਤ ਸਾਲਾਂ ਤੱਕ ਉਸ ਨੇ ਆਪਣੀ ਪਤਨੀ ਨਾਲ ਕੋਈ ਆਨੰਦ ਨਹੀਂ ਮਾਣਿਆ। ਉਸ ਖਾਲੀਪਣ ਨੂੰ ਭਰਨ ਲਈ ਮੈਰੀ ਨੇ ਸ਼ਾਨਦਾਰ ਪਾਰਟੀਆਂ, ਜੂਏ ਅਤੇ ਫੈਸ਼ਨ ਵਿੱਚ ਆਪਣਾ ਮਨ ਬਹਿਲਾਉਣ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਪਹਿਰਾਵੇ ਅਜਿਹੇ ਹੁੰਦੇ ਸਨ ਮੰਨੋ ਕਿਸੇ ਨੇ ਕਲਪਨਾ ਨਾਲ ਸਜਾ ਦਿੱਤੇ ਹੋਣ। ਉਨ੍ਹਾਂ ਦੇ ਅਜਿਹੇ ਪਹਿਰਾਵੇ ਅਤੇ ਉੱਚੇ ਵਾਲਾਂ ਵਾਲੇ ਸਟਾਈਲ ਉਸ ਸਮੇਂ ਬਹੁਤ ਜ਼ਿਆਦਾ ਨਕਲ ਕੀਤੇ ਜਾਂਦੇ ਸਨ। ਉਹ ਬਾਅਦ ਵਿੱਚ ਇਹੀ ਵਿਵਾਦਿਤ ਰਾਣੀ, ਮੈਡੋਨਾ ਅਤੇ ਰਿਹਾਨਾ ਵਰਗੇ ਪੌਪ ਸਟਾਰਾਂ ਅਤੇ ਵਿਵੀਅਨ ਵੈਸਟਵੁੱਡ, ਡਾਇਰ ਅਤੇ ਮੋਸਚਿਨੋ ਵਰਗੇ ਫੈਸ਼ਨ ਡਿਜ਼ਾਈਨਰਾਂ ਲਈ ਪ੍ਰੇਰਨਾ ਬਣ ਗਈ।

**'ਮੈਡਮ ਡੈਫਿਸਿਟ'**

ਹਾਲਾਂਕਿ, ਉਨ੍ਹਾਂ ਨੂੰ ਦਿੱਤਾ ਗਿਆ 'ਮੈਡਮ ਡੈਫਿਸਿਟ' ਉਪਨਾਮ ਅਨੁਚਿਤ ਸੀ। ਭਾਵੇਂ ਉਹ ਰਾਜੇ ਦੇ ਭਰਾਵਾਂ ਨਾਲੋਂ ਘੱਟ ਖਰਚ ਕਰਦੇ ਸਨ ਅਤੇ ਬਹੁਤ ਸਾਰੇ ਬਿਗੜੈਲ ਫਰਾਂਸੀਸੀ ਰਾਜਿਆਂ ਵਿੱਚੋਂ ਮਹਿਜ਼ ਇੱਕ ਸਨ ਪਰ ਫਿਰ ਵੀ ਇਹ ਵਿਦੇਸ਼ੀ ਰਾਣੀ ਫਰਾਂਸੀਸੀ ਸਰਕਾਰ ਦੇ ਫੰਡਾਂ ਦੇ ਪ੍ਰਬੰਧਨ ਲਈ ਇੱਕ ਸੁਵਿਧਾਜਨਕ ਬਲੀ ਦਾ ਬੱਕਰਾ ਬਣ ਗਈ ਸੀ। ਡਾਕਟਰ ਸਾਰਾਹ ਗ੍ਰਾਂਟ ਨੇ ਦੱਸਿਆ, "ਫਰਾਂਸ ਦੀਵਾਲੀਆ ਹੋ ਗਿਆ, ਮੈਰੀ ਐਂਟੋਇਨੇਟ ਦੇ ਖਰਚਿਆਂ ਕਾਰਨ ਨਹੀਂ ਸਗੋਂ ਯੁੱਧਾਂ ਕਾਰਨ। ਅੱਜ ਉਨ੍ਹਾਂ ਦੇ ਕੱਪੜਿਆਂ ਦਾ ਬਜਟ ਲਗਭਗ ਇੱਕ ਮਿਲੀਅਨ ਡਾਲਰ ਹੋਵੇਗਾ, ਪਰ ਫਰਾਂਸ ਨੇ ਸਿਰਫ਼ ਅਮਰੀਕਾ ਦੀ ਆਜ਼ਾਦੀ ਦੀ ਲੜਾਈ 'ਤੇ ਹੀ 11.25 ਬਿਲੀਅਨ ਡਾਲਰ ਖਰਚ ਕਰ ਦਿੱਤੇ।" ਖਰਚਿਆਂ ਨੂੰ ਘਟਾਉਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਉਨ੍ਹਾਂ ਦੇ ਨਵੇਂ ਦੁਸ਼ਮਣ ਬਣਾ ਦਿੱਤੇ। ਡਾਕਟਰ ਸਾਰਾਹ ਗ੍ਰਾਂਟ ਦੇ ਅਨੁਸਾਰ, "ਜਦੋਂ ਮੈਰੀ ਨੇ ਰੇਸ਼ਮ ਪਹਿਨਣਾ ਬੰਦ ਕਰ ਦਿੱਤਾ ਤਾਂ ਰੇਸ਼ਮ ਉਦਯੋਗ ਢਹਿ ਗਿਆ, ਕਿਉਂਕਿ ਲੋਕਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰਾ ਸੀ।" ਇਹ 1783 ਵਿੱਚ ਹੋਰ ਵੀ ਪ੍ਰਸਿੱਧ ਹੋ ਗਿਆ ਜਦੋਂ ਮੈਰੀ ਨੇ ਇੱਕ 'ਆਮ' ਪੋਸ਼ਾਕ ਪਹਿਨ ਕੇ ਆਪਣੇ ਆਪ ਦੀ ਇੱਕ ਵੱਖਰੀ ਛਵੀ ਬਣਾਉਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਉਸ ਮੂਲ ਪਹਿਰਾਵੇ ਦੀ ਥਾਂ ਕਿਸੇ ਹੋਰ ਆਲੀਸ਼ਾਨ ਅਤੇ ਰਸਮੀ (ਵਿਸ਼ੇਸ਼) ਚੀਜ਼ ਨੇ ਲੈ ਲਈ। ਡਾਕਟਰ ਸਾਰਾਹ ਗ੍ਰਾਂਟ ਦੇ ਅਨੁਸਾਰ, "ਮੈਰੀ ਐਂਟੋਇਨੇਟ ਤੋਂ ਉਮੀਦ ਕੀਤੀ ਜਾਂਦੀ ਸੀ ਉਹ ਸ਼ਾਹੀ ਠਾਠ-ਬਾਠ ਨੂੰ ਦਰਸਾਉਣ। ਇਸ ਤਰ੍ਹਾਂ, ਰਾਜਸ਼ਾਹੀ ਨੇ ਆਪਣੀ ਸ਼ਕਤੀ ਬਣਾਈ ਰੱਖੀ ਸੀ।"

ਇਸ ਸ਼ੁਰੂਆਤੀ ਆਧੁਨਿਕ ਸ਼ਖ਼ਸੀਅਤ ਦੇ ਆਲੇ-ਦੁਆਲੇ ਗੜ੍ਹੀਆਂ ਗਈਆਂ ਲੋਕ-ਕਥਾਵਾਂ ਵਿੱਚ ਮੈਰੀ ਦੇ ਦਾਨ-ਪੁੰਨ ਦੇ ਕੰਮਾਂ ਦਾ ਕੋਈ ਜ਼ਿਕਰ ਨਹੀਂ ਹੈ। ਮੈਰੀ ਹਰ ਸਾਲ ਆਪਣੇ ਕੱਪੜਿਆਂ ਨੂੰ ਰੀਸਾਈਕਲ ਕਰਦੇ ਸਨ ਅਤੇ ਉਨ੍ਹਾਂ ਨੂੰ ਆਪਣੇ ਨੌਕਰਾਂ ਨਾਲ ਸਾਂਝਾ ਕਰਦੇ ਸਨ। ਉਨ੍ਹਾਂ ਨੇ ਕਈ ਬੱਚਿਆਂ ਨੂੰ ਗੋਦ ਲਿਆ, ਜਿਨ੍ਹਾਂ ਵਿੱਚ ਜੀਨ ਅਮਿਲਕਾਰ, ਇੱਕ ਸੇਨੇਗਲ ਮੁੰਡਾ ਸੀ ਅਤੇ ਜਿਸ ਨੂੰ ਮੈਰੀ ਨੇ ਗੁਲਾਮੀ ਤੋਂ ਮੁਕਤ ਕਰਵਾਇਆ ਸੀ। ਮੈਰੀ ਦੇ ਮਾਸਿਕ ਧਰਮ ਬਾਰੇ ਵਿਸਥਾਰ ਨਾਲ ਲਿਖਣ ਵਾਲੇ ਲੇਖਕਾ ਮੇਲਾਨੀ ਬਰੋਜ਼ ਨੇ ਦੱਸਿਆ ਕਿ ਮੈਰੀ ਨੇ "ਆਪਣੇ ਪਤੀ ਦੇ ਮਹਿੰਗੇ ਤੋਹਫ਼ਿਆਂ ਨੂੰ ਅਸਵੀਕਾਰ ਕਰ ਦਿੱਤਾ ਅਤੇ ਖੁੱਲ੍ਹੇ ਦਿਲ ਨਾਲ ਦਾਨ ਕੀਤਾ।" ਮੇਲਾਨੀ ਬਰੋਜ਼ ਦੇ ਅਨੁਸਾਰ, "ਮੈਰੀ ਐਂਟੋਇਨੇਟ ਨੂੰ ਮੂਰਖ ਅਤੇ ਭੋਲੀ-ਭਾਲੀ ਵਜੋਂ ਦਰਸਾਇਆ ਗਿਆ ਹੈ, ਪਰ ਅਸਲ ਵਿੱਚ ਇੱਕ ਉਦਾਰ ਅਤੇ ਦਿਆਲੂ ਮਹਿਲਾ ਸਨ, ਜਿਨ੍ਹਾਂ ਦੇ ਇਰਾਦੇ ਨੇਕ ਸਨ।"

**ਰਾਣੀ ਦੀ ਇਮਾਨਦਾਰੀ 'ਤੇ ਸ਼ੱਕ**

ਆਸਟਰੀਆ ਨਾਲ ਸਾਲਾਂ ਦੀ ਦੁਸ਼ਮਣੀ ਤੋਂ ਬਾਅਦ, ਮੈਰੀ



ਐਂਟੋਇਨੇਟ ਦੀਆਂ ਵੰਡੀਆਂ ਹੋਈਆਂ ਵਫ਼ਾਦਾਰੀਆਂ, ਜੋ ਕਿ ਫਰਾਂਸੀਸੀ ਅਦਾਲਤ ਵਿੱਚ ਸ਼ਾਂਤੀ ਪ੍ਰਸਤਾਵ ਵਜੋਂ ਪੇਸ਼ ਕੀਤੀਆਂ ਗਈਆਂ ਸਨ, ਨੇ ਉਨ੍ਹਾਂ ਨੂੰ ਸ਼ੱਕੀ ਬਣਾ ਦਿੱਤਾ। ਇੱਕ ਸ਼ੱਕ ਇਹ ਸੀ ਕਿ ਉਨ੍ਹਾਂ ਨੇ ਆਸਟਰੀਆ ਨਾਲ ਦੇਸ਼ ਦੇ ਫੌਜੀ ਭੇਦ ਸਾਂਝੇ ਕੀਤੇ ਸਨ। ਉਨ੍ਹਾਂ ਬਾਰੇ ਸਾਰੇ ਸ਼ੱਕ ਬੇਬੁਨਿਆਦ ਨਹੀਂ ਸਨ। ਉਨ੍ਹਾਂ ਨੂੰ ਫਰਾਂਸੀਸੀ ਲੋਕਾਂ ਪ੍ਰਤੀ ਉਦਾਸੀਨ ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ "L'Autre-Cihen" (ਇੱਕ ਆਸਟ੍ਰੀਅਨ ਅਤੇ ਕੁੱਤੇ ਲਈ ਇੱਕ ਅਪਮਾਨਜਨਕ ਸ਼ਬਦ) ਉਪਨਾਮ ਦਿੱਤਾ ਗਿਆ ਸੀ। ਇਹ ਦਰਸਾਉਂਦਾ ਹੈ ਕਿ ਲੋਕ ਉਨ੍ਹਾਂ ਨੂੰ ਕਿੰਨਾ ਬੁਰਾ ਮੰਨਦੇ ਸਨ। ਰਾਜੇ ਦੇ ਉਲਟ, ਰਾਣੀ ਕੋਲ ਕੋਈ ਸ਼ਕਤੀ ਨਹੀਂ ਸੀ ਅਤੇ ਉਨ੍ਹਾਂ ਨੂੰ ਪਰਦੇ ਪਿੱਛੇ ਰਹਿਣ ਲਈ ਤਿਆਰ ਕੀਤਾ ਗਿਆ ਸੀ। ਮੈਰੀ ਐਂਟੋਇਨੇਟ ਨੂੰ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ, ਬਹੁਤ ਜ਼ਿਆਦਾ ਭਾਵੁਕ ਅਤੇ ਰਾਜਨੀਤਿਕ ਮਾਮਲਿਆਂ ਵਿੱਚ ਆਪਣੇ ਸੂਝ ਦੀ ਵਰਤੋਂ ਕਰਨ ਲਈ ਤਿਆਰ ਮੰਨਿਆ ਜਾਂਦਾ ਸੀ। ਉਨ੍ਹਾਂ ਨੇ ਗੁਪਤ ਰੂਪ ਵਿੱਚ ਮੰਤਰੀਆਂ ਨਾਲ ਲਾਬਿੰਗ ਕੀਤੀ ਅਤੇ ਦੇਸ਼ ਦੁਆਰਾ ਕੀਤੇ ਜਾ ਰਹੇ ਸੰਵਿਧਾਨਕ ਸੁਧਾਰਾਂ ਦਾ ਵਿਰੋਧ ਕੀਤਾ। ਉਨ੍ਹਾਂ ਦੇ ਦੁਸ਼ਮਣ, ਜਿਵੇਂ ਵੀ ਸੰਭਵ ਹੋ ਸਕੇ ਮੈਰੀ ਨੂੰ ਬਦਨਾਮ ਕਰਨ ਲਈ ਉਤਸੁਕ ਰਹਿੰਦੇ ਸਨ। ਉਨ੍ਹਾਂ ਸਬੰਧੀ ਅਪਮਾਨਜਨਕ ਪੈਂਫਲੇਟ ਵੀ ਵੰਡੇ ਗਏ, ਜਿਨ੍ਹਾਂ ਵਿੱਚੋਂ ਕੁਝ ਤਾਂ ਅਸ਼ਲੀਲ ਸਨ। ਉਨ੍ਹਾਂ ਲੋਕਾਂ ਨੇ ਮੈਰੀ ਐਂਟੋਇਨੇਟ 'ਤੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਦੇ ਇਕਲੌਤੇ ਜਾਣੇ-ਪਛਾਣੇ ਪ੍ਰੇਮੀ ਕਾਉਂਟ ਐਕਸਲ ਵਾਨ ਫ਼ੁਰਸਨ ਨਾਲ ਉਨ੍ਹਾਂ ਦੇ ਪ੍ਰੇਮ ਸਬੰਧ ਹਨ, ਨਾਲ ਹੀ ਉਨ੍ਹਾਂ 'ਤੇ ਲੈਸਬੀਅਨਵਾਦ ਅਤੇ ਵਿਆਹ ਤੋਂ ਬਾਹਰ ਸਰੀਰਕ ਸਬੰਧ ਰੱਖਣ ਦਾ ਵੀ ਇਲਜ਼ਾਮ ਲਗਾਇਆ ਗਿਆ। ਡਾਕਟਰ ਸਾਰਾਹ ਗ੍ਰਾਂਟ ਦੇ ਅਨੁਸਾਰ, ਇਹ ਸਾਰੀ ਗੱਪ-ਸ਼ੱਪ "ਮਹਿਲਾਵਾਂ ਪ੍ਰਤੀ ਨਫ਼ਰਤ ਨਾਲ ਪ੍ਰੇਰਿਤ ਸੀ। ਮੈਰੀ ਬਾਰੇ ਬਹੁਤ ਸਾਰੀਆਂ ਮਿੱਥਾਂ ਤਾਂ ਉਦੋਂ ਪੈਦਾ ਹੋਈਆਂ ਜਦੋਂ 19ਵੀਂ ਸਦੀ ਵਿੱਚ ਮਰਦਾਂ ਨੇ ਮੈਰੀ ਬਾਰੇ ਜੀਵਨੀਆਂ ਲਿਖੀਆਂ।" ਮੇਲਾਨੀ ਬਰੋਜ਼ ਦੇ ਅਨੁਸਾਰ, ਰਾਣੀ ਮੈਰੀ ਐਂਟੋਇਨੇਟ ਅਸਲ ਵਿੱਚ ਬਹੁਤ ਸਮਝਦਾਰ ਸਨ। ਉਹ ਘੱਟ ਹੀ ਸ਼ਰਾਬ ਪੀਂਦੇ ਸਨ। "ਉਹ ਬਹੁਤ ਹਲਕੀ-ਫੁਲਕੀ ਦਿਲਲਗੀ ਕਰਦੇ ਸਨ ਅਤੇ ਇੱਥੋਂ ਤੱਕ ਕਿ ਉਨ੍ਹਾਂ ਨੂੰ ਇਹ ਵੀ ਪਸੰਦ ਨਹੀਂ ਕਿ ਉਨ੍ਹਾਂ ਦੀਆਂ ਨੌਕਰਾਣੀਆਂ ਉਨ੍ਹਾਂ ਨੂੰ ਬਿਨਾਂ ਕੱਪੜਿਆਂ ਦੇ ਦੇਖਣ।" ਫਿਰ ਵੀ, ਉਨ੍ਹਾਂ ਬਾਰੇ ਅਫਵਾਹਾਂ ਫੈਲਦੀਆਂ ਰਹੀਆਂ। ਆਪਣੀ 2020 ਦੀ ਕਿਤਾਬ, "ਮੈਰੀ ਐਂਟੋਇਨੇਟ'ਜ਼ ਵਰਲਡ: ਇੰਟ੍ਰੀਗ, ਇਨਫਿਡੇਲਿਟੀ, ਐਂਡ ਐਡਲਟਰੀ ਐਟ ਵਰਸੇਲਜ਼" ਵਿੱਚ ਬਿਲ ਬਾਸ਼ਰ ਅੰਦਾਜ਼ਾ ਲਗਾਉਂਦੇ ਹਨ ਕਿ ਮੈਰੀ ਦਾ ਗਰਭਾਸ਼ਯ 'ਚੋਂ ਲਗਾਤਾਰ ਖੂਨ ਵਹਿਣਾ, ਜਿਣਸੀ ਤੌਰ 'ਤੇ ਫੈਲੇ ਰੋਗ ਕਾਰਨ ਹੋਇਆ ਸੀ। ਪਰ ਨਾਲ ਹੀ ਉਹ ਇਹ ਦਲੀਲ ਵੀ ਦਿੰਦੇ ਹਨ ਕਿ ਮੈਰੀ ਨੂੰ "ਭਾਵਨਾਤਮਕ ਤੌਰ 'ਤੇ ਪੀੜਤ" ਕੀਤਾ ਗਿਆ ਸੀ। ਉਨ੍ਹਾਂ ਨੂੰ "ਅਣਗੌਲਿਆ" ਕੀਤਾ ਗਿਆ "ਬੋਰ" ਹੋਣ ਲਈ ਇਕੱਲਾ ਛੱਡ ਦਿੱਤਾ ਗਿਆ। ਹਾਲਾਂਕਿ, ਬਿਲ ਬਾਸ਼ਰ ਮੈਰੀ ਐਂਟੋਇਨੇਟ ਨੂੰ ਵਿਆਹ ਤੋਂ ਬਾਹਰਲੇ ਸਬੰਧਾਂ ਦਾ ਆਨੰਦ ਮਾਣਨ ਲਈ ਦੋਸ਼ੀ ਠਹਿਰਾਉਂਦੇ ਹਨ। ਪਰ ਉਹ ਇਹ ਵੀ ਕਹਿੰਦੇ ਹਨ ਕਿ ਘੱਟੋ-ਘੱਟ ਉਨ੍ਹਾਂ ਲਈ ਮੈਰੀ ਨੂੰ "ਮਾਫ਼ ਕਰ ਦਿੱਤਾ ਗਿਆ" ਸੀ।

**ਰਾਣੀ ਦੇ ਜੀਵਨ ਦੀ ਤ੍ਰਾਸਦੀ**

ਯੂਨਾਈਟਿਡ ਕਿੰਗਡਮ ਵਿੱਚ ਨੌਰਥੰਬਰੀਆ ਯੂਨੀਵਰਸਿਟੀ ਵਿੱਚ ਆਧੁਨਿਕ ਯੂਰਪੀਅਨ ਇਤਿਹਾਸ ਦੀ ਐਸੋਸੀਏਟ ਪ੍ਰੋਫੈਸਰ ਡਾਕਟਰ ਲੌਰਾ ਬ੍ਰਾਇਨ ਨੇ ਦੱਸਿਆ, "ਮੈਰੀ ਐਂਟੋਇਨੇਟ ਸੱਚਮੁੱਚ ਇੱਕ ਸਮਰਪਿਤ ਮਾਂ ਸਨ।" ਰਾਣੀ ਦਾ ਆਪਣੇ ਬੱਚਿਆਂ ਨਾਲ "ਕੋਮਲਤਾ ਅਤੇ ਪਿਆਰ ਭਰਿਆ ਰਿਸ਼ਤਾ" ਸੀ, ਜੋ ਉਨ੍ਹਾਂ ਦੀ ਆਪਣੇ ਪਾਲਣ-ਪੋਸ਼ਣ ਦੇ ਉਲਟ ਸੀ। ਮੈਰੀ ਐਂਟੋਇਨੇਟ ਪਹਿਲੀ ਫਰਾਂਸੀਸੀ ਰਾਣੀ ਸਨ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਇਆ ਅਤੇ ਅਜਿਹੇ ਕੱਪੜੇ ਪਹਿਨੇ ਜੋ ਉਨ੍ਹਾਂ ਦੇ ਘੇਰੂ ਜੀਵਨ ਅਤੇ ਇੱਕ ਮਾਂ ਲਈ ਢੁਕਵੇਂ ਸਨ। ਪਰ ਉਨ੍ਹਾਂ ਦੇ ਇਸ ਰੂਪ ਨੂੰ ਅਕਸਰ ਪਾਸੇ ਕਰ ਦਿੱਤਾ ਗਿਆ। ਯੂਰਪ ਵਿੱਚ ਇਸ ਸਭ ਤੋਂ ਨਫ਼ਰਤ ਕੀਤੀ ਜਾਣ ਵਾਲੀ ਰਾਣੀ ਪ੍ਰਤੀ ਮੋਹ ਵੀ ਉਨ੍ਹਾਂ ਦੀ ਕਹਾਣੀ ਦੀ ਤ੍ਰਾਸਦੀ ਨਾਲ ਜੁੜਿਆ ਹੋਇਆ ਹੈ। ਇੱਕ ਸ਼ਾਹੀ ਰਾਜਵੰਸ਼ ਦੀ ਇਸ ਰਾਜਕੁਮਾਰੀ ਨੂੰ ਇੱਕ ਮੁਸ਼ਕਲ ਸਥਿਤੀ ਵਿੱਚ ਧੱਕ ਦਿੱਤਾ ਗਿਆ ਸੀ। ਅੰਤ ਵਿੱਚ, ਉਨ੍ਹਾਂ ਨੂੰ ਚਿੱਟੇ ਕੱਪੜੇ ਪਹਿਨਾ ਕੇ ਅਤੇ ਉਨ੍ਹਾਂ ਦੇ ਵਾਲ ਮੁੰਨ ਕੇ ਉਨ੍ਹਾਂ ਨੂੰ ਇੱਕ ਟਾਂਗੇ ਵਿੱਚ ਉਨ੍ਹਾਂ ਦੀ ਮੌਤ ਦੇ ਸਫ਼ਰ 'ਤੇ ਲਿਜਾਇਆ ਗਿਆ।

ਮੈਰੀ ਐਂਟੋਇਨੇਟ ਉਨ੍ਹਾਂ ਕ੍ਰਾਂਤੀਕਾਰੀਆਂ ਲਈ ਹਰ ਤਰ੍ਹਾਂ ਨਾਲ ਇੱਕ ਪ੍ਰਤੀਕ ਬਣ ਗਏ ਸਨ ਜੋ ਫਰਾਂਸ ਨੂੰ ਬਦਲਣਾ ਚਾਹੁੰਦੇ ਸਨ। 1793 ਵਿੱਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣਾ, ਦੇਸ਼ ਨੂੰ ਪ੍ਰਾਚੀਨ ਸ਼ਾਸਨ ਦੇ ਸਭ ਤੋਂ ਭੈੜੇ ਤੱਤਾਂ ਤੋਂ ਛੁਟਕਾਰਾ ਦਿਵਾਉਣ ਦੀ ਕੋਸ਼ਿਸ਼ ਸੀ। ਮੈਰੀ ਐਂਟੋਇਨੇਟ ਦੀ ਮੌਤ ਭਾਵੇਂ ਜਾਇਜ਼ ਸੀ ਜਾਂ ਨਹੀਂ, ਪਰ ਇਸ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਘੱਟ ਨਹੀਂ ਕੀਤਾ। ਛੋਟੇ, "ਸਾਹੀ ਵਰਗੇ" ਵਾਲ ਅਤੇ ਖੂਨ ਵਰਗੇ ਲਾਲ ਰੰਗ ਚੋਕਰ (ਹਾਰ), ਜੋ ਕਿ ਗਿਲੋਟਿਨ 'ਤੇ ਸਿਰ ਕਲਮ ਕਰਨ ਦੀ ਯਾਦ ਦਿਵਾਉਂਦੇ ਹਨ, ਇੱਕ ਟ੍ਰੈਂਡ ਬਣ ਗਏ। ਮੈਰੀ ਐਂਟੋਇਨੇਟ ਨੂੰ ਉਹ ਲੋਕ ਨਫ਼ਰਤ ਕਰਦੇ ਸਨ ਜੋ ਉਨ੍ਹਾਂ ਬਾਰੇ ਚਰਚਿਤ ਕਹਾਣੀਆਂ 'ਤੇ ਵਿਸ਼ਵਾਸ ਕਰਦੇ ਸਨ, ਪਰ ਉਨ੍ਹਾਂ ਨੂੰ ਵਿਆਪਕ ਤੌਰ ਅਤੇ ਯਾਦਗਾਰੀ ਪ੍ਰਸ਼ੰਸਾ ਵੀ ਮਿਲੀ।

# ਅਫਗਾਨਿਸਤਾਨ ਤੋਂ ਤਾਲਿਬਾਨ ਦੇ ਹਮਲਿਆਂ ਪਿੱਛੇ ਭਾਰਤ ਦਾ ਹੱਥ ਦੱਸ ਰਿਹਾ ਹੈ ਪਾਕਿਸਤਾਨ

ਨਵੀਂ ਦਿੱਲੀ- ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਅਫਗਾਨਿਸਤਾਨ 'ਤੇ ਭਾਰਤ ਲਈ ਪ੍ਰੌਕਸੀ ਯੁੱਧ ਲੜਨ ਦਾ ਗੰਭੀਰ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਤਾਲਿਬਾਨ ਰਾਹੀਂ ਪਾਕਿਸਤਾਨ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਜੀਓ ਨਿਊਜ਼ ਨਾਲ ਇੱਕ ਟੀਵੀ ਇੰਟਰਵਿਊ ਵਿੱਚ ਖਵਾਜਾ ਆਸਿਫ ਨੇ ਕਿਹਾ, "ਇਸ ਵੇਲੇ ਕਾਬੁਲ ਦਿੱਲੀ ਲਈ ਪ੍ਰੌਕਸੀ ਯੁੱਧ ਲੜ ਰਿਹਾ ਹੈ।" ਉਨ੍ਹਾਂ ਨੇ ਹਾਲ ਹੀ ਵਿੱਚ ਐਲਾਨੀ ਗਈ 48 ਘੰਟੇ ਦੀ ਅਸਥਾਈ ਜੰਗਬੰਦੀ 'ਤੇ ਵੀ ਸ਼ੱਕ ਪ੍ਰਗਟ ਕੀਤਾ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਭੜਕਾਇਆ ਗਿਆ ਤਾਂ ਪਾਕਿਸਤਾਨ ਫੌਜੀ ਤੌਰ 'ਤੇ ਜਵਾਬ ਦੇਣ ਲਈ ਤਿਆਰ ਹੈ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਅਗਲੇ 48 ਘੰਟਿਆਂ ਲਈ ਇੱਕ ਅਸਥਾਈ ਜੰਗਬੰਦੀ ਲਾਗੂ ਕਰ ਦਿੱਤੀ ਗਈ ਹੈ। ਇਹ ਫੈਸਲਾ ਹਾਲ ਹੀ ਦੇ ਦਿਨਾਂ ਵਿੱਚ ਸਰਹੱਦ 'ਤੇ ਤੇਜ਼ ਗੋਲੀਬਾਰੀ ਤੋਂ ਬਾਅਦ ਲਿਆ ਗਿਆ ਸੀ। ਜੰਗਬੰਦੀ ਬੁੱਧਵਾਰ ਦੁਪਹਿਰ 1:00 ਵਜੇ ਲਾਗੂ ਹੋਈ।

**'ਤਾਲਿਬਾਨ ਨੂੰ ਦਿੱਲੀ ਸਪਾਂਸਰ ਕਰ ਰਹੀ'**

ਖਵਾਜਾ ਆਸਿਫ ਨੇ ਜੰਗਬੰਦੀ ਦੀ ਸਥਿਰਤਾ ਬਾਰੇ ਸ਼ੱਕ ਪ੍ਰਗਟ ਕਰਦਿਆਂ ਕਿਹਾ, "ਮੈਨੂੰ ਸ਼ੱਕ ਹੈ ਕਿ ਇਹ ਜੰਗਬੰਦੀ ਕਾਇਮ ਰਹੇਗੀ, ਕਿਉਂਕਿ ਦਿੱਲੀ ਤਾਲਿਬਾਨ ਨੂੰ ਸਪਾਂਸਰ ਕਰ ਰਹੀ ਹੈ।" ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਅਫਗਾਨਿਸਤਾਨ ਤਣਾਅ ਵਧਾਉਂਦਾ ਹੈ ਜਾਂ ਯੁੱਧ ਦਾ ਦਾਇਰਾ ਵਧਾਉਂਦਾ ਹੈ ਤਾਂ ਪਾਕਿਸਤਾਨ ਫੌਜੀ ਕਾਰਵਾਈ ਲਈ ਤਿਆਰ ਹੈ। ਹਾਲਾਂਕਿ ਉਸਨੇ ਰਚਨਾਤਮਕ ਗੱਲਬਾਤ ਦੀ ਸੰਭਾਵਨਾ ਨੂੰ ਵੀ ਖੁੱਲ੍ਹਾ ਰੱਖਿਆ। ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਹਾਲ ਹੀ ਵਿੱਚ ਹਿੰਸਾ ਵਧੀ ਹੈ, ਜਿਸ ਵਿੱਚ ਕੰਧਾਰ ਅਤੇ ਕਾਬੁਲ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਥਿਤ ਪਾਕਿਸਤਾਨੀ ਹਵਾਈ ਹਮਲੇ ਸ਼ਾਮਲ ਹਨ। ਦੋਵਾਂ ਧਿਰਾਂ ਨੇ ਜੰਗਬੰਦੀ ਪਹਿਲਕਦਮੀ ਦਾ ਸਿਹਰਾ ਆਪਣੇ ਸਿਰ ਲਿਆ ਹੈ।

# ਰੂਸ ਤੋਂ ਤੇਲ ਨਾ ਖਰੀਦਣ ਲਈ ਮੰਨ ਗਿਆ ਭਾਰਤ

ਨਵੀਂ ਦਿੱਲੀ- ਭਾਰਤ ਨੇ ਵੀਰਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਦਾਅਵੇ ਦਾ ਜਵਾਬ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ। ਅਮਰੀਕੀ ਰਾਸ਼ਟਰਪਤੀ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਭਾਰਤ ਨੇ ਸਪੱਸ਼ਟ ਕੀਤਾ ਕਿ ਭਾਰਤ ਦੀ ਤਰਜੀਹ ਹਮੇਸ਼ਾ ਅਸਥਿਰ ਊਰਜਾ ਸਥਿਤੀ ਵਿੱਚ ਭਾਰਤੀ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਅਧਿਕਾਰਤ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਬਿਆਨ ਵਿੱਚ ਕਿਹਾ ਕਿ ਭਾਰਤ ਤੇਲ ਅਤੇ ਗੈਸ ਦਾ ਇੱਕ ਵੱਡਾ ਆਯਾਤਕ ਹੈ। ਅਸਥਿਰ ਊਰਜਾ ਦ੍ਰਿਸ਼ ਵਿੱਚ ਭਾਰਤੀ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹਮੇਸ਼ਾ ਸਾਡੀ ਤਰਜੀਹ ਰਹੀ ਹੈ। ਸਾਡੀਆਂ ਆਯਾਤ ਨੀਤੀਆਂ ਇਸ ਉਦੇਸ਼ ਦੁਆਰਾ ਪੂਰੀ ਤਰ੍ਹਾਂ ਨਿਰਦੇਸ਼ਤ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਊਰਜਾ ਨੀਤੀ ਦੇ ਦੋ ਉਦੇਸ਼ ਹਨ: ਸਥਿਰ ਊਰਜਾ ਕੀਮਤਾਂ ਅਤੇ ਸੁਰੱਖਿਅਤ ਸਪਲਾਈ।

ਇਸ ਵਿੱਚ ਸਾਡੇ ਊਰਜਾ ਸਰੋਤਾਂ ਦਾ ਵਿਸਤਾਰ ਕਰਨਾ ਅਤੇ ਬਾਜ਼ਾਰ ਦੀਆਂ ਸਥਿਤੀਆਂ ਦੇ ਅਨੁਕੂਲ ਸਪਲਾਈ ਨੂੰ ਵਿਭਿੰਨ ਬਣਾਉਣਾ ਸ਼ਾਮਲ ਹੈ।




# ਪੰਜਾਬ ਵਿਚ ਨਜਾਇਜ਼ ਹਥਿਆਰਾਂ ਦੀ ਵਧਦੀ ਆਮਦ ਵਧਾ ਰਹੀ ਹੈ ਚਿੰਤਾ

ਚੰਡੀਗੜ੍ਹ- ਪੰਜਾਬ ਵਿਚ ਲਾਇਸੈਂਸ ਲੈ ਕੇ ਅਸਲਾ ਖਰੀਦਣ ਵਾਲਿਆਂ ਦੀ ਗਿਣਤੀ ਵਿਚ ਤਾਂ ਕਮੀ ਆ ਰਹੀ ਹੈ ਪਰ ਇੱਧਰੋਂ-ਉਧਰੋਂ ਲਿਆਂਦੇ ਜਾ ਰਹੇ ਨਜਾਇਜ਼ ਹਥਿਆਰਾਂ ਕਾਰਨ ਪੰਜਾਬ ਦੀ ਸੁਰੱਖਿਆ ਪ੍ਰਤੀ ਚਿੰਤਾ ਵਧਦੀ ਜਾ ਰਹੀ ਹੈ। ਪੰਜਾਬ ਵਿੱਚ ਸਰਹੱਦ ਰਾਹੀਂ ਪਾਕਿਸਤਾਨ ਤੋਂ ਹੁੰਦੀ ਹਥਿਆਰਾਂ ਦੀ ਸਮਗਲਿੰਗ ਵਿੱਚ ਪੰਜ ਗੁਣਾ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਸਾਲ ਹੁਣ ਤੱਕ 362 ਹਥਿਆਰ ਬਰਾਮਦ ਕੀਤੇ ਗਏ ਹਨ ਜਿਨ੍ਹਾਂ ਵਿੱਚ ਏ ਕੇ-47 ਰਾਈਫਲਾਂ, ਗ੍ਰਨੇਡ ਅਤੇ ਆਈ ਈ ਡੀ (ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਵੀ ਸ਼ਾਮਿਲ ਹਨ। ਪਿਛਲੇ ਸਾਰੇ ਸਾਲ ਵਿੱਚ ਸਿਰਫ਼ 81 ਹਥਿਆਰ ਜ਼ਬਤ ਕੀਤੇ ਗਏ ਸਨ। ਇੱਕ ਸੁਰੱਖਿਆ ਮਾਹਿਰ ਨੇ ਸਰਹੱਦ ਪਾਰ ਤੋਂ ਹਥਿਆਰਾਂ ਦੀ ਤਸਕਰੀ ਵਿੱਚ ਵਾਧੇ ਦਾ ਕਾਰਨ ਅਪਰੇਸ਼ਨ ਸਿੰਧੂਰ ਦੌਰਾਨ ਭਾਰਤ ਵੱਲੋਂ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਅੱਤਵਾਦੀ ਟਿਕਾਣਿਆਂ ’ਤੇ ਕੀਤੇ ਗਏ ਹਮਲਿਆਂ ਨੂੰ ਦੱਸਿਆ ਹੈ। ਮਾਹਿਰ ਨੇ ਕਿਹਾ ਕਿ ਇੰਝ ਜਾਪਦਾ ਹੈ ਕਿ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈ ਐੱਸ ਆਈ ਨੇ ਪੰਜਾਬ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਵਿੱਚ ਹਥਿਆਰਾਂ ਦੀ ਤਸਕਰੀ ਤੇਜ਼ ਕਰ ਕੇ ਜਵਾਬੀ ਮੁਹਿੰਮ ਸ਼ੁਰੂ ਕੀਤੀ ਹੈ। ਲਗਪਗ ਇੱਕ ਤਿਹਾਈ ਬਰਾਮਦਗੀਆਂ ਅਪਰੇਸ਼ਨ ਸਿੰਧੂਰ ਤੋਂ ਬਾਅਦ ਹੋਈਆਂ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ 50 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਕੁਝ ਡਰੋਨਾਂ ਰਾਹੀਂ ਸੁੱਟੇ ਗਏ ਹਥਿਆਰਾਂ ਨੂੰ ਇਕੱਠਾ ਕਰਦੇ ਫੜੇ ਗਏ; ਕੁਝ ਉਹ ਵਿਅਕਤੀ ਸਨ ਜਿਨ੍ਹਾਂ ਨੂੰ ਅਤਿਵਾਦੀ ਹਮਲੇ ਕਰਨ ਦਾ ਕੰਮ ਸੌਂਪਿਆ ਗਿਆ ਸੀ। ਤਿੰਨ ਸਾਲਾਂ ਵਿੱਚ ਪਹਿਲੀ ਵਾਰ ਤਿੰਨ ਏ ਕੇ -47 ਰਾਈਫਲਾਂ ਜ਼ਬਤ ਕੀਤੀਆਂ ਗਈਆਂ ਹਨ।



ਇਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੂਬੇ ਵਿੱਚ ਕਿੰਨੇ ਅਤਿ-ਆਧੁਨਿਕ ਹਥਿਆਰ ਆ ਰਹੇ ਹਨ। ਇਸ ਤੋਂ ਪਹਿਲਾਂ ਅਜਿਹੀ ਆਖਰੀ ਬਰਾਮਦਗੀ ਅਕਤੂਬਰ 2022 ਵਿੱਚ ਹੋਈ ਸੀ, ਜਦੋਂ ਛੇ ਏ ਕੇ-47 ਰਾਈਫਲਾਂ ਬਰਾਮਦ ਕੀਤੀਆਂ ਗਈਆਂ ਸਨ। ਅਧਿਕਾਰੀ ਨੇ ਕਿਹਾ, “ਆਈ ਐੱਸ ਆਈ ਪੰਜਾਬ ਵਿੱਚ ਅਰਾਜਕਤਾ ਫੈਲਾਉਣ ਲਈ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਅਤਿਵਾਦੀਆਂ ਦੇ ਗੱਠਜੋੜ ਦੀ ਵਰਤੋਂ ਕਰ ਰਹੀ ਹੈ, ਜਿਸ ਵਿੱਚ ਬਰਾਮਦ ਕੀਤੇ ਗਏ ਹਥਿਆਰਾਂ ਦਾ ਸਬੰਧ ਜਬਰੀ ਵਸੂਲੀ, ਨਿਸ਼ਾਨਾ ਬਣਾ ਕੇ ਕੀਤੀਆਂ ਗਈਆਂ ਹੱਤਿਆਵਾਂ ਅਤੇ ਗੈਂਗਾਂ ਦੀ ਆਪਸੀ ਦੁਸ਼ਮਣੀ ਵਰਗੇ ਹਿੰਸਕ ਅਪਰਾਧਾਂ ਨਾਲ ਹੈ।” ਅਧਿਕਾਰੀ ਨੇ ਕਿਹਾ ਕਿ ਇਹ ਰਣਨੀਤੀ ਕਾਨੂੰਨ ਵਿਵਸਥਾ ਨੂੰ ਵਿਗਾੜਨ ਅਤੇ ਖਾਲਿਸਤਾਨ ਦੀ ਵੱਖਵਾਦ ਵਾਲੀ ਵਿਚਾਰਧਾਰਾ ਲਈ ਢੁਕਵੇਂ ਹਾਲਾਤ ਪੈਦਾ ਕਰਨ ਦੇ ਆਈ ਐੱਸ ਆਈ ਦੇ ਵਿਆਪਕ ਏਜੰਡੇ ਦਾ ਹਿੱਸਾ ਹੈ। ਉਨ੍ਹਾਂ ਕਿਹਾ, “ਹਿੰਸਕ ਅਪਰਾਧ ਵਧਣ ਨਾਲ ਇਹ ਡਰ ਵੀ ਪੈਦਾ ਹੋ ਰਿਹਾ ਹੈ ਕਿ ਇਹ ਹਥਿਆਰਬੰਦ ਗਰੋਹ ਭਵਿੱਖ ਦੇ ਅਤਿਵਾਦੀ ਹਮਲਿਆਂ ਦਾ ਸਬੱਬ ਬਣ ਸਕਦੇ ਹਨ।”ਅਧਿਕਾਰੀ ਨੇ ਦੱਸਿਆ ਕਿ ਇਸ ਸਾਲ ਤਸਕਰੀ ਦੇ ਮਾਮਲਿਆਂ ਦੀ ਗਿਣਤੀ 2021 ਤੋਂ ਲੈ ਕੇ 2024 ਤੱਕ ਦੇ ਕੁੱਲ ਕੇਸਾਂ ਨਾਲੋਂ ਵੀ ਵਧ ਗਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ 9 ਐੱਮ ਐੱਮ ਗਲੌਕਸ, ਪੀ ਐਕਸ5 ਪਿਸਤੌਲ, ।30 ਬੋਰ, ।32 ਬੋਰ ਅਤੇ ।315 ਕੈਲੀਬਰ ਹਥਿਆਰਾਂ ਵਰਗੇ ਅਤਿ-ਆਧੁਨਿਕ ਮਾਡਲ ਸ਼ਾਮਲ ਹਨ। ਇਨ੍ਹਾਂ ਨਾਲ ਅਕਸਰ ਮੈਗਜ਼ੀਨਾਂ ਅਤੇ ਕਾਰਤੂਸ ਵੀ ਹੁੰਦੇ ਹਨ। 2022 ਤੋਂ ਗਲੌਕਸ ਅਤੇ ਪੀ ਐਕਸ5 ਕਿਸਮਾਂ ਜੋ ਸਿੱਧੇ ਪਾਕਿਸਤਾਨ ਤੋਂ ਆਉਂਦੀਆਂ ਹਨ, ਵੱਡੀ ਗਿਣਤੀ ਵਿੱਚ ਫੜੀਆਂ ਗਈਆਂ ਹਨ। ਹਥਿਆਰਾਂ ਦੀ ਤਸਕਰੀ ਉੱਚ ਪ੍ਰਭਾਵ ਵਾਲੀਆਂ ਅਤਿਵਾਦੀ ਅਤੇ ਅਪਰਾਧਿਕ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਕੀਤੀ ਜਾਂਦੀ ਹੈ। ਸਮਗਲਿੰਗ ਦੇ ਤਰੀਕਿਆਂ ਵਿੱਚ ਵੀ ਤਬਦੀਲੀ ਆਈ ਹੈ। ਹਾਲ ਦੇ ਸਾਲਾਂ ਵਿੱਚ ਰਵਾਇਤੀ ਢੰਗ-ਤਰੀਕੇ ਛੱਡ ਕੇ ਡਰੋਨ ਰਾਹੀਂ ਹਥਿਆਰਾਂ ਦੀ ਸਪਲਾਈ ਕਰਨ ਦਾ ਰੁਝਾਨ ਵਧਿਆ ਹੈ। ਇਹ ਰੁਝਾਨ 2019 ਵਿੱਚ ਪਹਿਲੇ ਡਰੋਨ ਤਸਕਰੀ ਕੇਸ ਨਾਲ ਸ਼ੁਰੂ ਹੋਇਆ ਸੀ। ਇੱਕ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਤਕਨੀਕੀ ਅਤੇ ਮੌਸਮੀ ਕਾਰਨਾਂ ਕਰ ਕੇ ਤਸਕਰੀ ਰੋਕਣਾ ਵਧੇਰੇ ਚੁਣੌਤੀਪੂਰਨ ਬਣ ਜਾਂਦਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਤਸਕਰਾਂ ਦੇ ਗਰੋਹ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਬਟਾਲਾ ਵਿੱਚ ਬਹੁਤ ਜ਼ਿਆਦਾ ਕੇਂਦਰਿਤ ਹਨ।






ਦੇਸ਼-ਵਿਦੇਸ਼ ਵਿਚ ਰਹਿੰਦੇ ਸਾਰੇ ਮਿੱਤਰ-ਦੋਸਤਾਂ, ਸਹਿਯੋਗੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ


# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

CISI

# CALIFORNIA

IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

MOON indian cuisine

# Moon Indian Cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

# ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

ਦੇਸ਼-ਵਿਦੇਸ਼ ਵਿਚ ਰਹਿੰਦੇ ਸਾਰੇ ਮਿੱਤਰ-ਦੋਸਤਾਂ, ਸਹਿਯੋਗੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ


## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com

Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545

## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

### ਸਾਡੀ ਵਿਸ਼ੇਸਤਾ

1. Wedding Lehngas
2. Mens wear-shervani
3. Kurte Pajame
4. Sharara Suits.
5. Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ

80 ਰੰਗਾਂ ਵਿਚ ਪੱਗਾਂ




Kashmir Singh Dhugga

Gurjeet kaur Dhugga

kashfabrics@gmail.com

KASH FABRICS

29576 Mission Blvd

Hayward,CA 94544

510-538-1138

## Gurpiar Sidhu

Home Buying & Selling System

209-598-7776


Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE

A Realtor you can trust... Blindly

Office- 2030 E. Louise Ave. Lathrop, CA 95330

## 21 Century

Inderjit Singh

BROKER-REAL ESTATE



(1) ਘਰ/ਬਿਜਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।

(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।

Office : 425-775-8525

Cell : 425-425-4055

Fax : 425-670-3500

email: inderjit.singh@centuary21.com

19020 33rd Ave West, Suite 300, Lynnwood, WA 98036

# ਜਲਵਾਯੂ ਲਈ ਕਿਵੇਂ ਖ਼ਤਰਾ ਪੈਦਾ ਕਰਦੀਆਂ ਨੇ ਫੌਜਾਂ

ਦੁਨੀਆ ਭਰ ਦੀਆਂ ਫੌਜਾਂ ਹਥਿਆਰਬੰਦ ਹੋਣ ਦੀ ਲੋੜ ਬਾਰੇ ਚੇਤਾਵਨੀ ਦੇ ਰਹੀਆਂ ਹਨ, ਕਿਉਂਕਿ ਇਸ ਦਾ ਸਬੰਧ ਜਲਵਾਯੂ ਵਿਗਾੜ ਨਾਲ ਸਿੱਧਾ ਸਬੰਧ ਹੈ ਅਤੇ ਇਹ ਇਸ ਲਈ ਇੱਕ ਵੱਡਾ ਸੁਰੱਖਿਆ ਖ਼ਤਰਾ ਬਣ ਗਿਆ ਹੈ। ਅਸਲ ਵਿੱਚ ਫ਼ੌਜੀ ਸਾਜੋ-ਸਮਾਨ ਦਾ ਕਾਰਬਨ ਨਿਕਾਸ ਬਹੁਤ ਜ਼ਿਆਦਾ ਹੈ।

ਦਰਅਸਲ, ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਦੀ ਇੱਕ ਨਵੀਂ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਫ਼ੌਜੀ ਖਰਚਿਆਂ ਵਿੱਚ ਵਾਧਾ ਅਸਲ ਵਿੱਚ ਜਲਵਾਯੂ ਵਿਗਾੜ ਨੂੰ ਤੇਜ਼ ਕਰ ਸਕਦਾ ਹੈ। ਇਸ ਤੋਂ ਇਲਾਵਾ, ਦੁਨੀਆ ਭਰ ਵਿੱਚ ਸੰਭਾਵੀ ਤੌਰ 'ਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਟਕਰਾਵਾਂ ਦਾ ਫੈਲਾਅ ਆਉਣ ਵਾਲੇ ਭਵਿੱਖ ਲਈ ਕਾਫ਼ੀ ਜ਼ਿਆਦਾ ਫੌਜੀ ਖਰਚੇ ਦਾ ਸੰਕੇਤ ਦੇ ਸਕਦਾ ਹੈ ਅਤੇ ਇਸ ਤਰ੍ਹਾਂ ਕਾਰਬਨ ਨਿਕਾਸ ਵਿੱਚ ਵਾਧਾ ਹੋ ਸਕਦਾ ਹੈ।

ਕੁਝ ਮਾਹਰ ਇਹ ਵੀ ਚਿੰਤਾ ਪ੍ਰਗਟਾਉਂਦੇ ਹਨ ਕਿ ਸਰੋਤਾਂ ਨੂੰ ਜਲਵਾਯੂ ਨੂੰ ਬਚਾਉਣ ਅਤੇ ਅਨੁਕੂਲਨ ਤੋਂ ਰੱਖਿਆ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

### ਫ਼ੌਜਾਂ ਕਿੰਨੀ ਕਾਰਬਨ ਦਾ ਨਿਕਾਸ ਕਰਦੀਆਂ ਹਨ?

ਦੁਨੀਆ ਭਰ ਵਿੱਚ ਫੌਜਾਂ ਵੱਲੋਂ ਹੋਣ ਵਾਲੇ ਨਿਕਾਸ ਦੇ ਅੰਕੜਿਆਂ ਦਾ ਕੋਈ ਇੱਕਲਾ ਅਜਿਹਾ ਸਰੋਤ ਨਹੀਂ ਜੋ ਮੁਕੰਮਲ ਲੇਖੇ-ਜੋਖੇ ਨੂੰ ਦਰਸਾਏ, ਪਰ ਕੁਝ ਸਰਕਾਰਾਂ ਸਵੈ-ਇੱਛਾ ਨਾਲ ਇਹ ਅੰਕੜੇ ਪ੍ਰਕਾਸ਼ਤ ਕਰਦੀਆਂ ਹਨ। ਕੁਝ ਮਾਹਰਾਂ ਨੇ ਅਨੁਮਾਨਾਂ ਅਤੇ ਗਣਨਾਵਾਂ ਦੇ ਆਧਾਰ 'ਤੇ ਇੱਕ ਵਿਸ਼ਵਵਿਆਪੀ ਸਨੈਪਸ਼ਾਟ ਲਿਆ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੀ ਤਾਜ਼ਾ ਰਿਪੋਰਟ ਮੁਤਾਬਕ, "ਮੌਜੂਦਾ ਸਭ ਤੋਂ ਵਧੀਆ ਅਨੁਮਾਨ ਇਹ ਦੱਸਦੇ ਹਨ ਕਿ ਫੌਜੀ ਇਲਾਕਿਆਂ ਵਿੱਚ ਦੁਨੀਆ ਭਰ ਵਿੱਚਲੇ ਕੁੱਲ ਵਿਸ਼ਵ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਦਾ 3.3 ਫ਼ੀਸਦ ਤੋਂ 7 ਫ਼ੀਸਦ ਦੇ ਵਿਚਕਾਰ ਨਿਕਾਸ ਹੁੰਦਾ ਹੈ।"

ਯੂਨਾਈਟਿਡ ਕਿੰਗਡਮ ਵਿੱਚ ਇੱਕ ਚੈਰਿਟੀ, ਜੋ ਫੌਜੀ ਗਤੀਵਿਧੀਆਂ ਦੇ ਵਾਤਾਵਰਣ ਪ੍ਰਭਾਵਾਂ ਦੀ ਖੋਜ ਕਰਦੀ ਹੈ ਅਤੇ ਵਿਗਿਆਨੀਆਂ ਲਈ ਗਲੋਬਲ ਜ਼ਿੰਮੇਵਾਰੀ, ਇੱਕ ਸੁਤੰਤਰ ਸੰਸਥਾ ਜੋ ਨੈਤਿਕ ਤੌਰ 'ਤੇ ਅਧਾਰਤ ਵਿਗਿਆਨ ਅਤੇ ਤਕਨੀਕੀ ਅਭਿਆਸ ਦੀ ਵਕਾਲਤ ਕਰਦੀ ਹੈ, ਵੱਲੋਂ 2022 ਵਿੱਚ ਕੀਤੇ ਗਏ ਇੱਕ ਸਾਂਝੇ ਅਧਿਐਨ ਮੁਤਾਬਕ, ਜੇਕਰ ਦੁਨੀਆ ਦੀਆਂ ਫੌਜਾਂ ਇੱਕ ਦੇਸ਼ ਹੁੰਦੀਆਂ, ਤਾਂ ਇਹ ਚੀਨ, ਅਮਰੀਕਾ ਅਤੇ ਭਾਰਤ ਤੋਂ ਬਾਅਦ ਚੌਥਾ ਸਭ ਤੋਂ ਵੱਡਾ ਮਿਟੀਗੇਸ਼ਨ ਕਰਨ ਵਾਲਾ ਦੇਸ਼ ਹੁੰਦਾ। ਅਤੇ ਦੁਨੀਆ ਭਰ ਵਿੱਚ ਵਧਦਾ ਫੌਜੀ ਬਜਟ ਇਹ ਦਰਸਾਉਂਦਾ ਹੈ ਕਿ ਇਹ ਹੋਰ ਵੀ ਵਿਗੜਨ ਵਾਲਾ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ, ਇੱਕ ਸੁਤੰਤਰ ਸੰਸਥਾ ਹੈ ਜੋ ਸੰਘਰਸ਼ਾਂ ਬਾਰੇ ਖੋਜ ਕਰਦੀ ਹੈ। ਉਨ੍ਹਾਂ ਮੁਤਾਬਕ, 2024 ਵਿੱਚ ਵਿਸ਼ਵਵਿਆਪੀ ਫੌਜੀ ਖਰਚ 2.7 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ, ਜੋ ਕਿ ਪਿਛਲੇ ਸਾਲ ਨਾਲੋਂ 9.4 ਫ਼ੀਸਦ ਵੱਧ ਹੈ ਅਤੇ ਘੱਟੋ ਘੱਟ ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਇਹ ਇੱਕ ਰਿਕਾਰਡ ਵਾਧਾ ਹੈ।

ਇਹ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ 2024 ਵਿੱਚ 100 ਤੋਂ ਵੱਧ ਦੇਸ਼ਾਂ ਨੇ ਆਪਣੇ ਫ਼ੌਜੀ ਖਰਚੇ ਵਧਾਏ, ਖ਼ਾਸ ਕਰਕੇ ਯੂਰਪ ਅਤੇ ਮੱਧ ਪੂਰਬ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਇਸ ਸਾਲ ਦੇ ਸ਼ੁਰੂ ਵਿੱਚ, ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਨੇ ਐਲਾਨ ਕੀਤਾ ਸੀ ਕਿ ਇਸਦੇ ਮੈਂਬਰ ਦੇਸ਼ 2035 ਤੱਕ ਆਪਣੇ ਰੱਖਿਆ ਅਤੇ ਸੁਰੱਖਿਆ ਖਰਚ ਨੂੰ ਜੀਡੀਪੀ ਦੇ 2 ਫ਼ੀਸਦ ਤੋਂ ਵਧਾ ਕੇ 5 ਫ਼ੀਸਦ ਕਰ ਦੇਣਗੇ। ਇਹ ਐਲਾਨ 2021 ਅਤੇ 2023 ਦੇ ਵਿਚਕਾਰ ਨਾਟੋ ਮੈਂਬਰਾਂ ਦੇ ਕੁੱਲ ਫੌਜੀ ਕਾਰਬਨ ਫੁੱਟਪ੍ਰਿੰਟ ਵਿੱਚ 30 ਮਿਲੀਅਨ ਟਨ ਦੇ ਵਾਧੇ ਤੋਂ ਬਾਅਦ ਆਇਆ ਹੈ, ਜਦੋਂ ਉਨ੍ਹਾਂ ਦੇ ਫੌਜੀ ਖਰਚਿਆਂ ਵਿੱਚ ਵਾਧਾ ਹੋਇਆ ਸੀ। ਟ੍ਰਾਂਸਨੈਸ਼ਨਲ ਇੰਸਟੀਚਿਊਟ, ਇੱਕ ਕੌਮਾਂਤਰੀ ਖੋਜ ਅਤੇ ਵਕਾਲਤ ਸੰਸਥਾ ਹੈ ਜੋ ਗ੍ਰਹਿ ਦੀ ਸਥਿਰਤਾ 'ਤੇ ਕੰਮ ਕਰਦੀ ਹੈ। ਉਨ੍ਹਾਂ ਮੁਤਾਬਕ, ਇਹ ਤਕਰੀਬਨ ਅੱਠ ਮਿਲੀਅਨ ਤੋਂ ਵੱਧ ਵਾਧੂ ਕਾਰਾਂ ਨੂੰ ਸੜਕਾਂ 'ਤੇ ਲਿਆਉਣ ਦੇ ਬਰਾਬਰ ਹੈ।

### ਕੁਝ ਸਭ ਤੋਂ ਵੱਡੇ ਪ੍ਰਦੂਸ਼ਕ

ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਅਸਲ ਚੁਣੌਤੀ ਭਾਰੀ ਹਥਿਆਰ ਪ੍ਰਣਾਲੀਆਂ ਜਿਵੇਂ ਕਿ ਲੜਾਕੂ ਜਹਾਜ਼, ਟੈਂਕ, ਜੰਗੀ ਜਹਾਜ਼ ਅਤੇ ਪਣਡੁੱਬੀਆਂ ਨੂੰ ਡੀਕ-ਾਰਬੋਨਾਈਜ਼ ਕਰਨਾ ਹੈ, ਜਿਨ੍ਹਾਂ ਨੂੰ ਚਲਾਉਣ ਲਈ ਕਾਫ਼ੀ ਮਾਤਰਾ ਵਿੱਚ ਬਲਣਯੋਗ ਤੇਲ ਦੀ ਲੋੜ ਹੁੰਦੀ ਹੈ। ਉਹ ਕਹਿੰਦੇ ਹਨ ਕਿ ਵਿਸ਼ਵ ਪੱਧਰ 'ਤੇ, ਲੜਾਕੂ ਜਹਾਜ਼ ਸਭ ਤੋਂ ਵੱਧ ਊਰਜਾ-ਲੈਣ ਵਾਲੀਆਂ ਮਸ਼ੀਨਾਂ ਵਿੱਚੋਂ ਇੱਕ ਹਨ। ਇੱਕ ਅਜਿਹੇ ਅਧਿਐਨ ਜਿਸ ਦਾ ਵਿਆਪਕ ਤੌਰ 'ਤੇ ਹਵਾਲਾ ਦਿੱਤਾ ਜਾਂਦਾ ਹੈ ਮੁਤਾਬਕ, ਅਮਰੀਕਾ ਦੀ ਫ਼ੌਜ ਵਿੱਚ ਜੈੱਟ ਤੇਲ ਨੇ ਪਿਛਲੀ ਅੱਧੀ ਸਦੀ ਦੌਰਾਨ ਅਮਰੀਕੀ ਰੱਖਿਆ ਵਿਭਾਗ (ਜਿਸਨੂੰ ਹੁਣ ਅਮਰੀਕੀ ਜੰਗ ਵਿਭਾਗ ਦਾ ਨਾਮ ਦਿੱਤਾ ਗਿਆ ਹੈ) ਲਈ ਕੁੱਲ ਊਰਜਾ ਵਰਤੋਂ ਦਾ 55 ਫ਼ੀਸਦ ਹਿੱਸਾ ਬਣਾਇਆ। ਨੇਚਰ ਜਰਨਲ ਵਿੱਚ ਪ੍ਰਕਾਸ਼ਿਤ 2022 ਦੇ ਇੱਕ ਅਧਿਐਨ ਮੁਤਾਬਕ, ਹਰ 100 ਸਮੁੰਦਰੀ ਮੀਲ (185 ਕਿਲੋਮੀਟਰ) ਉਡਾਣ ਲਈ, ਅਮਰੀਕੀ ਹਵਾਈ ਸੈਨਾ ਦਾ ਐਫ਼-35 ਲੜਾਕੂ ਜਹਾਜ਼ ਇੱਕ ਸਾਲ ਵਿੱਚ ਇੱਕ ਔਸਤ ਯੂਕੇ ਪੈਟਰੋਲ ਕਾਰ ਜਿੰਨੀ ਕਾਰਬਨ ਡਾਈਆਕਸਾਈਡ ਛੱਡਦਾ ਹੈ।



ਇਸ ਵਿੱਚ ਅੱਗੇ ਕਿਹਾ ਗਿਆ ਹੈ, "ਹਰ ਸਾਲ, ਅਮਰੀਕੀ ਫੌਜ ਵੱਲੋਂ ਜੈੱਟ ਈਂਧਨ ਦੀ ਵਰਤੋਂ ਨਾਲ ਹੀ ਛੇ ਮਿਲੀਅਨ ਅਮਰੀਕੀ ਯਾਤਰੀ ਕਾਰਾਂ ਦੇ ਬਰਾਬਰ ਨਿਕਾਸ ਹੁੰਦਾ ਹੈ।" ਇਸ ਦੇ ਬਾਵਜੂਦ, ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਮੁਤਾਬਕ, ਅਮਰੀਕਾ ਨੇ 2024 ਵਿੱਚ ਆਪਣੇ ਫੌਜੀ ਖਰਚੇ ਵਿੱਚ ਪਿਛਲੇ ਸਾਲ ਨਾਲੋਂ 5.7 ਫ਼ੀਸਦ ਵਾਧਾ ਕੀਤਾ ਅਤੇ ਦੁਨੀਆ ਦਾ ਸਭ ਤੋਂ ਵੱਡਾ ਰੱਖਿਆ ਖਰਚ ਕਰਨ ਵਾਲਾ ਦੇਸ਼ ਬਣਿਆ ਗਿਆ। ਕਨਫਲਿਕਟ ਅਤੇ ਵਾਤਾਵਰਣ ਆਬਜ਼ਰਵੇਟਰੀ ਦੇ ਡੱਗ ਵੀਅਰ ਨੇ ਕਿਹਾ, "ਹਥਿਆਰਾਂ ਦੇ ਭੰਡਾਰ ਨੂੰ ਵਧਾਉਣ ਵਾਸਤੇ ਕੀਤਾ ਜਾਂਦਾ ਉਤਪਾਦਨ ਹਮੇਸਾਂ ਵੱਧ ਊਰਜਾ ਦੀ ਮੰਗ ਰੱਖਦਾ ਹਨ ਅਤੇ ਦੂਜੇ ਪਾਸੇ ਘੱਟ ਕਾਰਬਨ ਨਿਕਾਸੀ ਵਾਲੀ ਹਥਿਆਰ ਬਣਾਉਣ ਦੀ ਤਕਨੀਕ ਹਾਲੇ ਸੀਮਤ ਹੈ।"

### ਸਪੱਸ਼ਟ ਤਰਜੀਹਾਂ

ਅਮਰੀਕੀ ਜੰਗ ਵਿਭਾਗ ਤੋਂ ਪੁੱਛਿਆ ਕਿ ਇਸ ਵਧੇ ਹੋਏ ਖਰਚੇ ਦਾ ਉਨ੍ਹਾਂ ਦੇ ਕਾਰਬਨ ਨਿਕਾਸ ਲਈ ਕੀ ਅਰਥ ਹੋ ਸਕਦਾ ਹੈ ਅਤੇ ਕੀ ਉਨ੍ਹਾਂ ਦੀ ਫੌਜੀ ਖੇਤਰ ਨੂੰ ਡੀਕਾਰਬਨਾਈਜ਼ ਕਰਨ ਦੀ ਕੋਈ ਯੋਜਨਾ ਹੈ। ਪੈਂਟਾਗਨ ਦੇ ਮੁੱਖ ਬੁਲਾਰੇ ਸੀਨ ਪਾਰਨੇਲ ਨੇ ਬੀਬੀਸੀ ਨੂੰ ਇੱਕ ਈਮੇਲ ਜਵਾਬ ਵਿੱਚ ਕਿਹਾ, "ਅਮਰੀਕੀ ਜੰਗ ਵਿਭਾਗ ਜਲਵਾਯੂ ਪਰਿਵਰਤਨ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਨੂੰ ਖ਼ਤਮ ਕਰ ਰਿਹਾ ਹੈ ਜੋ ਵਿਭਾਗ ਦੇ ਮੁੱਖ ਜੰਗੀ ਮਿਸ਼ਨ ਨਾਲ ਅਸੰਗਤ ਹਨ।"

"ਅਸੀਂ ਮੁੱਖ ਯਤਨਾਂ ਦੇ ਤੌਰ 'ਤੇ ਘਾਤਕਤਾ, ਜੰਗ ਲੜਨ ਅਤੇ ਤਿਆਰੀ ਨੂੰ ਬਿਹਤਰ ਬਣਾਉਣ 'ਤੇ ਕੇਂਦਰਿਤ ਹਾਂ। ਅਸੀਂ ਇਹ ਤਿੰਨ ਤਰੀਕਿਆਂ ਨਾਲ ਕਰ ਰਹੇ ਹਾਂ, ਜੰਗੀ ਭਾਈਵਾਲੀ ਨੂੰ ਬਹਾਲ ਕਰਨਾ, ਆਪਣੀ ਫੌਜ ਦਾ ਪੁਨਰ ਨਿਰਮਾਣ ਕਰਕੇ ਅਤੇ ਰੋਕਥਾਮ ਨੂੰ ਮੁੜ ਸਥਾਪਿਤ ਕਰਕੇ।" ਨਾਟੋ ਨੇ ਉਨ੍ਹਾਂ ਨੂੰ ਭੇਜੇ ਗਏ ਸਵਾਲਾਂ ਦਾ ਜਵਾਬ ਨਹੀਂ ਦਿੱਤਾ, ਪਰ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਵਧੇ ਹੋਏ ਕਾਰਬਨ ਨਿਕਾਸ ਨੂੰ ਘਟਾਉਣ ਲਈ ਸੰਗਠਨ ਦੇ ਯਤਨ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਨਹੀਂ ਹਨ। ਬ੍ਰਸੇਲਜ਼ ਵਿੱਚ ਯੂਰਪੀਅਨ ਆਰਗੇਨਾਈਜ਼ੇਸ਼ਨ ਆਫ਼ ਮਿਲਟਰੀ ਐਸੋਸੀਏਸ਼ਨਜ਼ ਐਂਡ ਟ੍ਰੇਡ ਯੂਨੀਅਨਜ਼ ਦੇ ਸੀਨੀਅਰ ਨੀਤੀ ਅਧਿਕਾਰੀ ਦਿਮਿਤਰਾ ਕੌਟੌਜ਼ੀ ਨੇ ਕਿਹਾਸ, "ਇਸ ਵੇਲੇ ਹਥਿਆਰਾਂ ਦੇ ਬਜਟ ਦੇ ਪੈਮਾਨੇ ਦੇ ਮੁਕਾਬਲੇ ਡੀਕਾਰਬੋਨਾਈਜ਼ੇਸ਼ਨ ਦੇ ਯਤਨ ਮਾਮੂਲੀ ਹਨ।" ਉਨ੍ਹਾਂ ਨੇ ਚੇਤਾਵਨੀ ਦਿੱਤੀ, "ਯੂਰਪੀਅਨ ਰੱਖਿਆ ਉਦਯੋਗ ਆਪਣੀ ਯੋਜਨਾਬੰਦੀ ਵਿੱਚ ਊਰਜਾ ਕੁਸ਼ਲਤਾ ਅਤੇ ਸਥਿਰਤਾ ਨੂੰ ਜੋੜਨਾ ਸ਼ੁਰੂ ਕਰ ਰਹੇ ਹਨ, ਪਰ ਅੱਜ ਪੈਦਾ ਕੀਤੇ ਜਾ ਰਹੇ ਸਿਸਟਮਾਂ ਨੂੰ ਕਾਰਜਸ਼ੀਲ ਹੋਣ ਵਿੱਚ ਅਜੇ ਵੀ ਕਈ ਸਾਲ ਲੱਗ ਜਾਣਗੇ।"

### ਜੰਗ ਦੀ ਕੀਮਤ

ਭਾਵੇਂ ਜਲਵਾਯੂ ਨੁਕਸਾਨ ਦੇ ਸੰਦਰਭ ਵਿੱਚ ਟਕਰਾਵਾਂ ਦੀ ਸਹੀ ਕੀਮਤ ਨੂੰ ਮਾਪਣਾ ਔਖਾ ਹੈ, ਪਰ ਕੁਝ ਮੌਜੂਦਾ ਜੰਗੀ ਵਾਤਾਵਰਣ 'ਤੇ ਉਨ੍ਹਾਂ ਦੇ ਪ੍ਰਭਾਵ ਦੀ ਵਿਸ਼ਾਲਤਾ ਦਾ ਸੰਕੇਤ ਦਿੰਦੇ ਹਨ। 2024 ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ, ਰੂਸ-ਯੂਕਰੇਨ ਜੰਗ ਦੇ ਮੁਲਾਂਕਣ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਸੰਘਰਸ਼ ਦੇ ਪਹਿਲੇ ਦੋ ਸਾਲਾਂ ਵਿੱਚ ਤਕਰੀਬਨ 175 ਮਿਲੀਅਨ ਟਨ ਗ੍ਰੀਨਹਾਊਸ ਗੈਸਾਂ ਦਾ ਨਿਕਾਸ ਹੋਇਆ ਸੀ।

ਮਈ ਵਿੱਚ ਇਜ਼ਰਾਈਲ-ਗਾਜ਼ਾ ਜੰਗ 'ਤੇ ਪ੍ਰਕਾਸ਼ਿਤ ਇੱਕ ਹੋਰ ਅਧਿਐਨ ਵਿੱਚ ਸਿੱਧੀਆਂ ਫੌਜੀ ਗਤੀਵਿਧੀਆਂ ਤੋਂ ਕਾਰਬਨ ਨਿਕਾਸ ਲਗਭਗ 1.9 ਮਿਲੀਅਨ ਟਨ ਦੱਸਿਆ ਗਿਆ ਹੈ, ਜੋ ਕਿ 36 ਵਿਅਕਤੀਗਤ ਦੇਸ਼ਾਂ ਅਤੇ ਪ੍ਰਦੇਸ਼ਾਂ ਦੇ ਸਾਲਾਨਾ ਨਿਕਾਸ ਤੋਂ ਵੀ ਵੱਧ ਹੈ। ਬ੍ਰਿਟਿਸ਼ ਫੌਜ ਦੇ ਇੱਕ ਸੇਵਾਮੁਕਤ ਜਨਰਲ ਅਤੇ ਸਾਬਕਾ ਸੀਨੀਅਰ ਨਾਟੋ ਅਧਿਕਾਰੀ ਰਿਚਰਡ ਨੂਗੀ ਨੇ ਕਿਹਾ, "ਭਾਵੇਂ ਇਹ ਤੇਜ਼ ਜੈੱਟ ਹੋਵੇ, ਜਾਂ ਫ੍ਰੀਗੇਟ ਹੋਵੇ ਜਾਂ ਟੈਂਕ, ਸਾਡੇ ਕੋਲ ਅਜੇ ਤੱਕ ਅਜਿਹੀ ਤਕਨਾਲੋਜੀ ਨਹੀਂ ਹੈ ਜੋ ਨਿਕਾਸੀ-ਮੁਕਤ ਸਮਰੱਥਾ ਪ੍ਰਦਾਨ ਕਰ ਸਕਦੀ ਹੋਵੇ।"

"ਅਤੇ ਇਸ ਲਈ ਸਾਨੂੰ ਇਸ ਹਕੀਕਤ ਨੂੰ ਸਵੀਕਾਰ ਕਰਨਾ ਪਵੇਗਾ ਕਿ ਜਦੋਂ ਤੱਕ ਤਕਨਾਲੋਜੀ ਨਹੀਂ ਆਉਂਦੀ, ਅਸੀਂ ਆਪਣੇ ਨਿਕਾਸ ਨੂੰ ਓਨਾ ਨਹੀਂ ਘਟਾ ਸਕਾਂਗੇ, ਜਿੰਨਾ ਅਸੀਂ ਚਾਹੁੰਦੇ ਹਾਂ।" ਇਸ ਲਈ ਰੱਖਿਆ ਲਈ ਜ਼ਿਆਦਾ ਪੈਸਾ ਜਲਵਾਯੂ ਵਿੱਤ ਲਈ ਘੱਟ ਪੈਸਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੀ ਸਤੰਬਰ ਵਿੱਚ ਜਾਰੀ ਕੀਤੀ ਗਈ ਰਿਪੋਰਟ ਦਰਸਾਉਂਦੀ ਹੈ ਕਿ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ ਲਈ ਸਾਲਾਨਾ ਵਿੱਤੀ ਪਾੜਾ ਪਹਿਲਾਂ ਹੀ 4 ਟ੍ਰਿਲੀਅਨ ਡਾਲਰ ਹੈ (ਇਸ ਵਿੱਚੋਂ ਅੱਧਾ ਹਿੱਸਾ ਖ਼ਾਸ ਤੌਰ 'ਤੇ ਊਰਜਾ ਅਤੇ ਜਲਵਾਯੂ ਲੋੜਾਂ ਲਈ ਰੱਖਿਆ ਗਿਆ ਘਾਟਾ ਹੈ)।


ਰਿਪੋਰਟ ਵਿੱਚ ਅੱਗੇ ਚੇਤਾਵਨੀ ਦਿੱਤੀ ਗਈ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਘਾਟਾ 6.4 ਟ੍ਰਿਲੀਅਨ ਡਾਲਰ ਤੱਕ ਵਧ ਜਾਵੇਗਾ, ਜਿਵੇਂ ਕਿ 2035 ਤੱਕ ਵਿਸ਼ਵਵਿਆਪੀ ਫ਼ੌਜੀ ਖਰਚ 6.6 ਟ੍ਰਿਲੀਅਨ ਡਾਲਰ (4.9 ਟ੍ਰਿਲੀਅਨ ਡਾਲਰ) ਤੱਕ ਪਹੁੰਚ ਸਕਦਾ ਹੈ। ਇਹ ਇਹ ਵੀ ਦਰਸਾਉਂਦਾ ਹੈ ਕਿ ਦੁਨੀਆ ਦੇ ਸਭ ਤੋਂ ਅਮੀਰ ਦੇਸ਼ ਸਭ ਤੋਂ ਕਮਜ਼ੋਰ ਦੇਸ਼ਾਂ ਨੂੰ ਜਲਵਾਯੂ ਵਿੱਤ ਪ੍ਰਦਾਨ ਕਰਨ ਨਾਲੋਂ ਆਪਣੀਆਂ ਫੌਜਾਂ 'ਤੇ 30 ਗੁਣਾ ਜ਼ਿਆਦਾ ਖਰਚ ਕਰ ਰਹੇ ਹਨ। ਅਜ਼ਰਬਾਈਜਾਨ ਵਿੱਚ ਹਾਲ ਹੀ ਵਿੱਚ ਹੋਈ ਸੀਓਪੀ29 ਜਲਵਾਯੂ ਗੱਲਬਾਤ ਤੋਂ ਬਾਅਦ, ਵਿਕਸਤ ਦੇਸ਼ਾਂ ਨੇ 2035 ਤੱਕ ਪ੍ਰਤੀ ਸਾਲ 300 ਬਿਲੀਅਨ ਡਾਲਰ ਪ੍ਰਦਾਨ ਕਰਨ 'ਤੇ ਸਹਿਮਤੀ ਪ੍ਰਗਟਾਈ, ਜਦੋਂ ਕਿ ਵਿਕਾਸਸ਼ੀਲ ਦੇਸ਼ਾਂ ਦਾ ਕਹਿਣਾ ਹੈ ਕਿ ਜਲਵਾਯੂ ਪਰਿਵਰਤਨ ਦੇ ਸਭ ਤੋਂ ਮਾੜੇ ਪ੍ਰਭਾਵਾਂ ਦੇ ਅਨੁਕੂਲ ਹੋਣ ਲਈ ਪ੍ਰਤੀ ਸਾਲ 1 ਟ੍ਰਿਲੀਅਨ ਡਾਲਰ ਤੋਂ ਵੱਧ ਦੀ ਲੋੜ ਹੈ।

ਪਨਾਮਾ ਦੇ ਜਲਵਾਯੂ ਪਰਿਵਰਤਨ ਲਈ ਵਿਸ਼ੇਸ਼ ਪ੍ਰਤੀਨਿਧੀ ਜੁਆਨ ਕਾਰਲੋਸ ਮੋਂਟੇਰੀ ਗੋਮੇਜ਼ ਨੇ ਨਵੰਬਰ 2024 ਵਿੱਚ ਅਜ਼ਰਬਾਈਜਾਨ ਦੇ ਬਾਕੂ ਵਿੱਚ ਸੀਓਪੀ29 ਜਲਵਾਯੂ ਵਾਰਤਾ ਵਿੱਚ ਕਿਹਾ, "ਵਿਸ਼ਵਵਿਆਪੀ ਫੌਜੀ ਖਰਚ ਸਾਲਾਨਾ ਤਕਰੀਬਨ 2.5 ਟ੍ਰਿਲੀਅਨ ਡਾਲਰ ਦਾ ਹੈ।" "ਇੱਕ ਦੂਜੇ ਨੂੰ ਮਾਰਨ ਲਈ 2.5 ਟ੍ਰਿਲੀਅਨ ਡਾਲਰ ਬਹੁਤ ਜ਼ਿਆਦਾ ਨਹੀਂ ਹੈ, ਪਰ ਜਾਨਾਂ ਬਚਾਉਣ ਲਈ ਇੱਕ ਟ੍ਰਿਲੀਅਨ ਡਾਲਰ ਗ਼ੈਰ-ਵਾਜਬ ਹੈ।" ਉਨ੍ਹਾਂ ਕਿਹਾ ਕਿ ਪਰ ਹੁਣ ਸ਼ੱਕ ਹੈ ਕਿ ਪਹਿਲਾਂ ਕੀਤੇ ਵਾਅਦੇ ਵੀ ਪੂਰੇ ਹੋਣਗੇ ਜਾਂ ਨਹੀਂ। ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓਈਸੀਡੀ) ਮੁਤਾਬਕ, 11 ਦਾਨੀ ਦੇਸ਼ਾਂ ਨੇ 2025 ਤੋਂ 2027 ਦੀ ਮਿਆਦ ਲਈ ਆਪਣੀ ਅਧਿਕਾਰਤ ਵਿਕਾਸ ਸਹਾਇਤਾ, ਯਾਨੀ ਵਿਦੇਸ਼ੀ ਸਹਾਇਤਾ ਜਿਸ ਵਿੱਚ ਜਲਵਾਯੂ ਵਿੱਤ ਵੀ ਸ਼ਾਮਲ ਹੈ, ਵਿੱਚ ਕਟੌਤੀ ਦਾ ਐਲਾਨ ਕੀਤਾ ਹੈ। ਜਿਵੇਂ ਕਿ ਯੂਕੇ ਨੇ ਕਿਹਾ ਹੈ ਕਿ ਉਹ 2027 ਤੱਕ ਸਹਾਇਤਾ ਖਰਚ ਨੂੰ ਕੁੱਲ ਰਾਸ਼ਟਰੀ ਆਮਦਨ ਦੇ 0.5 ਫ਼ੀਸਦ ਤੋਂ ਘਟਾ ਕੇ 0.3 ਫ਼ੀਸਦ ਕਰ ਕੇ ਰੱਖਿਆ ਵਿੱਚ ਨਿਵੇਸ਼ ਵਧਾਏਗਾ। ਜਨਰਲ ਨੂਗੀ ਨੇ ਕਿਹਾ, "ਸਾਡੇ ਕੋਲ ਫੌਜਾਂ ਹੋਣਗੀਆਂ ਭਾਵੇਂ ਸਾਨੂੰ ਪਸੰਦ ਹੋਵੇ ਜਾਂ ਨਾ।"

"ਜੰਗ ਵਿੱਚ ਫੌਜ ਨੂੰ ਆਪਣੇ ਕਾਰਬਨ ਨਿਕਾਸ ਨੂੰ ਵਧਾਉਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਪਹਿਲਾਂ ਇੱਕ ਮਜ਼ਬੂਤ ਫੌਜ ਹੋਵੇ ਜੋ ਇੱਕ ਰੋਕਥਾਮ ਵਜੋਂ ਕੰਮ ਕਰੇ ਅਤੇ ਇਹੀ ਨਾਟੋ ਅਤੇ ਬ੍ਰਿਟੇਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।" ਦੂਜੇ ਇਸ ਦੇ ਬਦਲੇ ਵਿੱਚ ਸੋਚ ਸਕਦੇ ਹਨ ਕਿ ਕੀ ਮਜ਼ਬੂਤ ਫੌਜਾਂ ਸੱਚਮੁੱਚ ਲੋਕਾਂ ਨੂੰ ਢਹਿ-ਢੇਰੀ ਹੋ ਰਹੇ ਜਲਵਾਯੂ ਦੇ ਵਿਨਾਸ਼ਕਾਰੀ ਪ੍ਰਭਾਵਾਂ ਤੋਂ ਬਚਾਉਣ ਦੇ ਯੋਗ ਹੋਣਗੀਆਂ, ਜਾਂ ਇਸਦੇ ਪ੍ਰਭਾਵ ਨੂੰ ਤੇਜ਼ ਕਰਨਗੀਆਂ।

# ਪੰਜਾਬ ਦੀਆਂ ਸੜਕਾਂ ’ਤੇ ਹਾਦਸਿਆਂ ਦੀ ਇਕ ਨਵੀਂ ਚੁਣੌਤੀ

ਪੰਜਾਬ ਦੀਆਂ ਸੜਕਾਂ ’ਤੇ ਇਕ ਨਵੀਂ ਚੁਣੌਤੀ ਨੇ ਲੋਕਾਂ ਦੀ ਜਾਨ ਨੂੰ ਖ਼ਤਰੇ ਵਿਚ ਪਾਇਆ ਹੋਇਆ ਹੈ। ਸਰੀਏ ਨਾਲ ਲੱਦੇ ਟਰੱਕ ਹੁਣ ਸੜਕਾਂ ’ਤੇ ਮੌਤ ਬਣ ਕੇ ਘੁੰਮਦੇ ਹਨ। ਅਕਸਰ ਓਵਰਲੋਡ ਰਹਿਣ ਵਾਲੇ ਇਨ੍ਹਾਂ ਟਰੱਕਾਂ ਕਾਰਨ ਵਾਪਰਨ ਵਾਲੇ ਹਾਦਸੇ ਨਾ ਸਿਰਫ਼ ਨੌਜਵਾਨਾਂ ਤੇ ਪਰਿਵਾਰਾਂ ਨੂੰ ਤਬਾਹ ਕਰ ਰਹੇ ਹਨ ਸਗੋਂ ਪੰਜਾਬ ਦੇ ਅਰਥਚਾਰੇ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਇਕ ਤਾਜ਼ਾ ਹਾਦਸੇ ਨੇ ਇਸ ਸਮੱਸਿਆ ਨੂੰ ਫਿਰ ਤੋਂ ਸਾਹਮਣੇ ਲਿਆਂਦਾ ਹੈ, ਜਿੱਥੇ ਸੜਕਾਂ ’ਤੇ ਇਹ ਖ਼ਤਰਾ ਹੁਣ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਜਲੰਧਰ-ਅੰਮ੍ਰਿਤਸਰ ਨੈਸ਼ਨਲ ਹਾਈਵੇ ’ਤੇ ਕਰਤਾਰਪੁਰ ਨੇੜੇ ਇਕ ਕਾਰ ਅੱਗੇ ਜਾ ਰਹੇ ਸਰੀਏ ਨਾਲ ਲੱਦੇ ਟਰੱਕ ਨਾਲ ਟਕਰਾ ਗਈ। ਟਰੱਕ ਡਰਾਈਵਰ ਨੇ ਅਚਾਨਕ ਬ੍ਰੇਕ ਲਾਈ ਜਿਸ ਕਾਰਨ ਕਾਰ ਪਿੱਛੇ ਤੋਂ ਟਕਰਾਈ ਅਤੇ ਸਰੀਏ ਡਰਾਈਵਰ ਸੀਟ ’ਤੇ ਬੈਠੇ ਚਾਂਦ (22) ਤੇ ਨਿਖਿਲ (21) ਦੇ ਸਰੀਰ ਦੇ ਆਰ-ਪਾਰ ਹੋ ਗਏ। ਦੋਹਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਨੌਜਵਾਨ ਸ਼ੁਭਮ, ਅਮਰੀਕ ਤੇ ਰੁਦਰ ਗੰਭੀਰ ਰੂਪ ’ਚ ਜ਼ਖ਼ਮੀ ਹੋਏ। ਇਸ ਤੋਂ ਪਹਿਲਾਂ ਵੀ ਅਜਿਹੇ ਕਈ ਹਾਦਸੇ ਵਾਪਰ ਚੁੱਕੇ ਹਨ। ਸੰਨ 2017 ’ਚ ਗੁਰਦਾਸਪੁਰ ਨੇੜੇ ਇਕ ਬਜ਼ੁਰਗ ਨੂੰ ਸਰੀਆਂ ਨੇ ਵਿੰਨ੍ਹ ਦਿੱਤਾ ਸੀ। ਹਾਲ ਹੀ ਵਿਚ ਅੰਮ੍ਰਿਤਸਰ-ਲੁਧਿਆਣਾ ਹਾਈਵੇ ’ਤੇ ਇਕ ਪਰਿਵਾਰ ਦੇ ਤਿੰਨ ਮੈਂਬਰ ਓਵਰਲੋਡ ਟਰੱਕ ਨਾਲ ਟੱਕਰ ’ਚ ਮਾਰੇ ਗਏ। ਇਨ੍ਹਾਂ ਦੁਰਘਟਨਾਵਾਂ ਵਿਚ ਘੱਟੋ-ਘੱਟ 70 ਫ਼ੀਸਦੀ ਮਾਮਲਿਆਂ ਵਿਚ ਸਰੀਏ ਦਾ ਲਟਕਣਾ ਜਾਂ ਢੱਕੇ ਨਾ ਹੋਣਾ ਮੁੱਖ ਕਾਰਨ ਹੁੰਦਾ ਹੈ। ਦਰਅਸਲ, ਪੰਜਾਬ ਵਿਚ ਸੜਕ ਹਾਦਸਿਆਂ ਦਾ ਅੰਕੜਾ ਹਰ ਸਾਲ ਵਧ ਰਿਹਾ ਹੈ ਤੇ ਇਸ ਵਿਚ ਟਰੱਕਾਂ ਦੀ ਭੂਮਿਕਾ ਬਹੁਤ ਵੱਡੀ ਹੈ। ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇਜ਼ ਮੰਤਰਾਲੇ ਦੀ 2023 ਦੀ ਰਿਪੋਰਟ ਅਨੁਸਾਰ



ਪੰਜਾਬ ਵਿਚ ਕੁੱਲ 6,269 ਸੜਕ ਹਾਦਸੇ ਵਾਪਰੇ ਜਿਨ੍ਹਾਂ ’ਚ 4,829 ਲੋਕਾਂ ਦੀ ਜਾਨ ਗਈ ਤੇ 3,206 ਜ਼ਖ਼ਮੀ ਹੋਏ। ਇਹ ਅੰਕੜੇ 2022 ਨਾਲੋਂ 2.11% ਵਧੇ ਹਨ। ਖ਼ਾਸ ਤੌਰ ’ਤੇ ਓਵਰਲੋਡਿੰਗ ਕਾਰਨ 887 ਹਾਦਸੇ ਦਰਜ ਹੋਏ ਜਿਨ੍ਹਾਂ ’ਚ 660 ਲੋਕ ਮਾਰੇ ਗਏ ਤੇ 457 ਜ਼ਖ਼ਮੀ ਹੋਏ। ਟਰੱਕਾਂ-ਬੱਸਾਂ ਨਾਲ ਜੁੜੇ ਹਾਦਸਿਆਂ ਦੀਆਂ 1,453 ਘਟਨਾਵਾਂ ਵਾਪਰੀਆਂ ਜਿਨ੍ਹਾਂ ’ਚ 1,110 ਮੌਤਾਂ ਹੋਈਆਂ। ਪੂਰੇ ਮੁਲਕ ’ਚ 12,000 ਤੋਂ ਵੱਧ ਮੌਤਾਂ ਓਵਰਲੋਡਿੰਗ ਕਾਰਨ ਹੋਈਆਂ ਜਿਨ੍ਹਾਂ ’ਚ ਪੰਜਾਬ ਦਾ ਵੱਡਾ ਹਿੱਸਾ ਹੈ। ਓਵਰਲੋਡ ਟਰੱਕ ਨਾ ਸਿਰਫ਼ ਹਾਦਸਿਆਂ ਦੀ ਗਿਣਤੀ ਵਧਾ ਰਹੇ ਹਨ ਸਗੋਂ ਉਨ੍ਹਾਂ ਦੀ ਤੀਬਰਤਾ ਵੀ ਵਧ ਰਹੀ ਹੈ। ਨੈਸ਼ਨਲ ਹਾਈਵੇਜ਼ ’ਤੇ ਇਨ੍ਹਾਂ ਦੀ ਗਿਣਤੀ ਹੋਰ ਵੀ ਵੱਧ ਹੈ ਕਿਉਂਕਿ ਸੂਬੇ ਦੇ ਵੱਡੇ ਹਾਈਵੇਜ਼ ਜਿਵੇਂ ਅੰਮ੍ਰਿਤਸਰ-ਜਲੰਧਰ, ਲੁਧਿਆਣਾ-ਚੰਡੀਗੜ੍ਹ, ਪਠਾਨਕੋਟ-ਜਲੰਧਰ ਆਦਿ ’ਤੇ ਨਿਰਮਾਣ ਸਮੱਗਰੀ ਲਿਜਾਣ ਵਾਲੇ ਟਰੱਕਾਂ ਦੀ ਭੀੜ ਰਹਿੰਦੀ ਹੈ ਪਰ ਨਿਗਰਾਨੀ ਦੀ ਘਾਟ ਨੇ ਇਨ੍ਹਾਂ ਨੂੰ ਘਾਤਕ ਬਣਾ ਦਿੱਤਾ ਹੈ। ਸੂਬੇ ’ਚ ਸੜਕ ਹਾਦਸਿਆਂ ਕਾਰਨ ਆਰਥਿਕ ਨੁਕਸਾਨ 10,000 ਕਰੋੜ ਤੋਂ ਵੱਧ ਮੰਨਿਆ ਜਾਂਦਾ ਹੈ। ਓਵਰਲੋਡ ਟਰੱਕਾਂ ਕਾਰਨ ਪੰਜਾਬ ਦੀਆਂ ਸੜਕਾਂ ਤੇਜ਼ੀ ਨਾਲ ਖ਼ਰਾਬ ਹੋ ਰਹੀਆਂ ਹਨ। ਪੰਜਾਬ ਸਰਕਾਰ ਨੇ ਹਾਲ ਹੀ ’ਚ ਨਿਰਮਾਣ ਸਮੱਗਰੀ ਨੂੰ ਢੱਕੇ ਬਿਨਾਂ ਲਿਜਾਣ ’ਤੇ ਪਾਬੰਦੀ ਲਗਾਈ ਹੈ ਜੋ ਇਕ ਚੰਗਾ ਕਦਮ ਹੈ ਪਰ ਇਸ ਨੂੰ ਲਾਗੂ ਕਰਨ ਲਈ ਸੜਕ ਸੁਰੱਖਿਆ ਫੋਰਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਨਿਗਰਾਨੀ ਵਧਾਉਣ ਨਾਲ ਇਹ ਸਮੱਸਿਆ ਹੱਲ ਹੋ ਸਕਦੀ ਹੈ। ਨਿਰਮਾਣ ਕੰਪਨੀਆਂ ਨੂੰ ਰੈਗੂਲੇਟ ਕਰਨ ਲਈ ਨਵੇਂ ਨਿਯਮ ਬਣਾਉਣੇ ਚਾਹੀਦੇ ਹਨ। ਮੁਹਿੰਮਾਂ ਚਲਾ ਕੇ ਡਰਾਈਵਰਾਂ ਨੂੰ ਸੜਕੀ ਸੁਰੱਖਿਆ ਨਿਯਮਾਂ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦੈ।




# ਪੈਰਾਂ 'ਚ ਦਿਖਾਈ ਦਿੰਦੇ ਹਨ ਫੈਟੀ ਲਿਵਰ ਦੇ ਲੱਛਣ

ਫੈਟੀ ਲਿਵਰ ਇਨ੍ਹੀਂ ਦਿਨੀਂ ਇੱਕ ਆਮ ਸਮੱਸਿਆ ਬਣਦਾ ਜਾ ਰਿਹਾ ਹੈ। ਇਸਨੂੰ ਅਕਸਰ "ਸਾਈਲੈਂਟ ਕਿਲਰ" ਕਿਹਾ ਜਾਂਦਾ ਹੈ ਕਿਉਂਕਿ ਇਸਦੇ ਲੱਛਣ ਸ਼ੁਰੂਆਤੀ ਪੜਾਵਾਂ ਵਿੱਚ ਸਪੱਸ਼ਟ ਨਹੀਂ ਹੁੰਦੇ। ਹਾਲਾਂਕਿ, ਸਾਡੇ ਸਰੀਰ ਸਾਨੂੰ ਕੁਝ ਲੱਛਣਾਂ ਨਾਲ ਸੁਚੇਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਜਿਹਾ ਇੱਕ ਲੱਛਣ ਸਾਡੀਆਂ ਲੱਤਾਂ ਵਿੱਚ ਦਿਖਾਈ ਦਿੰਦਾ ਹੈ।

ਹਾਲਾਂਕਿ ਲੋਕ ਅਕਸਰ ਇਹਨਾਂ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੇ, ਅਜਿਹਾ ਕਰਨ ਨਾਲ ਫੈਟੀ ਲਿਵਰ ਵਿਗੜ ਸਕਦਾ ਹੈ। ਇਸ ਲਈ, ਇਹਨਾਂ ਲੱਛਣਾਂ ਦੀ ਜਲਦੀ ਤੋਂ ਜਲਦੀ ਪਛਾਣ ਕਰਨਾ ਮਹੱਤਵਪੂਰਨ ਹੈ। ਡਾ. ਪ੍ਰਦੀਪ ਵੇਕਾਰੀਆ ਨੇ ਇਸਦੀ ਵਿਆਖਿਆ ਕਰਦੇ ਹੋਏ ਇੱਕ ਵੀਡੀਓ ਵੀ ਸਾਂਝਾ ਕੀਤਾ। ਆਓ ਜਾਣਦੇ ਹਾਂ ਕਿ ਲੱਤਾਂ ਵਿੱਚ ਫੈਟੀ ਲਿਵਰ ਦੇ ਲੱਛਣ ਕਿਵੇਂ ਦਿਖਾਈ ਦਿੰਦੇ ਹਨ।



**ਲੱਤਾਂ ਵਿੱਚ ਫੈਟੀ ਲਿਵਰ ਦੇ ਲੱਛਣ**

ਲੋਕ ਅਕਸਰ ਲੱਤਾਂ ਵਿੱਚ ਸੋਜ ਨੂੰ ਥਕਾਵਟ, ਗੁਰਦੇ ਦੀਆਂ ਸਮੱਸਿਆਵਾਂ ਜਾਂ ਦਿਲ ਦੀ ਬਿਮਾਰੀ ਨਾਲ ਜੋੜਦੇ ਹਨ, ਪਰ ਇਹ ਲਿਵਰ ਦੇ ਨੁਕਸਾਨ ਦਾ ਇੱਕ ਮਹੱਤਵਪੂਰਨ ਲੱਛਣ ਵੀ ਹੈ। ਦਰਅਸਲ, ਇੱਕ ਸਿਹਤਮੰਦ ਲਿਵਰ ਸਰੀਰ ਵਿੱਚ ਪ੍ਰੋਟੀਨ ਪੈਦਾ ਕਰਦਾ ਹੈ, ਖਾਸ ਕਰਕੇ ਐਲਬਿਊਮਿਨ।

ਪਰ ਜਦੋਂ ਲਿਵਰ ਵਿੱਚ ਚਰਬੀ ਇਕੱਠੀ ਹੁੰਦੀ ਹੈ ਤਾਂ ਐਲਬਿਊਮਿਨ ਦਾ ਉਤਪਾਦਨ ਘੱਟ ਜਾਂਦਾ ਹੈ। ਇਸ ਨਾਲ ਖੂਨ ਦੀਆਂ ਨਾੜੀਆਂ ਤੋਂ ਤਰਲ ਪਦਾਰਥ ਲੀਕ ਹੁੰਦਾ ਹੈ ਅਤੇ ਟਿਸ਼ੂਆਂ ਵਿੱਚ ਇਕੱਠਾ ਹੁੰਦਾ ਹੈ, ਜਿਸ ਨਾਲ ਪੈਰਾਂ, ਗਿੱਟਿਆਂ ਅਤੇ ਤਲਿਆਂ ਵਿੱਚ ਸੋਜ ਹੁੰਦੀ ਹੈ।

**ਫੈਟੀ ਲੀਵਰ ਨੂੰ ਰੋਕਣ ਲਈ ਤੁਸੀਂ ਕੀ ਕਰ ਸਕਦੇ ਹੋ?**

**ਇੱਕ ਸਿਹਤਮੰਦ ਖੁਰਾਕ ਅਪਣਾਓ–** ਆਪਣੀ ਖੁਰਾਕ ਵਿੱਚੋਂ ਖੰਡ, ਰਿਫਾਈਂਡ ਕਾਰਬੋਹਾਈਡਰੇਟ ਅਤੇ ਪ੍ਰੋਸੈਸਡ ਭੋਜਨ ਨੂੰ ਖਤਮ ਕਰੋ। ਇਸ ਦੀ ਬਜਾਏ, ਸਬਜ਼ੀਆਂ, ਫਲ, ਸਾਬਤ ਅਨਾਜ, ਦਾਲਾਂ ਅਤੇ ਉੱਚ ਫਾਈਬਰ ਵਾਲੇ ਭੋਜਨ ਸ਼ਾਮਲ ਕਰੋ। ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ ਭੋਜਨ, ਜਿਵੇਂ ਕਿ ਹਰੀਆਂ ਪੱਤੇਦਾਰ ਸਬਜ਼ੀਆਂ, ਅਖਰੋਟ ਅਤੇ ਫੈਟੀ ਮੱਛੀ, ਲਿਵਰ ਦੀ ਸੋਜਸ਼ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

**ਨਿਯਮਿਤ ਕਸਰਤ–** ਹਫ਼ਤੇ ਵਿੱਚ ਘੱਟੋ-ਘੱਟ ਪੰਜ ਦਿਨ 30-45 ਮਿੰਟ ਦਰਮਿਆਨੀ-ਤੀਬਰਤਾ ਵਾਲੀ ਕਸਰਤ ਕਰਨ ਦਾ ਟੀਚਾ ਰੱਖੋ। ਤੇਜ਼ ਤੁਰਨਾ, ਦੌੜਨਾ, ਸਾਈਕਲਿੰਗ ਅਤੇ ਤੈਰਾਕੀ ਵਰਗੀਆਂ ਐਰੋਬਿਕ ਕਸਰਤਾਂ ਸਰੀਰ ਦੀ ਵਾਧੂ ਚਰਬੀ ਨੂੰ ਘਟਾਉਣ ਵਿੱਚ ਬਹੁਤ ਮਦਦਗਾਰ ਹੁੰਦੀਆਂ ਹਨ।

**ਵਜ਼ਨ ਘਟਾਓ–** ਮੋਟਾਪਾ ਫੈਟੀ ਲਿਵਰ ਦਾ ਸਭ ਤੋਂ ਵੱਡਾ ਕਾਰਨ ਹੈ। ਜੇਕਰ ਤੁਹਾਡਾ ਭਾਰ ਜ਼ਿਆਦਾ ਹੈ, ਤਾਂ ਆਪਣੇ ਕੁੱਲ ਭਾਰ ਦਾ 5-10% ਘਟਾਉਣ ਦੀ ਕੋਸ਼ਿਸ਼ ਕਰੋ। ਇਹ ਲਿਵਰ ਵਿੱਚ ਵਾਧੂ ਚਰਬੀ ਅਤੇ ਸੋਜਸ਼ ਨੂੰ ਕਾਫ਼ੀ ਘਟਾ ਸਕਦਾ ਹੈ।

**ਸ਼ਰਾਬ–** ਸ਼ਰਾਬ ਲਿਵਰ ਨੂੰ ਕਾਫ਼ੀ ਨੁਕਸਾਨ ਪਹੁੰਚਾਉਂਦੀ ਹੈ। ਇਹ ਲਿਵਰ 'ਤੇ ਵਾਧੂ ਦਬਾਅ ਪਾ ਕੇ ਬਿਮਾਰੀ ਨੂੰ ਵਧਾ ਸਕਦਾ ਹੈ। ਇਸ ਲਈ, ਸ਼ਰਾਬ ਤੋਂ ਬਚੋ।

**ਰੈਗੂਲਰ ਜਾਂਚ ਜ਼ਰੂਰੀ ਹੈ–** ਜੇਕਰ ਤੁਹਾਨੂੰ ਮੋਟਾਪਾ, ਸ਼ੂਗਰ, ਉੱਚ ਕੋਲੈਸਟ੍ਰੋਲ, ਜਾਂ ਹਾਈਪਰਟੈਨਸ਼ਨ ਹੈ, ਤਾਂ ਨਿਯਮਤ ਤੌਰ 'ਤੇ ਲਿਵਰ ਫੰਕਸ਼ਨ ਟੈਸਟ ਅਤੇ ਅਲਟਰਾਸਾਊਂਡ ਕਰਵਾਓ ਤਾਂ ਜੋ ਲਿਵਰ ਨਾਲ ਸਬੰਧਤ ਕਿਸੇ ਵੀ ਬਿਮਾਰੀ ਦਾ ਜਲਦੀ ਪਤਾ ਲਗਾਇਆ ਜਾ ਸਕੇ।

# ਸਮੇਂ ਤੋਂ ਪਹਿਲਾਂ ਦਿਮਾਗ ਨੂੰ ਬੁੱਢਾ ਕਰ ਰਹੀ ਹੈ ਘੱਟ ਨੀਂਦ

ਅਸੀਂ ਆਪਣੀ ਜ਼ਿੰਦਗੀ ਦਾ ਲਗਪਗ ਇੱਕ ਤਿਹਾਈ ਹਿੱਸਾ ਸੌਣ ਵਿੱਚ ਬਿਤਾਉਂਦੇ ਹਾਂ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਸਾਡੇ ਦਿਮਾਗ ਲਈ ਕਿੰਨਾ ਮਹੱਤਵਪੂਰਨ ਹੈ? ਨੀਂਦ ਸਿਰਫ਼ ਆਰਾਮ ਕਰਨ ਦਾ ਸਮਾਂ ਨਹੀਂ ਹੈ; ਇਹ ਸਾਡੇ ਸਰੀਰ ਨੂੰ ਠੀਕ ਕਰਨ ਅਤੇ ਇੱਕ ਸਿਹਤਮੰਦ ਦਿਮਾਗ ਨੂੰ ਬਣਾਈ ਰੱਖਣ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਜਦੋਂ ਸਾਨੂੰ ਕਾਫ਼ੀ ਨੀਂਦ ਨਹੀਂ ਮਿਲਦੀ, ਤਾਂ ਇਸਦੇ ਪ੍ਰਭਾਵ ਹੌਲੀ-ਹੌਲੀ ਸਾਡੇ ਦਿਮਾਗਾਂ 'ਤੇ ਦਿਖਾਈ ਦਿੰਦੇ ਹਨ।

ਹਾਲ ਹੀ ਵਿੱਚ ਕੀਤੇ ਗਏ ਇੱਕ ਵੱਡੇ ਅਧਿਐਨ ਵਿੱਚ ਯੂਕੇ ਵਿੱਚ 27,000 ਤੋਂ ਵੱਧ ਲੋਕਾਂ ਦੇ ਦਿਮਾਗਾਂ ਦੀਆਂ ਨੀਂਦ ਦੀਆਂ ਆਦਤਾਂ ਅਤੇ ਐਮਆਰਆਈ ਸਕੈਨ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਅਧਿਐਨ ਤੋਂ ਪਤਾ ਲੱਗਾ ਹੈ ਕਿ ਘੱਟ ਨੀਂਦ ਵਾਲੇ ਲੋਕਾਂ ਦੇ ਦਿਮਾਗ ਉਨ੍ਹਾਂ ਦੀ ਅਸਲ ਉਮਰ ਤੋਂ ਪੁਰਾਣੇ ਸਨ।

**ਨੀਂਦ ਹੈ ਸਰੀਰ ਦੀ ਫੁਰਤੀ ਦਾ ਕਾਰਨ**

ਅਸੀਂ ਆਪਣੀ ਜ਼ਿੰਦਗੀ ਦਾ ਲਗਪਗ ਇੱਕ ਤਿਹਾਈ ਹਿੱਸਾ ਸੌਣ ਵਿੱਚ ਬਿਤਾਉਂਦੇ ਹਾਂ। ਇਹ ਬਹੁਤ ਜ਼ਿਆਦਾ ਲੱਗ ਸਕਦਾ ਹੈ, ਪਰ ਨੀਂਦ ਸਰੀਰ ਅਤੇ ਦਿਮਾਗ ਦੋਵਾਂ ਲਈ ਸਾਹ ਲੈਣ ਜਾਂ ਖਾਣ ਵਾਂਗ ਹੀ ਜ਼ਰੂਰੀ ਹੈ। ਨੀਂਦ ਦੌਰਾਨ, ਸਾਡੇ ਸਰੀਰ ਆਪਣੇ ਆਪ ਨੂੰ ਮੁਰੰਮਤ ਕਰਦੇ ਹਨ ਅਤੇ ਦਿਮਾਗ ਦਿਨ ਦੀ ਜਾਣਕਾਰੀ ਨੂੰ ਸੰਗਠਿਤ ਕਰਦਾ ਹੈ। ਹਾਲਾਂਕਿ, ਜਦੋਂ ਨੀਂਦ ਵਾਰ-ਵਾਰ ਵਿਘਨ ਪਾਉਂਦੀ ਹੈ, ਤਾਂ ਇਸਦਾ ਦਿਮਾਗ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ।

**27,000 ਲੋਕਾਂ ਦਾ ਅਧਿਐਨ**

ਯੂਕੇ ਵਿੱਚ ਕੀਤੇ ਗਏ ਇੱਕ ਵੱਡੇ ਅਧਿਐਨ ਵਿੱਚ 40 ਤੋਂ 70 ਸਾਲ ਦੀ ਉਮਰ ਦੇ 27,000 ਤੋਂ ਵੱਧ ਲੋਕਾਂ ਦੇ ਨੀਂਦ ਦੇ ਪੈਟਰਨਾਂ ਤੇ ਦਿਮਾਗ ਦੇ ਐਮਆਰਆਈ ਸਕੈਨ ਦੀ ਜਾਂਚ ਕੀਤੀ ਗਈ। ਨਤੀਜੇ ਹੈਰਾਨੀਜਨਕ ਸਨ: ਮਾੜੀ ਨੀਂਦ ਦੀ ਗੁਣਵੱਤਾ ਵਾਲੇ ਲੋਕਾਂ ਦੇ ਦਿਮਾਗ ਉਨ੍ਹਾਂ ਦੀ ਅਸਲ ਉਮਰ ਨਾਲੋਂ ਕਾਫ਼ੀ ਬੁੱਢੇ ਸਨ। ਇਸਦਾ ਮਤਲਬ ਹੈ ਕਿ ਮਾੜੀ ਨੀਂਦ ਦਿਮਾਗ ਨੂੰ ਸਮੇਂ ਤੋਂ ਪਹਿਲਾਂ ਬੁੱਢਾ ਕਰ ਸਕਦੀ ਹੈ।

**'ਦਿਮਾਗੀ ਉਮਰ' ਕਿਹੋ ਜਿਹੀ ਦਿਖਾਈ ਦਿੰਦੀ ਹੈ?**

ਜਿਵੇਂ ਸਰੀਰ ਦੀ ਉਮਰ ਵਧਣ ਦੇ ਨਾਲ-ਨਾਲ ਝੁਰੜੀਆਂ ਪੈਦਾ ਹੁੰਦੀਆਂ ਹਨ, ਉਸੇ ਤਰ੍ਹਾਂ ਦਿਮਾਗ ਵਿੱਚ ਵੀ ਉਮਰ ਦੇ ਨਾਲ ਬਦਲਾਅ ਆਉਂਦੇ ਹਨ। ਪਰ ਹਰ ਕਿਸੇ ਦਾ ਦਿਮਾਗ ਇੱਕੋ ਦਰ ਨਾਲ ਬੁੱਢਾ ਨਹੀਂ



ਹੁੰਦਾ। ਨਵੀਆਂ ਤਕਨੀਕਾਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ, ਵਿਗਿਆਨੀ ਹੁਣ ਦਿਮਾਗ ਦੀ "ਜੈਵਿਕ ਉਮਰ" ਦਾ ਅੰਦਾਜ਼ਾ ਲਗਾ ਸਕਦੇ ਹਨ। ਇਹ ਦਿਮਾਗ ਦੇ ਟਿਸ਼ੂ ਦੀ ਘਣਤਾ ਨੂੰ ਮਾਪਦਾ ਹੈ, ਕਾਰਟੈਕਸ ਕਿੰਨਾ ਪਤਲਾ ਹੋ ਗਿਆ ਹੈ, ਅਤੇ ਖੂਨ ਦੀਆਂ ਨਾੜੀਆਂ ਕਿੰਨੀਆਂ ਸਿਹਤਮੰਦ ਹਨ।

**ਦਿਮਾਗੀ ਉਮਰ ਨੂੰ ਕਿਵੇਂ ਮਾਪਿਆ ਗਿਆ?**

ਇਸ ਅਧਿਐਨ ਨੇ 1,000 ਤੋਂ ਵੱਧ ਐਮਆਰਆਈ ਸਿਗਨਲਾਂ (ਇਮੇਜਿੰਗ ਮਾਰਕਰ) ਦਾ ਵਿਸ਼ਲੇਸ਼ਣ ਕੀਤਾ। ਮਸ਼ੀਨ ਲਰਨਿੰਗ ਮਾਡਲਾਂ ਨੂੰ ਉਨ੍ਹਾਂ ਲੋਕਾਂ ਦੇ ਡਾਟਾ 'ਤੇ ਸਿਖਲਾਈ ਦਿੱਤੀ ਗਈ ਸੀ ਜੋ ਹੋਰ ਤੰਦਰੁਸਤ ਸਨ। ਜਦੋਂ ਇਹਨਾਂ ਨਤੀਜਿਆਂ ਦੀ ਤੁਲਨਾ ਬਾਕੀ ਭਾਗੀਦਾਰਾਂ ਨਾਲ ਕੀਤੀ ਗਈ, ਤਾਂ ਇਹ ਪਾਇਆ ਗਿਆ ਕਿ ਘੱਟ ਨੀਂਦ ਵਾਲੇ ਲੋਕਾਂ ਦੇ ਦਿਮਾਗ਼ ਬੁੱਢੇ ਹੁੰਦੇ ਦਾ ਰਹੇ ਹਨ। ਇਹ ਦਿਮਾਗ ਕੁਦਰਤੀ ਉਮਰ ਦੀ ਪ੍ਰਕਿਰਿਆ ਤੇਜ਼ੀ ਨਾਲ ਲੰਘਦਾ ਹੈ, ਜੋ ਬੋਧਾਤਮਕ ਗਿਰਾਵਟ, ਡਿਮੇਂਸ਼ੀਆ, ਅਤੇ ਇੱਥੋਂ ਤੱਕ ਕਿ ਸਮੇਂ ਤੋਂ ਪਹਿਲਾਂ ਮੌਤ ਦੇ ਜੋਖਮ ਨੂੰ ਵਧਾ ਸਕਦਾ ਹੈ।

# ਗੁਰਦੇ (ਕਿਡਨੀ) ਦਾ ਨੁਕਸਾਨ ਕਰਨ ਵਾਲੀਆਂ ਕੁਝ ਆਦਤਾਂ

ਕਿਡਨੀ ਦਾ ਕੰਮ ਸਾਡੇ ਸਰੀਰ ਤੋਂ ਟੌਕਸਿਨਸ ਨੂੰ ਬਾਹਰ ਕੱਢਣਾ ਹੈ। ਇਸ ਲਈ ਜੇ ਇਹ ਨੁਕਸਾਨੀ ਜਾਣ ਲੱਗ ਜਾਵੇ ਤਾਂ ਸਾਡਾ ਸਰੀਰ ਕੂੜਾ ਘਰ ਬਣ ਸਕਦਾ ਹੈ ਅਤੇ ਬਿਮਾਰੀਆਂ ਪੈਰ ਪਸਾਰਣਾ ਸ਼ੁਰੂ ਕਰ ਦਿੰਦੀਆਂ ਹਨ। ਇਸ ਲਈ, ਕਿਡਨੀ ਨੂੰ ਸਿਹਤਮੰਦ ਰੱਖਣਾ ਬਹੁਤ ਜ਼ਰੂਰੀ ਹੈ। ਕਿਡਨੀ ਸਿਰਫ ਟੌਕਸਿਨਸ ਨੂੰ ਹੀ ਫਿਲਟਰ ਨਹੀਂ ਕਰਦੀ, ਬਲਕਿ ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪਰ ਸਾਡੀਆਂ ਕੁਝ ਛੋਟੀਆਂ-ਛੋਟੀਆਂ ਆਦਤਾਂ ਹੌਲੀ-ਹੌਲੀ ਕਿਡਨੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਜਿਨ੍ਹਾਂ ਦੀਆਂ ਵੱਲ ਸਾਡਾ ਧਿਆਨ ਵੀ ਨਹੀਂ ਜਾਂਦਾ। ਹਾਲਾਂਕਿ, ਸਮੇਂ ਸਿਰ ਇਨ੍ਹਾਂ ਆਦਤਾਂ 'ਚ ਬਦਲਾਅ ਕਰ ਕੇ ਕਿਡਨੀ ਨੂੰ ਸਿਹਤਮੰਦ ਬਣਾਇਆ ਜਾ ਸਕਦਾ ਹੈ। ਆਓ ਜਾਣੀਏ ਕਿ ਸਾਡੀਆਂ ਕਿਹੜੀਆਂ ਆਦਤਾਂ ਕਿਡਨੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

**ਜ਼ਿਆਦਾ ਨਮਕ (ਲੂਣ) ਖਾਣਾ**


ਨਮਕ ਸਰੀਰ ਲਈ ਜ਼ਰੂਰੀ ਹੈ ਪਰ ਜ਼ਿਆਦਾ ਮਾਤਰਾ 'ਚ ਖਾਣਾ ਕਿਡਨੀ 'ਤੇ ਭਾਰੀ ਪੈ ਸਕਦਾ ਹੈ। ਜ਼ਿਆਦਾ ਸੋਡੀਅਮ ਬਲੱਡ ਪ੍ਰੈਸ਼ਰ ਵਧਾਉਂਦਾ ਹੈ। ਹਾਈ ਬਲੱਡ ਪ੍ਰੈਸ਼ਰ ਹੋਣ 'ਤੇ ਕਿਡਨੀ ਨੂੰ ਖੂਨ ਫਿਲਟਰ ਕਰਨ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ, ਜਿਸ ਨਾਲ ਹੌਲੀ-ਹੌਲੀ ਕਿਡਨੀ ਦੇ ਫਿਲਟਰਿੰਗ ਯੂਨਿਟਸ ਨੁਕਸਾਨ ਪਾਉਂਦੇ ਹਨ। ਪ੍ਰੋਸੈਸਡ ਫੂਡ, ਜੰਕ ਫੂਡ ਤੇ ਪੈਕਟਬੰਦ ਸਨੈਕਸ 'ਚ ਨਮਕ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।

**ਸੋਡਾ ਜਾਂ ਕਾਰਬੋਨੇਟਿਡ ਡ੍ਰਿੰਕਸ ਪੀਣਾ**

ਸੋਡਾ ਤੇ ਕਾਰਬੋਨੇਟਿਡ ਡ੍ਰਿੰਕਸ 'ਚ ਸਿਰਫ਼ ਜ਼ਿਆਦਾ ਚੀਨੀ ਹੀ ਨਹੀਂ, ਬਲਕਿ ਫਾਸਫੋਰਸ ਵੀ ਬਹੁਤ ਮਾਤਰਾ 'ਚ ਹੁੰਦੀ ਹੈ। ਜ਼ਿਆਦਾ ਸ਼ੱਕਰ ਡਾਇਬਟੀਜ਼ ਦੇ ਖਤਰੇ ਨੂੰ ਵਧਾਉਂਦੀ ਹੈ ਜੋ ਕਿ ਕਿਡਨੀ ਫੇਲ੍ਹ ਹੋਣ ਦਾ ਵੱਡਾ ਕਾਰਨ ਹੈ। ਉੱਥੇ ਹੀ ਫਾਸਫੋਰਸ ਦੀ ਜ਼ਿਆਦਾ ਮਾਤਰਾ ਕਿਡਨੀ 'ਤੇ ਐਕਸਟ੍ਰਾ ਪ੍ਰੈਸ਼ਰ ਪਾਉਂਦੀ ਹੈ। ਇਸ ਲਈ, ਇਨ੍ਹਾਂ ਡ੍ਰਿੰਕਸ ਨੂੰ ਪੀਣ ਨਾਲ ਕਿਡਨੀ ਦੀ ਫੰਕਸ਼ਨਿੰਗ ਘਟ ਸਕਦੀ ਹੈ।

**ਘੱਟ ਪਾਣੀ ਪੀਣਾ**

ਕਿਡਨੀ ਦਾ ਕੰਮ ਹੈ ਸਰੀਰ ਤੋਂ ਟੌਕਸਿਨਸ ਨੂੰ ਪਿਸ਼ਾਬ ਰਾਹੀਂ ਬਾਹਰ ਕੱਢਣਾ। ਇਸ ਲਈ ਇਸਨੂੰ ਭਰਪੂਰ ਮਾਤਰਾ 'ਚ ਪਾਣੀ ਦੀ ਜ਼ਰੂਰਤ ਹੁੰਦੀ ਹੈ। ਜਦੋਂ ਤੁਸੀਂ ਘੱਟ ਪਾਣੀ ਪੀਂਦੇ ਹੋ ਤਾਂ ਸਰੀਰ ਡੀਹਾਈਡਰੇਟ ਹੋ ਜਾਂਦਾ ਹੈ। ਇਸ ਨਾਲ ਟੌਕਸਿਨਸ ਸਰੀਰ 'ਚ ਜਮ੍ਹਾਂ ਹੋਣ ਲੱਗਦੇ ਹਨ ਤੇ ਕਿਡਨੀ 'ਤੇ ਦਬਾਅ ਵਧ ਜਾਂਦਾ ਹੈ। ਪਾਣੀ ਦੀ ਕਮੀ ਨਾਲ ਕਿਡਨੀ 'ਚ ਪਥਰੀ ਬਣਨ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਲਈ, ਕਿਡਨੀ ਨੂੰ ਸਿਹਤਮੰਦ ਰੱਖਣ ਲਈ ਹਰ ਰੋਜ਼ 8-10 ਗਿਲਾਸ ਪਾਣੀ ਪੀਣਾ ਜ਼ਰੂਰੀ ਹੈ।




**ਅਕਸਰ ਪੇਨਕਿਲਰ ਦਵਾਈਆਂ ਲੈਣਾ**

ਬਿਨਾਂ ਡਾਕਟਰ ਦੀ ਸਲਾਹ ਦੇ ਛੋਟੀਆਂ-ਛੋਟੀਆਂ ਤਕਲੀਫਾਂ ਲਈ ਓਵਰ-ਦ-ਕਾਊਂਟਰ ਪੇਨਕਿਲਰ ਦਵਾਈਆਂ ਲੈਣਾ ਕਿਡਨੀ ਲਈ ਬਹੁਤ ਖ਼ਤਰਨਾਕ ਹੋ ਸਕਦਾ ਹੈ। ਇਹ ਦਵਾਈਆਂ ਲੰਬੇ ਸਮੇਂ ਤਕ ਜਾਂ ਜ਼ਿਆਦਾ ਮਾਤਰਾ 'ਚ ਲੈਣ 'ਤੇ ਕਿਡਨੀ ਦੇ ਬਲੱਡ ਸਰਕੂਲੇਸ਼ਨ ਨੂੰ ਪ੍ਰਭਾਵਿਤ ਕਰਦੀਆਂ ਹਨ ਤੇ ਸਿੱਧਾ ਕਿਡਨੀ ਡੈਮੇਜ ਕਰ ਸਕਦੀ ਹੈ। ਇਸ ਲਈ, ਡਾਕਟਰ ਤੋਂ ਪੁੱਛੇ ਬਿਨਾਂ ਪੇਨਕਿਲਰ ਦਵਾਈਆਂ ਨਹੀਂ ਲੈਣੀਆਂ ਚਾਹੀਦੀਆਂ।

**ਨੀਂਦ ਪੂਰੀ ਨਾ ਹੋਣਾ**

ਨੀਂਦ ਦੀ ਘਾਟ ਦਾ ਸਿੱਧਾ ਅਸਰ ਸਾਡੇ ਪੂਰੇ ਸਰੀਰ 'ਤੇ ਪੈਂਦਾ ਹੈ, ਜਿਸ ਵਿਚ ਕਿਡਨੀ ਵੀ ਸ਼ਾਮਿਲ ਹੈ। ਜਦੋਂ ਤੁਸੀਂ ਸੌਂ ਰਹੇ ਹੁੰਦੇ ਹੋ ਤਾਂ ਸਰੀਰ ਅਤੇ ਕਿਡਨੀ ਆਪਣੇ ਆਪ ਨੂੰ ਰਿਪੇਅਰ ਕਰਦੀਆਂ ਹਨ। ਘੱਟ ਨੀਂਦ ਲੈਣ ਨਾਲ ਸਰੀਰ ਦਾ ਤਣਾਅ ਵਧਦਾ ਹੈ ਜਿਸ ਨਾਲ ਹਾਈ ਬਲੱਡ ਪ੍ਰੈਸ਼ਰ ਤੇ ਸ਼ੂਗਰ ਦਾ ਲੈਵਲ ਵੀ ਵਿਗੜ ਸਕਦੇ ਹਨ। ਇਹ ਦੋਵੇਂ ਹੀ ਹਾਲਾਤ ਲੰਬੇ ਸਮੇਂ 'ਚ ਕਿਡਨੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ, ਕਿਡਨੀ ਨੂੰ ਸਿਹਤਮੰਦ ਰੱਖਣ ਲਈ ਹਰ ਰਾਤ 7-8 ਘੰਟੇ ਦੀ ਪੂਰੀ ਨੀਂਦ ਲੈਣਾ ਜ਼ਰੂਰੀ ਹੈ।

# ਦਿਲ ਦੀ ਬਿਮਾਰੀ ਦੇ ਖਤਰੇ ਨੂੰ ਘੱਟ ਕਰੇਗਾ ਚੀਆ ਸੀਡਜ਼

ਚੀਆ ਸੀਡਜ਼ ਬਹੁਤ ਸਾਰੇ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਹ ਫਾਈਬਰ, ਪ੍ਰੋਟੀਨ, ਐਂਟੀਆਕਸੀਡੈਂਟ ਅਤੇ ਹੋਰ ਬਹੁਤ ਸਾਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ ਜੋ ਚੰਗੀ ਸਿਹਤ ਬਣਾਈ ਰੱਖਣ ਵਿੱਚ ਮਦਦ ਕਰ ਸਕਦੇ ਹਨ। ਇਸ ਤੋਂ ਇਲਾਵਾ, ਇਹ ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਵੀ ਲਾਭਦਾਇਕ ਹਨ। ਹਾਂ, ਚੀਆ ਬੀਜ ਖਾਣ ਨਾਲ ਕੋਲੈਸਟ੍ਰੋਲ ਨੂੰ ਘਟਾਉਣ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਕਾਫ਼ੀ ਮਦਦ ਮਿਲ ਸਕਦੀ ਹੈ। ਇਸ ਲਈ, ਉਹਨਾਂ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ।

ਆਓ ਜਾਣਦੇ ਹਾਂ ਕਿ ਉਹ ਬਲੱਡ ਪ੍ਰੈਸ਼ਰ ਅਤੇ ਕੋਲੈ-ਸਟ੍ਰੋਲ ਨੂੰ ਕਿਵੇਂ ਘਟਾਉਂਦੇ ਹਨ ਅਤੇ ਉਹਨਾਂ ਨੂੰ ਆਪਣੀ ਖੁਰਾਕ ਵਿੱਚ ਕਿਵੇਂ ਸ਼ਾਮਲ ਕਰਨਾ ਹੈ।

**ਫਾਈਬਰ–** ਚੀਆ ਬੀਜ ਘੁਲਣਸ਼ੀਲ ਫਾਈਬਰ ਵਿੱਚ ਬਹੁਤ ਜ਼ਿਆਦਾ ਹੁੰਦੇ ਹਨ। 2 ਚਮਚ (ਲਗਭਗ 30 ਗ੍ਰਾਮ) ਚੀਆ ਬੀਜਾਂ ਵਿੱਚ 10 ਗ੍ਰਾਮ ਫਾਈਬਰ ਹੁੰਦਾ ਹੈ। ਇਹ ਫਾਈਬਰ ਇੱਕ ਜੈਲ ਬਣਾਉਂਦਾ ਹੈ ਜੋ ਕੋਲੈਸਟ੍ਰੋਲ ਨੂੰ ਬੰਨ੍ਹਦਾ ਹੈ ਅਤੇ ਸਰੀਰ ਵਿੱਚ ਇਸਦੇ ਸੋਖਣ ਨੂੰ ਘਟਾਉਂਦਾ ਹੈ, ਜਿਸ ਨਾਲ ਮਾੜੇ ਕੋਲੈਸਟ੍ਰੋਲ ਅਤੇ ਟ੍ਰਾਈਗਲਿਸਰਾਈਡਸ ਦੇ ਪੱਧਰ ਨੂੰ ਘਟਾਉਂਦਾ ਹੈ। ਫਾਈਬਰ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ।

**ਓਮੇਗਾ-3 ਫੈਟੀ ਐਸਿਡ–** ਚੀਆ ਬੀਜ ਅਲਫ਼ਾ-ਲਿਨੋਲੇਨਿਕ ਐਸਿਡ ਦਾ ਇੱਕ ਅਮੀਰ ਪੌਦਾ-ਅਧਾਰਤ ਸਰੋਤ ਹਨ। ਓਮੇਗਾ-3 ਫੈਟੀ ਐਸਿਡ ਸੋਜਸ਼ ਨੂੰ ਘਟਾਉਣ ਅਤੇ ਸਿਹਤਮੰਦ ਖੂਨ ਦੀਆਂ ਨਾੜੀਆਂ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

**ਮੈਗਨੀਸ਼ੀਅਮ ਅਤੇ ਐਂਟੀਆਕਸੀਡੈਂਟ–** ਚੀਆ ਬੀਜਾਂ ਵਿੱਚ ਮੈਗਨੀਸ਼ੀਅਮ ਵਰਗੇ ਖਣਿਜ ਹੁੰਦੇ ਹਨ, ਜੋ ਖੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਵਿੱਚ ਮਦਦ ਕਰਦੇ ਹਨ ਅਤੇ ਆਮ ਬਲੱਡ ਪ੍ਰੈਸ਼ਰ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ। ਇਨ੍ਹਾਂ ਵਿੱਚ ਐਂਟੀਆਕਸੀਡੈਂਟ ਵੀ ਹੁੰਦੇ ਹਨ ਜੋ ਫ੍ਰੀ ਰੈਡੀਕਲਸ ਨਾਲ ਲੜ ਕੇ ਅਤੇ ਸੋਜਸ਼ ਨੂੰ ਘਟਾ ਕੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਂਦੇ ਹਨ।

# ਨੋਬਲ ਸ਼ਾਂਤੀ ਪੁਰਸਕਾਰ ਵੈਨੇਜ਼ੁਏਲਾ ਦੀ ਮਾਰੀਆ ਨੂੰ ਮਿਲਿਆ

ਜੀ ਕੇ ਸਿੰਘ

ਮਨੁੱਖੀ ਆਜ਼ਾਦੀ, ਸਮਾਨਤਾ ਅਤੇ ਹੱਕਾਂ ਦੀ ਬਰਾਬਰੀ ਨਾਲ ਜੁੜੇ ਸਰੋਕਾਰਾਂ ਲਈ ਜੂਝਣਾ ਸੰਗਰਾਮੀ ਯੋਧਿਆਂ ਲਈ ਹਮੇਸ਼ਾ ਚੁਣੌਤੀਆਂ ਭਰਪੂਰ ਰਿਹਾ ਹੈ। ਸੰਨ 1967 'ਚ ਪੈਦਾ ਹੋਈ ਮਾਰੀਆ ਕੋਰਿਨਾ ਮਚਾਡੋ ਲਤੀਨੀ ਅਮਰੀਕਾ ਦੇ ਮੁਲਕ ਵੈਨਜ਼ੂਏਲਾ 'ਚ ਲੋਕਤੰਤਰ ਨੂੰ ਮਜ਼ਬੂਤ ਕਰਨ ਵਿਚ ਵਰ੍ਹਿਆਂ ਤੋਂ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਸੰਘਰਸ਼ ਕਰ ਰਹੀ ਹੈ। ਵੈਨੇਜ਼ੁਏਲਾ ਦੀ ਤਾਨਾਸ਼ਾਹ ਹਕੂਮਤ ਵਿਰੁੱਧ ਸਾਰੀਆਂ ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰ ਕੇ ਆਜ਼ਾਦ ਚੋਣਾਂ ਕਰਵਾ ਕੇ ਲੋਕ ਪ੍ਰਤੀਨਿਧ ਸਰਕਾਰ ਬਣਾਉਣ ਲਈ ਜੇਹਾਦ ਕਰ ਰਹੀ ਹੈ।

ਉਸ ਨੇ ਆਪਣੇ ਦੇਸ਼ ਦੇ ਤਾਨਾਸ਼ਾਹ ਰਾਜ-ਪ੍ਰਬੰਧ ਦੀਆਂ ਜੜ੍ਹਾਂ ਵਿਚ ਤੇਲ ਦੇਣ ਦਾ ਕੰਮ ਉਦੋਂ ਕੀਤਾ ਜਦ 2024 ਵਿਚ ਉਹ ਸਾਰੀਆਂ ਵਿਰੋਧੀ ਧਿਰਾਂ ਵੱਲੋਂ ਓਥੋਂ ਦੇ ਤਾਨਾਸ਼ਾਹ ਨਿਕੋਲਸ ਮਾਡੂਰੋ (ਚਿਹੋਲਅਸ ਦੂਰੋ) ਵਿਰੁੱਧ ਲਿਬਰਲ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਬਣ ਗਈ। ਤਾਨਾਸ਼ਾਹ ਹਕੂਮਤ ਨੇ ਉਸ ਦੇ ਉਮੀਦਵਾਰੀ ਕਾਗਜ਼ ਰੱਦ ਕਰਵਾ ਕੇ ਮਾਰੀਆ 'ਤੇ ਬੇਤਹਾਸ਼ਾ ਤਸ਼ੱਦਦ ਢਾਹਿਆ। ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਪਿਛਲੇ 14 ਮਹੀਨਿਆਂ ਤੋਂ ਲੁਕ-ਛਿਪ ਕੇ ਤਾਨਾਸ਼ਾਹ ਹਕੂਮਤ ਨੂੰ ਹਮੇਸ਼ਾ ਲਈ ਦਫ਼ਨ ਕਰਨ ਦੀਆਂ ਜੁਗਤਾਂ ਵਿਚ ਮਾਰੀਆ ਨੂੰ ਅੰਡਰ ਗਰਾਊਂਡ ਹੋਣਾ ਪਿਆ ਹੈ। ਸਾਰੇ ਲੋਕਤੰਤਰੀ ਦੇਸ਼ਾਂ ਦੇ ਲੋਕਾਂ ਵੱਲੋਂ ਮਾਰੀਆ ਨੂੰ ਦਿੱਤੇ ਗਏ ਨੋਬਲ ਸ਼ਾਂਤੀ ਪੁਰਸਕਾਰ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

ਉਧਰ ਅਮਰੀਕਾ ਦਾ ਰਾਸ਼ਟਰਪਤੀ ਜਿਹੜਾ ਖ਼ੁਦ ਨਸਲਵਾਦ ਨੂੰ ਹਵਾ ਦਿੰਦਾ ਰਿਹਾ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲ ਰਹੇ ਯੁੱਧਾਂ ਨੂੰ ਰੋਕਣ ਦਾ ਆਪਣਾ ਸਵੈ-ਹਾਸਲ ਦਰਸਾ ਕੇ ਖ਼ੁਦ ਨੋਬਲ ਸ਼ਾਂਤੀ ਪੁਰਸਕਾਰ ਲੈਣ ਲਈ ਉੱਚੀ ਆਵਾਜ਼ ਵਿਚ ਰੌਲਾ ਪਾ ਰਿਹਾ ਸੀ, ਧਰਿਆ-ਧਰਾਇਆ ਰਹਿ ਗਿਆ। ਖਾਹ-ਮਖਾਹ ਭਾਰਤ- ਪਾਕਿ ਵਿਚਾਲੇ ਜੰਗਬੰਦੀ ਦਾ ਸਿਹਰਾ ਲੈਣ, ਫਿਰ ਇਜ਼ਰਾਈਲ-ਗਾਜ਼ਾ ਦੇ ਸੰਘਰਸ਼ ਦਾ ਨਬੇੜਾ ਅਤੇ ਯੂਕਰੇਨ-ਰੂਸ ਯੁੱਧ ਖ਼ਤਮ ਕਰਨ ਦਾ ਢੰਡੋਰਾ ਪਿੱਟਣ ਵਾਲਾ ਟਰੰਪ ਹਕੀਕੀ ਤੌਰ 'ਤੇ ਦੁਨੀਆ 'ਚ ਆਰਥਿਕ ਨੀਤੀਆਂ ਅਤੇ ਟੈਰਿਫ ਦਾ ਘਮਸਾਣ ਪਾ ਕੇ ਅਸ਼ਾਂਤੀ ਪੈਦਾ ਕਰ ਰਿਹਾ ਹੈ।



ਭਾਵੇਂ ਰੂਸ ਵੱਲੋਂ ਵੀ ਟਰੰਪ ਦੀ ਸ਼ਾਂਤੀ ਪੁਰਸਕਾਰ ਲਈ ਹੋਈ ਨਾਮਜ਼ਦਗੀ ਦੀ ਹਮਾਇਤ ਕੀਤੀ ਗਈ ਪਰ ਇਕ ਲੱਖ ਫਲਸਤੀਨੀਆਂ ਦਾ ਡੁੱਲ੍ਹਿਆ ਖ਼ੂਨ ਅਤੇ ਯੂਕਰੇਨ ਦੀਆਂ ਬਹਾਦਰ ਸ਼ਹੀਦ ਔਰਤਾਂ ਅਤੇ ਬੱਚਿਆਂ ਦੀਆਂ ਰੂਹਾਂ ਅਮਰੀਕਾ ਨੂੰ ਫਿਟਕਾਰ ਪਾ ਰਹੀਆਂ ਹਨ। ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕ-ਪੱਖੀ ਤਾਕਤਾਂ ਅਤੇ ਅਮਨ ਨੂੰ ਤਕੜਾ ਕਰਨ ਦੀ ਥਾਂ ਡੋਨਾਲਡ ਟਰੰਪ ਆਪਣੇ ਸਵਾਰਥਾਂ ਦੀ ਪੂਰਤੀ ਲਈ ਪਾਕਿਸਤਾਨ ਵਰਗੀਆਂ ਗ਼ੈਰ-ਜਮਹੂਰੀ ਸਰਕਾਰਾਂ ਦੇ ਫ਼ੌਜੀ ਅਫ਼ਸਰਾਂ ਨੂੰ ਸੱਦਾ ਦੇ ਕੇ ਆਪਣੇ ਰਵਾਇਤੀ ਅਤੇ ਇਤਿਹਾਸਕ ਲੋਕਤੰਤਰ ਨੂੰ ਲੋਕ ਮਨਾਂ ਤੋਂ ਦੂਰ ਲਿਜਾਣ ਵੱਲ ਕਦਮ ਚੁੱਕ ਰਿਹਾ ਹੈ। ਦਸ ਅਕਤੂਬਰ ਨੂੰ ਨਾਰਵੇਜੀਅਨ ਨੋਬਲ ਇੰਸਟੀਚਿਊਟ ਵੱਲੋਂ ਕੀਤੇ ਐਲਾਨ ਮੁਤਾਬਕ ਲੋਕਤੰਤਰ ਨੂੰ ਜਿਊਂਦਾ ਰੱਖਣ ਤੇ ਮਾਨਵੀ ਅਧਿਕਾਰਾਂ ਨੂੰ ਬਚਾਉਣ ਲਈ ਜਿੰਦ-ਜਾਨ ਲਗਾਉਣ ਵਾਲੀ ਲੋਕ ਨਾਇਕਾ ਮਾਰੀਆ ਕੋਰਿਨਾ ਮਚਾਡੋ ਨੋਬਲ ਸ਼ਾਂਤੀ ਪੁਰਸਕਾਰ ਦੇ ਇਤਿਹਾਸ ਵਿਚ ਵੀਹਵੀਂ ਔਰਤ ਬਣੀ ਹੈ।

ਐਲਾਨ ਤੋਂ ਪਹਿਲਾਂ ਜਦ ਕਮੇਟੀ ਨੇ ਮਾਰੀਆ ਨੂੰ ਦੱਸਿਆ ਤਾਂ ਉਹ ਭਾਵੁਕ ਹੋ ਕੇ ਬੋਲੀ ਕਿ ਅਸੀਂ ਆਪਣੀ ਜਾਨ ਵਾਰ ਕੇ ਵੀ ਲੋਕਤੰਤਰ ਦੇ ਸੂਰਜ ਨੂੰ ਡੁੱਬਣ ਨਹੀਂ ਦਿਆਂਗੇ। ਕਮੇਟੀ ਨੇ ਲਿਖਿਆ ਹੈ 'ਮਾਰੀਆ ਵੱਲੋਂ ਆਪਣੇ ਵੈਨੇਜ਼ੁਏਲਾ ਦੇਸ਼ ਦੇ ਤਾਨਾਸ਼ਾਹ ਅਤੇ ਗ਼ੈਰ-ਪ੍ਰਤੀਨਿਧ ਸਰਕਾਰ ਵਿਰੁੱਧ ਲੰਬੇ ਸਮੇਂ ਤੋਂ ਚਲਾਏ ਜਾ ਰਹੇ ਸੰਘਰਸ਼ ਅਤੇ ਲੋਕਤੰਤਰ ਨੂੰ ਬਚਾਉਣ ਲਈ ਵਿੱਢੇ ਲੋਕ-ਘੋਲ ਵਿਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ'।

ਮਈ ਵਿਚ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਵਰ੍ਹੇ ਦਾ ਨੋਬਲ ਸ਼ਾਂਤੀ ਪੁਰਸਕਾਰ ਜਿੱਤਣ ਵਾਲੀ ਮਾਰੀਆ ਕੋਰਿਨਾ ਮਚਾਡੋ ਦੀ ਕਾਫ਼ੀ ਤਾਰੀਫ਼ ਕੀਤੀ ਸੀ। ਗਿਆਰਾਂ ਮਿਲੀਅਨ ਸਵੀਡਿਸ਼ ਕਰੋਨਜ਼ (1.12 ਮਿਲੀਅਨ ਡਾਲਰ) ਦੀ ਇਨਾਮੀ ਰਾਸ਼ੀ ਵਾਲਾ ਨੋਬਲ ਸ਼ਾਂਤੀ ਪੁਰਸਕਾਰ 10 ਦਸੰਬਰ ਨੂੰ ਓਸਲੋ ਵਿਚ ਅਲਫਰੈਡ ਨੋਬਲ ਦੀ ਬਰਸੀ ਮੌਕੇ ਦਿੱਤਾ ਜਾਵੇਗਾ। ਦੋ ਸਾਲ ਪਹਿਲਾਂ ਈਰਾਨ ਦੀ ਨਰਗਿਸ ਮੁਹੰਮਦੀ ਨੂੰ ਜੇਲ੍ਹ ਵਿਚ ਬੈਠੀ ਨੂੰ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ। ਈਰਾਨ ਦੀ ਮਜ਼ਹਬੀ ਕੱਟੜਪੰਥੀ ਸਰਕਾਰ ਵੱਲੋਂ ਆਪਣੀ ਜਿਸ ਇੰਜੀਨੀਅਰ ਅਤੇ ਭੌਤਿਕ ਵਿਗਿਆਨੀ ਨਰਗਿਸ ਮੁਹੰਮਦੀ ਨੂੰ 31 ਸਾਲਾਂ ਤੋਂ ਤੇਰਾਂ ਵਾਰ ਨਜ਼ਰਬੰਦ ਕਰ ਕੇ ਅਤੇ 154 ਕੋਰੜੇ ਮਾਰ ਕੇ ਜੇਲ੍ਹ ਵਿਚ ਸੁੱਟਿਆ ਗਿਆ, ਜਦ ਉਸ ਲਈ ਵਿਸ਼ਵ ਦੇ ਸਭ ਤੋਂ ਉੱਚੇ ਸ਼ਾਂਤੀ ਪੁਰਸਕਾਰ ਦਾ ਐਲਾਨ ਨੋਬਲ ਇਨਾਮ ਕਮੇਟੀ ਵੱਲੋਂ ਕੀਤਾ ਗਿਆ ਤਾਂ ਪੂਰੀ ਦੁਨੀਆ ਵਿਚ ਮਾਨਵੀ ਹੱਕਾਂ 'ਤੇ ਪਹਿਰਾ ਦੇਣ ਵਾਲਿਆਂ ਦੇ ਹੌਸਲੇ ਬੁਲੰਦ ਹੋਏ ਸਨ।

ਔਰਤਾਂ 'ਤੇ ਹੋ ਰਹੇ ਤਸ਼ੱਦਦ, ਮਾਨਵੀ ਅਧਿਕਾਰਾਂ ਅਤੇ ਆਜ਼ਾਦੀ ਲਈ ਜੂਝਣ ਵਾਲੀ ਨਰਗਿਸ ਹੁਣ ਵੀ ਤਹਿਰਾਨ ਜੇਲ੍ਹ 'ਚ ਬੰਦ ਹੈ। ਸਾਲ 2023 ਵਿਚ ਨੋਬਲ ਕਮੇਟੀ ਨੇ ਲਿਖਿਆ ਸੀ, 'ਮਾਨਵੀ ਹੱਕਾਂ ਲਈ ਵਿੱਢੀ ਲੰਮੀ ਜਦੋਜਹਿਦ ਵਿਚ ਨਰਗਿਸ ਨੂੰ ਬਹੁਤ ਕੁਝ ਗੁਆਉਣਾ ਪਿਆ ਹੈ। ਇਸ ਸਨਮਾਨ ਨਾਲ ਅਸੀਂ ਵਿਸ਼ਵ ਦੇ ਉਨ੍ਹਾਂ ਹਨੇਰੇ ਖੱਲਾਂ-ਖੂੰਜਿਆਂ 'ਚ ਵੀ ਸੁਨੇਹਾ ਭੇਜਣਾ ਚਾਹੁੰਦੇ ਹਾਂ ਜਿੱਥੇ ਔਰਤਾਂ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਮੁੱਢਲੇ ਮਾਨਵੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ।' ਇੱਕੀਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਇਹੋ ਜਿਹਾ ਅਮਾਨਵੀ ਵਰਤਾਰਾ ਓਥੋਂ ਦੇ ਨਿਜ਼ਾਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਵਾਲਾ ਹੈ। ਜਿਸ ਵੀ ਖਿੱਤੇ ਵਿਚ ਤਾਨਾਸ਼ਾਹ ਸਰਕਾਰਾਂ ਜਾਂ ਸਮਾਜ ਵੱਲੋਂ ਇਸ ਤਰ੍ਹਾਂ ਦਾ ਡ੍ਰੈੱਸ ਕੋਡ ਜਾਂ ਸਮਾਜਿਕ ਜਿਉਣਾ ਤੈਅ ਕੀਤਾ ਜਾਵੇਗਾ, ਓਥੇ ਮਾਰੀਆ ਅਤੇ ਨਰਗਿਸ ਮੁਹੰਮਦੀ ਵਰਗੀਆਂ ਬੇਖ਼ੌਫ ਤੇ ਬਹਾਦਰ ਔਰਤਾਂ ਦਾ ਉੱਠ ਖੜ੍ਹੇ ਹੋਣਾ ਲਾਜ਼ਮੀ ਹੈ।

ਜ਼ੁਲਮ ਤੇ ਅਨਿਆਂ ਵਿਰੁੱਧ ਲੜਨ ਵਾਲੇ ਪੰਜਾਬੀ ਹਮੇਸ਼ਾ ਨਿਰੰਕੁਸ਼ ਅਤੇ ਮੂਲਵਾਦੀ ਰਾਜ ਪ੍ਰਬੰਧਾਂ ਵਿਰੁੱਧ ਡਟਦੇ ਰਹੇ ਹਨ। ਵੈਨੇਜ਼ੁਏਲਾ ਦੀ ਨਾਇਕਾ ਮਾਰੀਆ ਕੋਰਿਨਾ ਮਚਾਡੋ ਸਾਨੂੰ ਪੰਜਾਬੀਆਂ ਵਰਗੀ ਦਲੇਰ ਔਰਤ ਹੀ ਲੱਗਦੀ ਹੈ। ਕਿਵੇਂ ਪੰਜਾਬੀ ਫਰੰਗੀ ਹਕੂਮਤ ਨੂੰ ਖ਼ਤਮ ਕਰਨ ਵਿਚ ਗ਼ਦਰ ਦੀ ਅਲਖ ਜਗਾਉਂਦੇ ਰਹੇ ਅਤੇ ਕਾਲੇ ਪਾਣੀਆਂ ਦੇ ਤਸੀਹੇ ਝੱਲਦੇ ਹੋਏ ਸ਼ਹੀਦੀਆਂ ਪਾਉਂਦੇ ਰਹੇ, ਉਨ੍ਹਾਂ ਵਰਗਾ ਜਜ਼ਬਾ ਸਾਨੂੰ ਮਾਰੀਆ ਮਚਾਡੋ ਅਤੇ ਨਰਗਿਸ ਮੁਹੰਮਦੀ ਵਿਚ ਦਿਖਾਈ ਦਿੰਦਾ ਹੈ। ਇਨ੍ਹਾਂ ਦੋਹਾਂ ਔਰਤਾਂ ਦੀ ਲੋਕਤੰਤਰ ਅਤੇ ਮਾਨਵੀ ਅਧਿਕਾਰਾਂ ਲਈ ਵਿੱਢੀ ਦਲੇਰਾਨਾ ਜਦੋਜਹਿਦ ਦੀ ਭਰਪੂਰ ਪ੍ਰਸ਼ੰਸਾ ਕਰਦੇ ਹੋਏ ਮਾਰੀਆ ਨੂੰ ਮਿਲੇ 2025 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਸਮੂਹ ਪੰਜਾਬੀ ਉਸ ਨੂੰ ਵਧਾਈ ਦਿੰਦੇ ਹਨ।

# ਸਾਹਿਤ ਦਾ ਨੋਬਲ ਪੁਰਸਕਾਰ ਹੰਗਰੀ ਦੇ ਲੇਖਕ ਕ੍ਰਾਸਜ਼ਨਾਹੋਰਕਾਈ ਨੂੰ




ਡਾ. ਕ੍ਰਿਸ਼ਨ ਕੁਮਾਰ ਰੱਤੂ

ਨੋਬਲ ਸਾਹਿਤ ਪੁਰਸਕਾਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਜਿਸ ਦੇ ਨਾਂ ਦੀ ਸਾਲਾਂ ਤੋਂ ਉਡੀਕ ਸੀ, ਇਸ ਵਾਰ ਉਸੇ ਹੰਗਰੀ ਦੇ ਲੇਖਕ ਲਾਸਜ਼ਲੋ ਕ੍ਰਾਸਜ਼ਨਾਹੋਰਕਾਈ ਨੂੰ ਇਹ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਉਹ ਵਿਸ਼ਵ ਸਾਹਿਤ 'ਚ ਆਪਣੇ ਸ਼ਬਦਾਂ-ਦ੍ਰਿਸ਼ਟੀ ਰਾਹੀਂ ਪ੍ਰਗਟਾਵੇ ਦੇ ਵਿਲੱਖਣ ਦ੍ਰਿਸ਼ ਪੇਸ਼ ਕਰਦੇ ਆਏ ਹਨ। ਇਹ ਪੁਰਸਕਾਰ ਉਨ੍ਹਾਂ ਦੀ ਸਮੋਹਿਕ ਅਤੇ ਦੂਰਦਰਸ਼ੀ ਕਹਾਣੀ-ਧਾਰਾ ਲਈ ਦਿੱਤਾ ਗਿਆ ਹੈ ਜੋ ਪ੍ਰਲਯਕਾਲੀ ਭਿਆਨਕਤਾ ਵਿੱਚੋਂ ਕਲਾ ਅਤੇ ਮਨੁੱਖੀ ਅਨੁਭਵ ਨੂੰ ਸਾਫ਼ਗੋਈ ਨਾਲ ਪ੍ਰਗਟ ਕਰਦੀ ਹੈ।

ਅਜੋਕੇ ਯੁੱਗ ਵਿਚ ਮਨੁੱਖੀ ਪ੍ਰਗਟਾਵੇ ਦੇ ਕਿੰਨੇ ਚਿਹਰੇ ਹੋ ਸਕਦੇ ਹਨ-ਇਹ ਖੋਜ ਹੀ ਉਨ੍ਹਾਂ ਦੇ ਸਾਹਿਤ ਦਾ ਕੇਂਦਰ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਬੁਲੰਦ ਵਿਵਰਣ ਨਵੇਂ ਮਨੁੱਖ ਦੀ ਆਤਮਿਕ ਯਾਤਰਾ ਨੂੰ ਦਰਸਾਉਂਦਾ ਹੈ। ਇਹੀ ਉਹ ਦ੍ਰਿਸ਼ ਹੈ ਜੋ ਉਨ੍ਹਾਂ ਨੂੰ ਹੋਰ ਲੇਖਕਾਂ ਤੋਂ ਅਲੱਗ ਕਰਦਾ ਹੈ ਅਤੇ ਨੋਬਲ ਤੱਕ ਦੀ ਉਨ੍ਹਾਂ ਦੀ ਯਾਤਰਾ ਦਾ ਸੋਪਾਨ ਬਣਦਾ ਹੈ।

ਉਨ੍ਹਾਂ ਬਾਰੇ ਸਵੀਡਿਸ਼ ਅਕਾਦਮੀ ਨੇ ਕਿਹਾ, "ਲਾਸਜ਼ਲੋ ਕ੍ਰਾਸਜ਼ਨਾਹੋਰਕਾਈ ਦਾ ਸਾਹਿਤ ਲੋਕਧਾਰਾ ਅਤੇ ਸਮਾਜ ਦੀ ਉਸ ਵਿਰਾਸਤ ਦਾ ਵਰਣਨ ਹੈ ਜਿਸ ਵਿਚ ਇਤਿਹਾਸ, ਵਰਤਮਾਨ ਅਤੇ ਭਵਿੱਖ ਦਾ ਉਹ ਸੰਵੇਦਨਸ਼ੀਲ ਸੰਘਰਸ਼ ਦਰਜ ਹੈ ਜੋ ਮਨੁੱਖੀ ਮੁੱਲਾਂ ਦੀ ਸਿਰਜਣਾਤਮਕ ਯਾਤਰਾ ਨੂੰ ਨਵਾਂ ਰਸਤਾ ਦਿਖਾਉਂਦਾ ਹੈ। ਇਹ ਰਚਨਾਵਾਂ ਪ੍ਰਲਯਕਾਰੀ ਡਰ ਦੇ ਵਿਚਕਾਰ ਕਲਾ ਦੀ ਤਾਕਤ ਨੂੰ ਦੁਬਾਰਾ ਸਾਬਿਤ ਕਰਦੀਆਂ ਹਨ।" ਇਹ ਸ਼ਬਦ ਨਾ ਸਿਰਫ਼ ਉਨ੍ਹਾਂ ਦੇ ਸਾਹਿਤ ਦੀ ਰੂਹ ਨੂੰ ਛੂੰਹਦੇ ਹਨ ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਦੀ ਉਸ ਡੂੰਘਾਈ ਨੂੰ ਵੀ ਦਰਸਾਉਂਦੇ ਹਨ ਜੋ ਦੁਨੀਆ ਨੂੰ ਦੇਖਣ ਦਾ ਇਕ ਅਨੋਖਾ ਲੈਨਜ਼ ਪ੍ਰਦਾਨ ਕਰਦੀ ਹੈ। ਇਸ ਹੰਗੇਰੀਅਨ ਲੇਖਕ ਦੀਆਂ ਰਚਨਾਵਾਂ ਮਨੁੱਖੀ ਅਨੁਭਵਾਂ ਦੇ ਸੰਘਰਸ਼ ਨਾਲ ਬੁਣੀਆਂ ਹੋਈਆਂ ਹਨ ਜਿੱਥੇ ਹਰ ਵੇਲੇ ਬਿਪਤਾ ਦਾ ਸਾਇਆ ਰਹਿੰਦਾ ਹੈ ਪਰ ਫਿਰ ਵੀ ਆਸ ਦੀ ਇਕ ਪਤਲੀ ਜਿਹੀ ਕਿਰਨ ਚਮਕਦੀ ਹੈ। ਇਹ ਪੁਰਸਕਾਰ ਸਿਰਫ਼ ਹੰਗਰੀ ਦੇ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਨਹੀਂ ਕਰਦਾ ਸਗੋਂ ਉਨ੍ਹਾਂ ਲੇਖਕਾਂ ਦੀ ਰੀਤ ਨੂੰ ਵੀ ਮਜ਼ਬੂਤੀ ਦਿੰਦਾ ਹੈ ਜੋ ਮਨੁੱਖੀ ਹੋਂਦ ਦੀਆਂ ਸੀਮਾਵਾਂ ਨੂੰ ਟਟੋਲਦੇ ਹਨ। ਲਾਸਜ਼ਲੋ ਦਾ ਜਨਮ 5 ਜਨਵਰੀ 1954 ਨੂੰ ਹੰਗਰੀ ਦੇ ਛੋਟੇ ਜਿਹੇ ਸ਼ਹਿਰ ਗੁਯਿਲਾ (Gyula) ਵਿਚ ਇਕ ਮੱਧ-ਵਰਗ ਦੇ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਵਕੀਲ ਸਨ ਜਿਨ੍ਹਾਂ ਨੇ ਆਪਣੀ ਯਹੂਦੀ ਪਛਾਣ ਨੂੰ ਸਾਲਾਂ ਤੱਕ ਲੁਕਾਈ ਰੱਖਿਆ। ਸ਼ਾਇਦ ਇਹੀ ਬਚਪਨ ਦੀ ਗੁਪਤਤਾ ਉਨ੍ਹਾਂ ਦੇ ਸਾਹਿਤ ਵਿਚ ਉਸ ਰਹੱਸਮਈ ਪਰਤ ਨੂੰ ਜਨਮ ਦਿੰਦੀ ਹੈ ਜੋ ਪਾਠਕਾਂ ਨੂੰ ਅੰਤਹੀਣ ਖੋਜ ਵਿਚ ਖਿੱਚ ਲੈਂਦੀ ਹੈ।



ਉਨ੍ਹਾਂ ਨੇ 1972 ਵਿਚ ਲੈਟਿਨ ਵਿਸ਼ੇ ਵਿਚ ਡਿਗਰੀ ਪ੍ਰਾਪਤ ਕੀਤੀ। ਫਿਰ ਕਾਨੂੰਨ ਦੀ ਪੜ੍ਹਾਈ ਸ਼ੁਰੂ ਕੀਤੀ ਪਰ ਜਲਦੀ ਹੀ ਹੰਗਰੀ ਦੀ ਭਾਸ਼ਾ ਅਤੇ ਸਾਹਿਤ ਵੱਲ ਮੁੜ ਗਏ। ਉਨ੍ਹਾਂ ਦਾ ਵਿਅਕਤੀਤਵ ਇਕ ਵਿਰੋਧਾਭਾਸ ਹੈ -ਬਾਹਰੋਂ ਇਕਾਂਤਪ੍ਰਿਆ ਪਰ ਅੰਦਰੋਂ ਇਕ ਅਣਥੱਕ ਯਾਤਰੀ ਵਾਲਾ।

ਕਮਿਊਨਿਸਟ ਹੰਗਰੀ ਦੇ ਦੌਰ ਵਿਚ ਜਦ ਗੁਪਤ ਪੁਲਿਸ ਨੇ ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰ ਲਿਆ ਸੀ ਤਦ ਯਾਤਰਾ ਅਸੰਭਵ ਸੀ ਪਰ ਲੋਹੇ ਦਾ ਪਰਦਾ ਡਿੱਗਣ ਤੋਂ ਬਾਅਦ (1989), ਉਨ੍ਹਾਂ ਨੇ ਏਸ਼ੀਆ, ਯੂਰਪ ਤੇ ਅਮਰੀਕਾ ਦੀ ਸੈਰ ਕੀਤੀ। ਸੰਨ 1990 ਤੋਂ ਮੰਗੋਲੀਆ ਤੇ ਚੀਨ ਦੀਆਂ ਯਾਤਰਾਵਾਂ ਨੇ ਉਨ੍ਹਾਂ ਦੇ ਸਾਹਿਤ ਨੂੰ ਪੂਰਬੀ ਸੁੰਦਰਤਾ ਅਤੇ ਦਰਸ਼ਨ ਨਾਲ ਭਰਪੂਰ ਕੀਤਾ। ਉਹ ਦੁਨੀਆ ਨੂੰ ਇਸ ਤਰ੍ਹਾਂ ਵੇਖਦੇ ਹਨ ਜਿਵੇਂ ਕੋਈ ਮਹਾਕਾਵਿਕ ਯਾਤਰਾ ਚੱਲ ਰਹੀ ਹੋਵੇ।

ਹੰਗਰੀਆਈ ਸਾਹਿਤ ਵਿਚ ਉਨ੍ਹਾਂ ਨੂੰ ਸਮਕਾਲੀ ਮਹਾਨਤਾ ਦਾ ਦਰਜਾ ਮਿਲਿਆ ਹੈ-ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦੀ ਤੁਲਨਾ ਕਈ ਵਿਸ਼ਲੇਸ਼ਕਾਂ ਨੇ ਗੋਗੋਲ ਦੀ "Dead Souls" ਨਾਲ ਕੀਤੀ ਹੈ। ਉਹ ਇੰਟਰਵਿਊਜ਼ ਵਿਚ ਸੰਕੋਚੀ ਦਿਸਦੇ ਹਨ ਪਰ ਉਨ੍ਹਾਂ ਦੀਆਂ ਗੱਲਾਂ ਵਿਚ ਡੂੰਘੀ ਆਤਮਿਕ ਖੋਜ ਝਲਕਦੀ ਹੈ। ਬੋਧ ਦਰਸ਼ਨ ਅਤੇ ਪੂਰਬੀ ਕਲਾ ਤੋਂ ਪ੍ਰਭਾਵਿਤ ਉਹ ਜੀਵਨ ਨੂੰ 'ਇਕ ਸੰਸਾਰੀ ਨਾਚ' ਮੰਨਦੇ ਹਨ ਜਿੱਥੇ ਸਭ ਕੁਝ ਅਸਥਾਈ ਹੈ।

ਉਨ੍ਹਾਂ ਦਾ ਸਾਹਿਤ ਇਸ ਦਰਸ਼ਨ ਦੀ ਪਛਾਣ ਹੈ- ਨਿਰਾਸ਼ਾਵਾਦੀ ਹੋਣ ਦੇ ਬਾਵਜੂਦ ਕਲਾ ਦੀ ਮੁਕਤੀ 'ਤੇ ਵਿਸ਼ਵਾਸ ਰੱਖਣ ਵਾਲਾ। ਸਵੀਡਿਸ਼ ਅਕਾਦਮੀ ਦੀ ਘੋਸ਼ਣਾ ਵਿਚ ਉਨ੍ਹਾਂ ਦੇ ਇਸੇ ਵਿਸ਼ਵਾਸ ਨੂੰ ਉਜਾਗਰ ਕੀਤਾ ਗਿਆ ਕਿ ਪ੍ਰਲਯਕਾਰੀ ਭਿਆਨਕਤਾ ਵਿਚਕਾਰ ਕਲਾ ਦੀ ਸ਼ਕਤੀ ਹੀ ਮਨੁੱਖਤਾ ਦਾ ਸਹਾਰਾ ਹੈ।

ਲਾਸਜ਼ਲੋ ਦੀਆਂ ਰਚਨਾਵਾਂ ਹੋਂਦ ਤੇ ਆਤਮਿਕ ਮੁਕਤੀ ਦੇ ਚਰਖੇ 'ਤੇ ਘੁੰਮਦੀਆਂ ਹਨ ਪਰ ਹਰ ਵੇਲੇ ਇਕ ਸੂਖਮ ਆਸ ਦੀ ਚੰਗਿਆੜੀ ਨਾਲ। ਉਨ੍ਹਾਂ ਦਾ ਪਹਿਲਾ ਉਪਨਿਆਸ Satantango (1985)- ਹੰਗਰੀ ਦੇ ਇਕ ਪਿੰਡ ਦੀ ਕਹਾਣੀ ਹੈ ਜਿੱਥੇ ਇਕ ਸੰਪ੍ਰਦਾਇਕ ਢਾਂਚੇ ਦਾ ਪਤਨ ਪਰਲੋ ਵਾਂਗ ਦਿਖਾਇਆ ਗਿਆ ਹੈ। ਇਹ ਕਿਤਾਬ 2013 ਵਿਚ ਅੰਗਰੇਜ਼ੀ 'ਚ ਅਨੁਵਾਦ ਕੀਤੀ ਗਈ ਅਤੇ Béla Tarr ਦੁਆਰਾ ਫਿਲਮ ਬਣੀ।

ਉਨ੍ਹਾਂ ਦਾ ਸ਼ਬਦ-ਸ਼ਿਲਪ ਜੋ ਇਕ ਸਿੰਫਨੀ ਵਾਂਗ ਲੰਬੇ ਵਾਕਾਂ ਵਿਚ ਬੁਣਿਆ ਹੁੰਦਾ ਹੈ, ਪਾਠਕਾਂ ਨੂੰ ਦੁਨੀਆ ਦੀ ਨਾਜ਼ੁਕਤਾ ਦਾ ਅਹਿਸਾਸ ਕਰਾਉਂਦਾ ਹੈ। ਸਵੀਡਿਸ਼ ਅਕਾਦਮੀ ਦੇ ਐਲਾਨ ਵਿਚ ਉਨ੍ਹਾਂ ਦੀ ਪ੍ਰਸ਼ੰਸਾ ਦਰਅਸਲ ਇਸੇ ਸ਼ਿਲਪ ਦੀ ਹੈ ਜੋ ਭਿਆਨਕਤਾ ਦੇ ਵਿਚਕਾਰ ਕਲਾ ਨੂੰ ਇਕ ਉਦਾਰਕ ਰੂਪ ਵਿਚ ਸਥਾਪਤ ਕਰਦੀ ਹੈ।

ਲਾਸਜ਼ਲੋ ਕ੍ਰਾਸਜ਼ਨਾਹੋਰਕਾਈ ਵਿਸ਼ਵ ਸਾਹਿਤ ਵਿਚ ਇਕ ਪੁਲ ਦੀ ਤਰ੍ਹਾਂ ਹਨ ਜੋ ਹੰਗਰੀ ਦੀ ਸਥਾਨਕ ਹਕੀਕਤ ਨੂੰ ਪੂਰਬੀ ਦਰਸ਼ਨ (ਬੋਧ, ਚੀਨੀ ਕਲਾ) ਅਤੇ ਪੱਛਮੀ ਪੋਸਟਮੋਡਰਨ ਚਿੰਤਨ ਨਾਲ ਜੋੜਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਅਨੁਭਵ ਦੀ ਉਸ ਕਥਾ ਨੂੰ ਦਰਸਾਉਂਦੀਆਂ ਹਨ ਜਿੱਥੇ ਪਿਆਰ, ਸੰਵੇਦਨਾ ਅਤੇ ਮਨੁੱਖਤਾ ਦੀ ਧੜਕਨ ਮਿਲਦੀ ਹੈ। ਲਾਸਜ਼ਲੋ ਦੇ ਸ਼ਬਦ ਦਿਲ ਦੀਆਂ ਗਹਿਰਾਈਆਂ ਵਿੱਚੋਂ ਨਿਕਲਦੇ ਹਨ ਅਤੇ ਜਦੋਂ ਕਾਗਜ਼ 'ਤੇ ਉਤਰਦੇ ਹਨ ਤਾਂ ਸਿਰਫ਼ ਕਹਾਣੀ ਨਹੀਂ ਕਹਿੰਦੇ ਸਗੋਂ ਆਤਮਾ ਨੂੰ ਜੋੜਦੇ ਹਨ, ਸਮੇਂ ਨੂੰ ਠਹਿਰਾਉਂਦੇ ਹਨ ਅਤੇ ਮਨੁੱਖਤਾ ਨੂੰ ਨਵਾਂ ਅਰਥ ਦਿੰਦੇ ਹਨ।

ਉਹ ਇਕ ਅਜਿਹਾ ਲੇਖਕ ਹੈ ਜਿਸ ਦੀ ਲਿਖਤ ਮੁਹੱਬਤ ਦਾ ਪ੍ਰਤੀਕ ਹੈ ਜੋ ਸਿਰਫ਼ ਲੇਖਕ ਨਹੀਂ, ਇਕ ਭਾਵਨਾ ਹੈ; ਸੰਵੇਦਨਾ, ਕਰੁਣਾ ਅਤੇ ਮਨੁੱਖਤਾ ਦਾ ਰੂਪਕ। ਉਹ ਸਿਖਾਉਂਦੇ ਹਨ ਕਿ ਮੁਹੱਬਤ ਸਿਰਫ਼ ਸ਼ਬਦ ਨਹੀਂ ਸਗੋਂ ਉਹ ਤਾਕਤ ਹੈ ਜੋ ਦੁਨੀਆ ਨੂੰ ਬਦਲ ਸਕਦੀ ਹੈ। ਉਨ੍ਹਾਂ ਨੂੰ ਨੋਬਲ ਸਾਹਿਤ ਪੁਰਸਕਾਰ ਮਿਲਣਾ ਉਸ ਪ੍ਰਗਟਾਵੇ ਅਤੇ ਸੰਘਰਸ਼ ਦਾ ਸਨਮਾਨ ਹੈ ਜੋ ਸ਼ਬਦਾਂ ਜ਼ਰੀਏ ਨਵੇਂ ਮਨੁੱਖ ਅਤੇ ਨਵੀਂ ਦੁਨੀਆ ਦੀ ਸੰਭਾਵਨਾ ਦੀ ਖੋਜ ਕਰਦਾ ਹੈ ਅਤੇ ਇਹੀ ਉਨ੍ਹਾਂ ਦੀ ਪਛਾਣ ਹੈ।

# ਸਰਕਾਰੀ ਬੰਦ ਦੌਰਾਨ ਹਜ਼ਾਰਾਂ ਸੰਘੀ ਕਰਮਚਾਰੀਆਂ ਦੀ ਛਾਂਟੀ ਦੀ ਯੋਜਨਾ 'ਤੇ ਰੋਕ



ਨਵੀਂ ਦਿੱਲੀ- ਅਮਰੀਕਾ ਵਿੱਚ ਇੱਕ ਸਨਸਨੀਖੇਜ਼ ਫੈਸਲੇ ਵਿੱਚ ਸੈਨ ਫਰਾਂਸਿਸਕੋ ਦੇ ਸੰਘੀ ਜੱਜ ਸੁਜ਼ਨ ਇਲਸਟਨ ਨੇ ਬੁੱਧਵਾਰ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਸਰਕਾਰੀ ਬੰਦ ਦੌਰਾਨ ਹਜ਼ਾਰਾਂ ਸੰਘੀ ਕਰਮਚਾਰੀਆਂ ਦੀ ਛਾਂਟੀ ਦੀ ਯੋਜਨਾ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ। ਇਹ ਹੁਕਮ ਮਜ਼ਦੂਰ ਯੂਨੀਅਨਾਂ ਦੁਆਰਾ ਦਾਇਰ ਕੀਤੇ ਗਏ ਇੱਕ ਮੁਕੱਦਮੇ ਦੇ ਜਵਾਬ ਵਿੱਚ ਆਇਆ ਹੈ ਜਿਸ ਵਿੱਚ ਛਾਂਟੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ। ਇਹ ਕਦਮ ਵ੍ਹਾਈਟ ਹਾਊਸ ਵੱਲੋਂ ਬੰਦ ਦੌਰਾਨ ਘੱਟੋ-ਘੱਟ 10,000 ਕਰਮਚਾਰੀਆਂ ਨੂੰ ਛਾਂਟੀ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕਰਨ ਤੋਂ ਬਾਅਦ ਆਇਆ ਹੈ।

ਸੁਣਵਾਈ ਦੌਰਾਨ, ਜੱਜ ਇਲਸਟਨ ਨੇ ਚਿੰਤਾ ਜ਼ਾਹਰ ਕੀਤੀ ਕਿ ਵ੍ਹਾਈਟ ਹਾਊਸ ਦਾ ਪ੍ਰਬੰਧਨ ਅਤੇ ਬਜਟ ਦਫਤਰ (OMB) ਅਤੇ ਕਰਮਚਾਰੀ ਪ੍ਰਬੰਧਨ ਦਫਤਰ (OPM) ਕਾਨੂੰਨ ਨੂੰ ਨਜ਼ਰਅੰਦਾਜ਼ ਕਰਨ ਲਈ ਬੰਦ ਦਾ ਫਾਇਦਾ ਉਠਾ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਹ ਮੰਨ ਲਿਆ ਹੈ ਕਿ ਬੰਦ ਦੌਰਾਨ ਕੋਈ ਨਿਯਮ ਲਾਗੂ ਨਹੀਂ ਹੁੰਦੇ।

**ਵ੍ਹਾਈਟ ਹਾਊਸ ਨੇ ਕੀ ਕਿਹਾ ਹੈ?**

ਵ੍ਹਾਈਟ ਹਾਊਸ ਦੇ ਐਮਬੀ ਮੁਖੀ ਰਸ ਵੌਟ ਨੇ ਇੱਕ ਇੰਟਰਵਿਊ ਵਿੱਚ ਕਿਹਾ, "ਅਸੀਂ ਸੰਭਾਵਤ ਤੌਰ 'ਤੇ 10,000 ਤੋਂ ਵੱਧ ਕਰਮਚਾਰੀਆਂ ਦੀ ਛਾਂਟੀ ਕਰ ਦੇਵਾਂਗੇ। ਅਸੀਂ ਨੌਕਰਸ਼ਾਹੀ ਨੂੰ ਬੰਦ ਕਰਨ ਲਈ ਬਹੁਤ ਤੇਜ਼ ਹੋਣਾ ਚਾਹੁੰਦੇ ਹਾਂ।"

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਧਮਕੀ ਦਿੱਤੀ ਸੀ ਕਿ ਜੇਕਰ ਡੈਮੋਕ੍ਰੇਟਸ ਨਵੰਬਰ ਦੇ ਅੰਤ ਤੱਕ ਹਾਊਸ ਦੁਆਰਾ ਪਾਸ ਕੀਤੇ ਗਏ ਸਰਕਾਰੀ ਫੰਡਿੰਗ ਪ੍ਰਸਤਾਵ ਦਾ ਸਮਰਥਨ ਨਹੀਂ ਕਰਦੇ ਹਨ ਤਾਂ ਉਹ ਵੱਡੇ ਪੱਧਰ 'ਤੇ ਛਾਂਟੀ ਸ਼ੁਰੂ ਕਰਨਗੇ, ਖਾਸ ਕਰਕੇ ਡੈਮੋਕ੍ਰੇਟਸ ਨਾਲ ਜੁੜੇ ਸਮਝੇ ਜਾਣ ਵਾਲੇ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਉਣਗੇ।

ਜੱਜ ਇਲਸਟਨ ਦਾ ਹੁਕਮ ਟਰੰਪ ਪ੍ਰਸ਼ਾਸਨ ਲਈ ਇੱਕ ਵੱਡਾ ਝਟਕਾ ਹੈ, ਜੋ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਬੰਦ ਦੀ ਵਰਤੋਂ ਕਰ ਰਿਹਾ ਸੀ। ਮਜ਼ਦੂਰ ਯੂਨੀਅਨਾਂ ਦਾ ਤਰਕ ਹੈ ਕਿ ਇਹ ਛਾਂਟੀਆਂ ਨਾ ਸਿਰਫ਼ ਗੈਰ-ਕਾਨੂੰਨੀ ਹਨ ਬਲਕਿ ਸਰਕਾਰੀ ਕਰਮਚਾਰੀਆਂ ਦੇ ਅਧਿਕਾਰਾਂ ਦੀ ਵੀ ਉਲੰਘਣਾ ਕਰਦੀਆਂ ਹਨ।

ਬੰਦ ਨੇ ਪਹਿਲਾਂ ਹੀ ਲੱਖਾਂ ਸਰਕਾਰੀ ਕਰਮਚਾਰੀਆਂ ਨੂੰ ਬਿਨਾਂ ਤਨਖਾਹ ਦੇ ਕੰਮ ਕਰਨ ਜਾਂ ਘਰ ਬੈਠੇ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਇਸ ਦੌਰਾਨ, ਟਰੰਪ ਅਤੇ ਡੈਮੋਕ੍ਰੇਟਸ ਵਿਚਕਾਰ ਰਾਜਨੀਤਿਕ ਖਿੱਚੋਤਾਣ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ।

# ਗਾਜ਼ਾ 'ਚ ਸੌਖਾ ਨਹੀਂ ਅਮਨ ਦਾ ਰਾਹ



ਦਰਬਾਰਾ ਸਿੰਘ ਕਾਹਲੋਂ

ਪੂਰੇ ਵਿਸ਼ਵ ਦੀਆਂ ਨਜ਼ਰਾਂ ਮੱਧ-ਪੂਰਬ ਵਿਚ ਗਾਜ਼ਾ ਪੱਟੀ ਅੰਦਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ 20 ਨੁਕਾਤੀ ਸ਼ਾਂਤੀ ਪ੍ਰਸਤਾਵ ਸਬੰਧੀ 6 ਅਕਤੂਬਰ, 2025 ਤੋਂ ਲਾਲ ਸਾਗਰ ਰਿਜ਼ਾਰਟ 'ਸ਼ਰਮ ਅਲ ਸ਼ੇਖ' ਵਿਖੇ ਹੋ ਰਹੀ ਵਾਰਤਾਲਾਪ 'ਤੇ ਟਿਕੀਆਂ ਹੋਈਆਂ ਹਨ। ਇਜ਼ਰਾਈਲ ਵੱਲੋਂ ਮੋਸਾਦ ਅਤੇ ਸ਼ਿਨ ਬੇਟ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀ, ਪ੍ਰਧਾਨ ਮੰਤਰੀ ਨੇਤਨਯਾਹੂ ਦੇ ਵਿਦੇਸ਼ ਨੀਤੀ ਸਲਾਹਕਾਰ ਓਫਿਰ ਫਾਕ ਅਤੇ ਬੰਦੀਆਂ ਸਬੰਧੀ ਤਾਲਮੇਲ ਰੱਖਣ ਵਾਲੇ ਗਾਲ ਹਾਇਰਚ, ਹਮਾਸ ਵੱਲੋਂ ਪੂਰੀ ਟੀਮ ਗਰੁੱਪ ਆਗੂ ਖਲੀਲ ਅਲ ਹਾਇਆ ਦੀ ਅਗਵਾਈ ਵਿਚ ਵਫ਼ਦ, ਅਮਰੀਕਾ ਵੱਲੋਂ ਸਪੈਸ਼ਲ ਦੂਤ ਸਟੀਵ ਵਿਟਕੋਫ ਤੋਂ ਇਲਾਵਾ ਜਾਰਡ ਕੁਸ਼ਨਰ (ਜੋ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਜਵਾਈ ਹਨ) ਸ਼ਾਂਤੀ ਵਾਂਰਤਾ ਵਿਚ ਮੌਜੂਦ ਰਹਿਣਗੇ। ਇਨ੍ਹਾਂ ਤੋਂ ਇਲਾਵਾ ਕਤਰ, ਤੁਰਕੀ, ਮਿਸਰ ਨਾਲ ਸਬੰਧਤ ਵਿਸ਼ੇਸ਼ ਵਿਚੋਲੇ ਸ਼ਾਮਲ ਹੋ ਰਹੇ ਹਨ। ਇਹ ਗੱਲਬਾਤ ਕੁਝ ਦਿਨ ਚੱਲੇਗੀ ਤਾਂ ਕਿ ਸਭ ਅਤਿ-ਸੰਵੇਦਨਸ਼ੀਲ ਮੁੱਦਿਆਂ ਨੂੰ ਪੂਰੀ ਤਰ੍ਹਾਂ ਰਿੜਕ ਕੇ ਕਿਸੇ ਸਰਬ-ਪ੍ਰਵਾਨਤ, ਸਥਾਈ ਅਤੇ ਠੋਸ ਸਮਝੌਤੇ 'ਤੇ ਪੁੱਜਿਆ ਜਾ ਸਕੇ।

ਟਰੰਪ ਦਾ ਸ਼ਾਂਤੀ ਪ੍ਰਸਤਾਵ ਕੋਈ ਨਵਾਂ ਨਹੀਂ ਹੈ। ਅਜਿਹਾ ਪ੍ਰਸਤਾਵ ਉਨ੍ਹਾਂ ਦੇ ਸਾਬਕਾ ਹਮਰੁਤਬਾ ਜੋਅ ਬਾਇਡਨ ਵੱਲੋਂ ਵੀ ਪੇਸ਼ ਕੀਤਾ ਗਿਆ ਸੀ ਜੋ ਉਸ ਸਮੇਂ ਕਿਸੇ ਤਣ-ਪੱਤਣ ਨਹੀਂ ਲੱਗ ਸਕਿਆ। ਵਿਸ਼ਵ ਭਰ ਦੇ ਬੁੱਧੀਜੀਵੀ ਅਤੇ ਕੌਮਾਂਤਰੀ ਵਾਰਤਾਲਾਪਾਂ ਦੇ ਮਾਹਿਰ ਇਸ ਸ਼ਾਂਤੀ ਪ੍ਰਸਤਾਵ ਨੂੰ ਫਲਸਤੀਨੀਆਂ ਲਈ ਉਨ੍ਹਾਂ ਦੀ ਹੋਂਦ ਨੂੰ ਸਿਫ਼ਰ ਬਣਾਉਣ ਵਾਲਾ ਤਦੂੰਆਜਾਲ਼ ਕਰਾਰ ਦੇ ਰਹੇ ਹਨ। ਕੁਝ ਖੱਬੇ-ਪੱਖੀ ਮਾਹਿਰ ਅਤੇ ਕੌਮਾਂਤਰੀ ਪੱਧਰ ਦੇ ਡਿਪਲੋਮੈਟ ਇਸ ਨੂੰ 'ਪਾਗਲਾਨਾ ਬਸਤੀਵਾਦੀ ਸਕੀਮ' ਸਮਝਦੇ ਹਨ। ਡੋਨਾਲਡ ਟਰੰਪ ਤਾਂ ਗਾਜ਼ਾ ਨੂੰ ਗਰੀਨਲੈਂਡ ਅਤੇ ਪਨਾਮਾ ਨਹਿਰ ਵਾਂਗ ਅਮਰੀਕੀ ਕਬਜ਼ੇ ਵਿਚ ਲੈ ਕੇ ਇੱਥੇ ਟੂਰਿਜ਼ਮ ਕੇਂਦਰ ਅਤੇ 'ਰਿਵੇਰੀਆ' ਵਰਗੇ ਮਨਮੋਹਕ ਸਥਾਨ ਵਿਕਸਤ ਕਰਨ ਦੀਆਂ ਗੱਲਾਂ ਕਰ ਰਹੇ ਹਨ।

ਗਾਜ਼ਾ ਪੱਟੀ 41 ਕਿੱਲੋਮੀਟਰ ਲੰਬਾ, 6 ਤੋਂ 12 ਕਿੱਲੋਮੀਟਰ ਚੌੜਾ, 365 ਵਰਗ ਕਿੱਲੋਮੀਟਰ ਫਲਸਤੀਨ ਰਾਜ ਦਾ ਪੱਛਮੀ ਕਿਨਾਰੇ ਵਾਲੇ ਖੇਤਰ ਨਾਲੋਂ ਛੋਟਾ ਖੇਤਰ ਹੈ ਜਿਸ ਦੀ ਆਬਾਦੀ 22 ਲੱਖ ਹੈ ਜੋ ਵਿਸ਼ਵ ਦਾ ਸਭ ਤੋਂ ਵੱਡੀ ਮਨੁੱਖੀ ਘਣਤਾ ਵਾਲਾ ਸੁੰਨੀ ਮੁਸਲਿਮ ਸਬੰਧਤ ਹਮਾਸ ਸੰਗਠਨ ਦੁਆਰਾ ਸ਼ਾਸਿਤ ਇਲਾਕਾ ਹੈ। ਇਸ ਦੀ ਰਾਜਧਾਨੀ ਇਸ ਦਾ ਸਭ ਤੋਂ ਵੱਡਾ ਸ਼ਹਿਰ ਗਾਜ਼ਾ ਹੈ। ਇਸ ਦਾ ਲਗਾਤਾਰ ਇਜ਼ਰਾਈਲ ਨਾਲ ਜੰਗੀ ਤਣਾਅ ਜਾਰੀ ਹੈ।

ਉਸ ਨੇ ਇਸ ਦੀ ਧਰਤੀ, ਆਕਾਸ਼ ਅਤੇ ਸਮੁੰਦਰ ਵੱਲੋਂ ਨਾਕਾਬੰਦੀ ਕਰ ਰੱਖੀ ਹੈ। ਸੱਤ ਅਕਤੂਬਰ 2023 ਨੂੰ ਹਮਾਸ ਲੜਾਕੂਆਂ ਨੇ ਪੂਰੇ ਵਿਸ਼ਵ ਨੂੰ ਉਦੋਂ ਹੈਰਾਨ ਕਰ ਦਿੱਤਾ ਸੀ ਜਦੋਂ ਇਜ਼ਰਾਈਲ ਅੰਦਰ ਘੁਸ ਕੇ ਉਸ ਦੇ 1200 ਸ਼ਹਿਰੀ, ਸੁਰੱਖਿਆ ਗਾਰਡ ਮਾਰ-ਮੁਕਾਏ ਅਤੇ 251 ਬੰਦੀ ਬਣਾ ਲਏ ਸਨ। ਮਕਸਦ ਬੰਦੀਆਂ ਦੀ ਆੜ ਵਿਚ ਇਜ਼ਰਾਈਲ ਨਾਲ ਕੋਈ ਸ਼ਾਂਤੀ ਸਮਝੌਤਾ ਅਤੇ ਉਨ੍ਹਾਂ ਨੂੰ ਮਾਨਤਾ ਦੇਣ ਦਾ ਸੌਦਾ ਕਰਨਾ ਸੀ।



ਇਹ ਇਤਿਹਾਸਕ ਭੁੱਲ ਹਮਾਸ ਅਤੇ ਗਾਜ਼ਾ ਪੱਟੀ, ਇਸ ਦੇ ਸ਼ਹਿਰਾਂ ਅਤੇ ਵਸੋਂ ਵਾਲੇ ਇਲਾਕਿਆਂ 'ਤੇ ਕਹਿਰ ਬਣ ਕੇ ਟੁੱਟੀ। ਹਮਾਸ ਦੇ ਜ਼ਮੀਨਦੋਜ਼ ਫ਼ੌਜੀ ਟਿਕਾਣੇ, ਹਸਪਤਾਲ ਅਤੇ ਤਕਨੀਕੀ ਅਦਾਰੇ ਸਭ ਰਾਖ਼ ਅਤੇ ਮਲਬੇ ਦਾ ਢੇਰ ਬਣਾ ਦਿੱਤੇ ਗਏ। ਲਿਬਨਾਨ, ਹਿਜ਼ਬੁੱਲਾ ਲੜਾਕੂ, ਈਰਾਨ ਅਤੇ ਜੋ ਵੀ ਇਨ੍ਹਾਂ ਦੀ ਹਮਾਇਤ 'ਤੇ ਆਇਆ, ਉਹ ਸਭ ਇਜ਼ਰਾਈਲ ਦੇ ਕਹਿਰ ਦਾ ਸ਼ਿਕਾਰ ਹੋਇਆ। ਈਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਹਮਲਾ ਕਰਨ ਲਈ ਅਮਰੀਕਾ ਜੰਗ ਵਿਚ ਕੁੱਦ ਪਿਆ। ਉਸ ਨੇ ਜ਼ਮੀਨਦੋਜ਼ ਈਰਾਨੀ ਪਰਮਾਣੂ ਟਿਕਾਣੇ ਫੋਰਡੋ ਅਤੇ ਨਾਤਨਜ਼ ਤਬਾਹ ਕਰਨ ਲਈ ਬੀ-2 ਸਪਿਰਟ ਸਟੀਲਥ ਬੰਬਾਰ ਵਰਤ ਕੇ ਪੂਰੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ। ਆਪੇ ਹੀ ਫਿਰ 12 ਰੋਜ਼ਾ (13 ਜੂਨ ਤੋਂ 25 ਜੂਨ, 2025) ਇਜ਼ਰਾਈਲ-ਈਰਾਨ ਜੰਗਬੰਦੀ ਕਰਵਾਈ।

ਇਜ਼ਰਾਈਲ ਨੇ ਪਿਛਲੇ 2 ਸਾਲਾਂ ਵਿਚ ਗਾਜ਼ਾ ਖੇਤਰ ਵਿਚ 67000 ਲੋਕ ਮਾਰ ਮੁਕਾਏ, 170000 ਜ਼ਖ਼ਮੀ ਕੀਤੇ। ਉਹ ਇਸ ਖੇਤਰ ਨੂੰ ਆਪਣੇ ਕਬਜ਼ੇ ਵਿਚ ਕਰ ਕੇ ਹਮਾਸ ਲੜਾਕੂਆਂ ਦਾ ਇੱਥੋਂ ਖੁਰਾਖੋਜ ਮਿਟਾਉਣ 'ਤੇ ਤੁਲਿਆ ਹੋਇਆ ਹੈ। ਅਮਰੀਕਾ ਸਮੇਤ ਪੱਛਮੀ ਅਤੇ ਸਰਮਾਏਦਾਰ ਦੇਸ਼ ਉਸ ਦੀ ਪਿੱਠ 'ਤੇ ਹਨ। ਸਤਵੰਜਾ ਮੁਸਲਿਮ ਦੇਸ਼ ਉਨ੍ਹਾਂ ਦੇ ਪਿੱਠੂ ਬਣੇ ਪਏ ਹਨ। ਈਰਾਨ ਉਨ੍ਹਾਂ ਨਾਲ ਆਢਾ ਨਹੀਂ ਲੈ ਸਕਦਾ।

ਤਿਰਾਨਵੇਂ ਪ੍ਰਤੀਸ਼ਤ ਸਾਖ਼ਰਤਾ ਵਾਲੇ ਇਸ ਗਾਜ਼ਾ ਖੇਤਰ ਦਾ ਵਿੱਦਿਅਕ, ਸਿਹਤ, ਕਾਰੋਬਾਰੀ, ਖੇਤੀ ਢਾਂਚਾ ਤਹਿਸ-ਨਹਿਸ ਹੋ ਚੁੱਕਾ ਹੈ। ਭੁੱਖਮਰੀ, ਬਿਮਾਰੀ, ਛੱਤ ਰਹਿਤ, ਪੀਣ ਵਾਲੇ ਪਾਣੀ ਰਹਿਤ ਵਿਵਸਥਾ ਨੇ ਇਹ ਖੇਤਰ ਨਰਕ ਬਣਾ ਰੱਖਿਆ ਹੈ। ਯੂਐੱਨ, ਕੌਮਾਂਤਰੀ ਬਰਾਦਰੀ ਅਤੇ ਮੁਸਲਿਮ ਦੇਸ਼ਾਂ ਦੇ ਦਬਾਅ ਅਤੇ ਅਮਰੀਕਾ ਸਮੇਤ ਸਰਮਾਏਦਾਰੀ ਦੇ ਇਸ ਖੇਤਰ ਵਿਚ ਲੰਬੇ ਸਮੇਂ ਵਾਲੇ ਹਿੱਤਾਂ ਦੇ ਮੱਦੇਨਜ਼ਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਜ਼ਰਾਈਲੀ ਪ੍ਰਧਾਨ ਮੰਤਰੀ ਨਾਲ ਸਲਾਹ-ਮਸ਼ਵਰੇ ਤੋਂ ਬਾਅਦ 20 ਨੁਕਾਤੀ ਸ਼ਾਂਤੀ ਪ੍ਰਸਤਾਵ ਲੈ ਕੇ ਆਇਆ ਹੈ।

ਇੱਥੇ ਇਹ ਵਰਣਨਯੋਗ ਹੈ ਕਿ ਇਜ਼ਰਾਈਲ ਅੰਦਰ ਵੱਡੇ ਪੱਧਰ 'ਤੇ ਲੋਕ ਨਿੱਤ ਦੀਆਂ ਜੰਗਾਂ ਤੋਂ ਬੁਰੀ ਤਰ੍ਹਾਂ ਅਵਾਜ਼ਾਰ ਹਨ ਤੇ ਉਹ ਆਪਣੇ ਹਮਸਾਇਆ ਮੁਸਲਿਮ ਦੇਸ਼ਾਂ ਨਾਲ ਸਮੇਤ ਫਲਸਤੀਨ ਅਤੇ ਹਮਸ ਲੜਾਕੂਆਂ ਦੇ ਸ਼ਾਂਤੀ ਚਾਹੁੰਦੇ ਹਨ। ਉਹ ਪ੍ਰਧਾਨ ਮੰਤਰੀ ਨੇਤਨਯਾਹੂ ਦੀਆਂ ਜੰਗਬਾਜ਼, ਨਫ਼ਰਤੀ ਅਤੇ ਨਸਲਘਾਤੀ ਨੀਤੀਆਂ ਤੋਂ ਬੁਰੀ ਤਰ੍ਹਾਂ ਬੇਜ਼ਾਰ ਹਨ। ਅਕਸਰ ਉਸ ਦੀ ਸਰਕਾਰ ਵਿਰੁੱਧ ਮੁਜ਼ਾਹਰੇ ਕਰਦੇ ਵੇਖੇ ਜਾਂਦੇ ਹਨ। ਈਰਾਨ ਨਾਲ ਜੰਗ ਨਾਲ ਇਜ਼ਰਾਇਲੀ ਸ਼ਹਿਰੀ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਵੱਡਾ ਨੁਕਸਾਨ ਪੁੱਜਾ। ਇਸ ਤੋਂ ਲੋਕ ਬਹੁਤ ਨਾਰਾਜ਼ ਹੋਏ।

ਵੀਹ ਨੁਕਾਤੀ ਸ਼ਾਂਤੀ ਪ੍ਰਸਤਾਵ ਅਮਰੀਕਾ ਨੇ ਨਿਊਯਾਰਕ ਵਿਖੇ ਤੁਰਕੀ, ਪਾਕਿਸਤਾਨ, ਕਤਰ, ਜਾਰਡਨ, ਮਿਸਰ, ਯੂਏਈ, ਮਲੇਸ਼ੀਆ ਅਤੇ ਸਾਊਦੀ ਅਰਬ ਆਦਿ ਦੇਸ਼ਾਂ ਲਾਲ ਡੂੰਘੇ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤਾ। ਅਮਰੀਕਾ ਨੇ ਦਬਾਅ ਅਤੇ ਵਿਚੋਲੀਆਂ ਦੇ ਯਤਨਾਂ ਰਾਹੀਂ ਇਜ਼ਰਾਈਲ, ਹਮਾਸ ਅਤੇ ਪੱਛਮੀ ਕਿਨਾਰੇ ਵਾਲੇ ਫਲਸਤੀਨੀਆਂ ਨੂੰ ਇਸ ਪ੍ਰਸਤਾਵ ਆਧਾਰਤ ਕਿਸੇ ਸ਼ਾਂਤੀ ਸਮਝੌਤੇ ਲਈ ਮਨਾਇਆ।

ਇਸ ਪ੍ਰਸਤਾਵ ਤਹਿਤ ਮੁੱਖ ਤੌਰ 'ਤੇ ਗਾਜ਼ਾ ਖੇਤਰ ਅੰਦਰ ਗੋ.ਲੀਬੰਦੀ, ਇਸ ਨੂੰ ਅੱਤਵਾਦ ਰਹਿਤ ਸਥਾਪਤ ਕਰਨਾ, ਇਸ ਖੇਤਰ ਦੀ ਮੁੜ ਤੋਂ ਉਸਾਰੀ ਕਰਨਾ, ਬੰਦੀਆਂ ਅਤੇ ਲਾਸ਼ਾਂ ਦੀ ਦੋਹਾਂ ਪਾਸਿਓਂ ਵਾਪਸੀ, ਹਮਾਸ ਨੂੰ ਨਿਹੱਥਾ ਕਰਨਾ, ਇਸ ਖੇਤਰ 'ਚੋਂ ਇਜ਼ਰਾਇਲੀ ਫ਼ੌਜਾਂ ਦੀ ਵਾਪਸੀ ਹੋਵੇਗੀ। ਸ਼ਾਂਤੀ ਪ੍ਰਸਤਾਵ ਸਿਰੇ ਚੜ੍ਹਨ ਦੇ 72 ਘੰਟਿਆਂ ਵਿਚ ਇਜ਼ਰਾਇਲੀ 48 ਬੰਦੀ ਅਤੇ ਲਾਸ਼ਾਂ ਦੀ ਹਮਾਸ ਵੱਲੋਂ ਵਾਪਸੀ ਕੀਤੀ ਜਾਵੇਗੀ, 250 ਉਮਰ ਕੈਦੀ, 1700 ਗਾਜ਼ਾ ਦੇ ਬੰਦੀ ਅਤੇ ਹਜ਼ਾਰਾਂ ਨਜ਼ਰਬੰਦ ਫਲਸਤੀਨੀ ਇਜ਼ਰਾਈਲ ਵੱਲੋਂ ਰਿਹਾਅ ਕੀਤੇ ਜਾਣਗੇ। ਗਾਜ਼ਾ ਵਿਖੇ ਆਉਣ-ਜਾਣ ਦੀ ਖੁੱਲ੍ਹ, ਗਾਜ਼ਾ ਦਾ ਪ੍ਰਸ਼ਾਸਨਿਕ ਪ੍ਰਬੰਧ ਅਸਥਾਈ ਤਕਨੀਕੀ ਮਾਹਿਰ, ਨਿਰਪੱਖ ਫਲਸਤੀਨ ਕਮੇਟੀ ਚਲਾਏਗੀ ਜਿਸ 'ਤੇ 'ਸ਼ਾਂਤੀ ਬੋਰਡ' ਨਜ਼ਰ ਰੱਖੇਗਾ ਜਿਸ ਦਾ ਮੁਖੀ ਅਮਰੀਕੀ ਰਾਸ਼ਟਰਪਤੀ ਟਰੰਪ, ਹੋਰ ਮੈਂਬਰਾਂ ਸਮੇਤ ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਹੋਵੇਗਾ। ਜਦੋਂ ਤੱਕ ਫਲਸਤੀਨ ਜੋ ਮੁਹੰਮਦ ਅੱਬਾਸ ਅਧੀਨ ਕਾਇਮ ਹੈ, ਆਪਣਾ ਸੁਧਾਰ ਨਹੀਂ ਕਰਦਾ, ਇਹ 'ਸ਼ਾਂਤੀ ਬੋਰਡ' ਵਿੱਤੀ, ਵਿਕਾਸ, ਮੁੜ ਵਸੇਬਾ ਕਾਰਜਾਂ ਦੀ ਦੇਖ-ਰੇਖ ਕਰੇਗਾ। ਇੱਥੇ ਵਿਕਾਸ ਅਤੇ ਮੁੜ ਉਸਾਰੀ ਲਈ ਕੌਮਾਂਤਰੀ ਫਾਈਨਾਂਸਰ ਕੰਪਨੀਆਂ ਨੂੰ ਕੰਮ ਦਿੱਤਾ ਜਾਵੇਗਾ ਜੋ ਨਿਵੇਸ਼, ਰੁਜ਼ਗਾਰ, ਵਧੀਆ ਮੌਕਿਆਂ ਅਤੇ ਗਾਜ਼ਾ ਦਾ ਭਵਿੱਖ ਸਾਜ਼ਗਾਰ ਕਰਨ ਵਿਚ ਸਹਾਈ ਹੋਣਗੀਆਂ।

ਖਾੜੀ ਦੇਸ਼ਾਂ ਨੂੰ ਵੱਡੇ ਪ੍ਰਾਜੈਕਟ ਸੌਂਪੇ ਜਾਣਗੇ। ਹਮਾਸ ਅਤੇ ਹੋਰ ਧੜਿਆਂ ਨੂੰ ਗਾਜ਼ਾ ਦੇ ਪ੍ਰਸ਼ਾਸਨਿਕ ਪ੍ਰਬੰਧ ਵਿਚ ਸ਼ਾਮਲ ਕੀਤਾ ਜਾਵੇਗਾ ਪਰ ਉਨ੍ਹਾਂ ਦਾ ਸਭ ਫ਼ੌਜੀ, ਅੱਤਵਾਦੀ ਹਥਿਆਰ ਉਤਪਾਦਨ ਸਿਸਟਮ, ਜ਼ਮੀਨਦੋਜ਼ ਸੁਰੰਗਾਂ ਨਸ਼ਟ ਕਰ ਦਿੱਤੀਆਂ ਜਾਣਗੀਆਂ। ਇਕ ਸ਼ਾਂਤਮਈ ਸਮਾਜਿਕ, ਆਰਥਿਕ, ਸੱਭਿਆਚਾਰਕ ਮਾਹੌਲ ਸਿਰਜਿਆ ਜਾਵੇਗਾ। ਜਦ ਹਮਾਸ ਗਾਰੰਟੀ ਦੇਵੇਗਾ ਕਿ ਉਹ ਗੁਆਂਢੀਆਂ ਲਈ ਮੁਸ਼ਕਲਾਂ ਪੈਦਾ ਨਹੀਂ ਕਰੇਗਾ ਤਦ ਫਲਸਤੀਨ ਪੁਲਿਸ ਨੂੰ ਟਰੇਨਿੰਗ ਅਤੇ ਮਦਦ ਲਈ ਕੌਮਾਂਤਰੀ ਪਰਪੱਕ ਦਸਤੇ ਤਾਇਨਾਤ ਕੀਤੇ ਜਾਣਗੇ। ਗਾਜ਼ਾ ਅਤੇ ਪੱਛਮੀ ਕਿਨਾਰੇ ਵਾਲੀਆਂ ਇਜ਼ਰਾਈਲ ਅਤੇ ਮਿਸਰ ਨਾਲ ਲੱਗਦੀਆਂ ਸਰਹੱਦਾਂ ਸੁਰੱਖਿਅਤ ਬਣਾਈਆਂ ਜਾਣਗੀਆਂ। ਅਮਰੀਕਾ ਦੋਹਾਂ ਇਜ਼ਰਾਈਲ ਅਤੇ ਫਲਸਤੀਨ ਦਰਮਿਆਨ ਸ਼ਾਂਤੀ, ਸਹਿਹੋਂਦ ਅਤੇ ਮਿਲਵਰਤਨ ਕਾਇਮ ਰੱਖਣਾ ਯਕੀਨੀ ਬਣਾਏਗਾ।

ਡਰ ਹੈ ਕਿ ਇਜ਼ਰਾਇਲੀ ਬੰਦੀ ਰਿਹਾਈ ਤੋਂ ਬਾਅਦ ਉਹ ਮੁੱਕਰ ਨਾ ਜਾਵੇ। ਨੇਤਨਯਾਹੂ ਭਰੋਸੇਯੋਗ ਆਗੂ ਨਹੀਂ ਹੈ। ਗੋ.ਲੀਬੰਦੀ ਬਾਰੇ ਠੋਸ ਯੋਜਨਾ ਨਹੀਂ ਹੈ। ਇਜ਼ਰਾਈਲ ਦੀਆਂ ਫ਼ੌਜਾਂ ਦੀ ਵਾਪਸੀ ਦੀ ਕੋਈ ਤਰੀਕ ਤੈਅ ਨਹੀਂ। ਇਜ਼ਰਾਈਲ ਹਮਾਸ ਬਾਗ਼ੀਆਂ ਦੇ ਹਮਲੇ ਬਹਾਨੇ ਫ਼ੌਜ ਵਾਪਸੀ ਨਹੀਂ ਕਰੇਗਾ। ਕਿਧਰੇ ਨਹੀਂ ਲਿਖਿਆ ਕਿ ਇਜ਼ਰਾਈਲ ਗਾਜ਼ਾ 'ਤੇ ਕਬਜ਼ਾ ਛੱਡੇਗਾ ਅਤੇ ਅਧਿਕਾਰ ਹਟਾਏਗਾ। ਸਭ ਤੋਂ ਵਿਵਾਦਤ ਟਰੰਪ ਦੀ ਸ਼ਾਸਨ ਪ੍ਰਬੰਧ ਯੋਜਨਾ ਹੈ ਜਿਸ ਦੇ 'ਸ਼ਾਂਤੀ ਬੋਰਡ' ਦਾ ਉਹ ਆਪ ਮੁਖੀ ਹੈ ਭਾਵ ਫਲਸਤੀਨ ਅਤੇ ਗਾਜ਼ਾ 'ਤੇ ਸਿੱਧਾ ਅਮਰੀਕੀ ਕਬਜ਼ਾ। ਇਹ ਸਰਮਾਏਦਾਰ ਨਿਜ਼ਾਮ ਦਾ ਕਬਜ਼ਾ ਹੈ ਜਿਵੇਂ ਇਰਾਕ 'ਤੇ ਅਮਰੀਕਾ ਅਤੇ ਬ੍ਰਿਟੇਨ ਨੇ ਕਾਇਮ ਕੀਤਾ ਸੀ। ਇਹ ਫਲਸਤੀਨੀਆਂ ਦੇ ਸਵੈ-ਸ਼ਾਸਨ ਦੇ ਅਧਿਕਾਰ ਦੀ ਉਲੰਘਣਾ ਅਤੇ ਜਬਰੀ ਕਬਜ਼ਾ ਹੈ। ਸਪਸ਼ਟ ਤੌਰ 'ਤੇ ਫਲਸਤੀਨ ਰਾਜ ਸਥਾਪਤੀ ਤੋਂ ਇਨਕਾਰ। ਹਮਾਸ ਨੂੰ ਨਿਹੱਥਾ ਕਰਨਾ ਸੰਭਵ ਨਹੀਂ ਹੋਵੇਗਾ। ਉਸ ਨੇ ਆਪਣੇ ਲੜਾਕੂਆਂ ਵਿਚ ਹਜ਼ਾਰਾਂ ਨਵੇਂ ਮੁਜਾਹਿਦ ਭਰਤੀ ਕਰ ਰੱਖੇ ਹਨ।

ਟਰੰਪ ਲਈ 20 ਨੁਕਾਤੀ ਸ਼ਾਂਤੀ ਪ੍ਰਸਤਾਵ 'ਤੇ ਚੱਲਣਾ ਸੂਲਾਂ 'ਤੇ ਚੱਲਣ ਦੇ ਸਮਾਨ ਹੋਵੇਗਾ। ਇਜ਼ਰਾਈਲ ਨੂੰ ਨਸਲਕੁਸ਼ੀ ਰਾਸ਼ਟਰ ਤੋਂ ਮਾਨਵਵਾਦੀ ਬਣਨਾ ਜ਼ਰੂਰੀ ਹੈ, ਨਹੀਂ ਤਾਂ ਇਹ ਜੰਗੀ ਨਫ਼ਰਤ ਦਾ ਨਾਸੂਰ ਕਾਇਮ ਰਹੇਗਾ। ਟਰੰਪ ਨੇ ਸ਼ਾਂਤੀ ਵਾਰਤਾ ਤੋਂ ਐਨ ਪਹਿਲਾਂ ਹਮਾਸ ਨੂੰ ਧਮਕੀ ਦਿੱਤੀ ਸੀ ਕਿ ਜੇ ਉਹ ਸ਼ਾਂਤੀ ਸਮਝੌਤਾ ਨਹੀਂ ਕਰੇਗਾ ਤਾਂ ਉਸ ਦਾ ਇਸ ਧਰਤੀ ਤੋਂ ਖੁਰਾਖੋਜ ਮਿਟ ਜਾਵੇਗਾ। ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ 'ਜੋਰੀ ਮੰਗੈ ਦਾਨ ਵੇ ਲਾਲੋ' ਵਾਂਗ ਪ੍ਰਾਪਤ ਕਰਨ ਦਾ ਭੂਤ ਸਵਾਰ ਹੈ। ਉਹ ਇਜ਼ਰਾਈਲ-ਈਰਾਨ, ਭਾਰਤ-ਪਾਕਿ ਸਮੇਤ 10 ਜੰਗਾਂ ਰੁਕਵਾਉਣ ਦਾ ਦਾਅਵਾ ਕਰ ਚੁੱਕਾ ਹੈ। ਉਹ 10 ਅਕਤੂਬਰ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇ ਐਲਾਨ ਤੋਂ ਪਹਿਲਾਂ ਇਜ਼ਰਾਈਲ-ਹਮਾਸ ਸ਼ਾਂਤੀ ਸਮਝੌਤੇ 'ਤੇ ਜਬਰੀ ਮੋਹਰ ਲਵਾਉਣੀ ਚਾਹੁੰਦਾ ਹੈ। ਉਸ ਦਾ ਨਾਂ ਇਸ ਪੁਰਸਕਾਰ ਲਈ ਪਾਕਿਸਤਾਨੀ ਫ਼ੌਜ ਮੁਖੀ ਆਸਿਮ ਮੁਨੀਰ, ਪਾਕਿ ਸਰਕਾਰ, ਨੇਤਨਯਾਹੂ ਅਤੇ ਇਜ਼ਰਾਇਲੀ ਸਰਕਾਰ, ਜਾਰਜੀਆ ਵਿਚ ਅਮਰੀਕੀ ਪ੍ਰਤੀਨਿਧ ਬਡੀ ਕਾਰਟਰ, ਕੰਬੋਡੀਆ ਦਾ ਸਾਬਕਾ ਪ੍ਰਧਾਨ ਮੰਤਰੀ ਹੁਨ ਮਾਨਟ, ਕੰਬੋਡੀਆ ਸਰਕਾਰ ਅਤੇ ਹਮਾਸ ਕੋਲ ਬੰਦੀ ਇਜ਼ਰਾਇਲੀਆਂ ਦੇ ਮਾਪੇ ਕਰ ਚੁੱਕੇ ਹਨ।

# ਜਦੋਂ ਅਸੀਂ ਇੰਟਰਨੈੱਟ ਰਾਹੀਂ ਚੋਰ ਫੜੇ

ਗੋਵਰਧਨ ਗੱਬੀ

ਇੰਟਰਨੈੱਟ ਨਾਲ ਚੱਲਦਾ ਸੋਸ਼ਲ ਮੀਡੀਆ ਸਾਡੇ ਜੀਵਨ ਦਾ ਇਕ ਅਟੁੱਟ ਅੰਗ ਬਣ ਚੁੱਕਾ ਹੈ। ਇਹ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਸ ਦੇ ਜਿੰਨੇ ਫ਼ਾਇਦੇ ਹਨ, ਓਨੇ ਹੀ ਨੁਕਸਾਨ ਵੀ ਹਨ। ਇਹ ਤੁਹਾਡੇ ਉੱਪਰ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਦੀ ਵਰਤੋਂ ਕਿੰਜ ਕਰਦੇ ਹੋ।

ਇੱਥੋਂ ਤੱਕ ਕਿ ਚੋਰ ਵੀ ਫੜ ਸਕਦੇ ਹੋ। ਦਸ ਕੁ ਸਾਲ ਪਹਿਲਾਂ ਦੀ ਗੱਲ ਹੈ। ਹੋਇਆ ਇੰਜ ਕਿ ਤਿੰਨ-ਚਾਰ ਸਾਲ ਤੋਂ ਸਾਡੇ ਦਫ਼ਤਰ ਵਿਚ 'ਹਰੀ ਸੋਨੀ' ਨਾਮਕ ਨੇਪਾਲ ਮੂਲ ਦਾ ਚੌਂਤੀ-ਪੈਂਤੀ ਸਾਲ ਦਾ ਵਿਅਕਤੀ ਡਰਾਈਵਰ ਵਜੋਂ ਨੌਕਰੀ ਕਰਦਾ ਆ ਰਿਹਾ ਸੀ। ਅਸਲ ਵਿਚ ਉਹ ਮੇਰੇ ਭਾਈਵਾਲ ਦੀ ਗੱਡੀ ਚਲਾਉਂਦਾ ਸੀ।

ਉਹ ਧੋਖੇ ਨਾਲ ਸਾਡੇ ਇਕ ਲੱਖ ਰੁਪਏ ਲੈ ਕੇ ਨੇਪਾਲ ਭੱਜ ਗਿਆ ਸੀ। ਪੁਲਿਸ ਨੇ ਕੋਈ ਬਹੁਤੀ ਤਸੱਲੀਬਖ਼ਸ਼ ਕੋਸ਼ਿਸ਼ ਨਹੀਂ ਕੀਤੀ। ਭਾਈਵਾਲ ਨੇ ਉਸ ਨੂੰ ਆਪਣੇ ਘਰ ਵਿਚ ਨਿੱਕੇ ਭਰਾ ਵਾਂਗ ਹੀ ਰੱਖਿਆ ਹੋਇਆ ਸੀ। ਤਿੰਨ ਕੁ ਬੱਚਿਆਂ ਦੇ ਬਾਪ ਉਸ ਡਰਾਈਵਰ ਦਾ ਇਹ ਧੋਖਾ ਦੇਣ ਵਾਲਾ ਕਾਰਾ ਮੈਨੂੰ ਹਰ ਸਮੇਂ ਤੰਗ ਕਰਦਾ ਰਹਿੰਦਾ ਸੀ। ਮੈਂ ਉਸ ਦੇ ਫੇਸਬੁੱਕ ਪ੍ਰੋਫਾਈਲ ਦੀਆਂ ਗਤੀਵਿਧੀਆਂ ਉੱਪਰ ਲਗਾਤਾਰ ਨਿਗ੍ਹਾ ਰੱਖੀ। ਕਾਫ਼ੀ ਦਿਨ ਉਸ ਨੇ ਫੇਸਬੁੱਕ ਉੱਪਰ ਘੇਸ ਵੱਟੀ ਰੱਖੀ। ਤਿੰਨ-ਚਾਰ ਮਹੀਨਿਆਂ ਦਾ ਸਮਾਂ ਬੀਤ ਗਿਆ। ਮਨੁੱਖੀ ਫ਼ਿਤਰਤ ਅਨੁਸਾਰ ਉਸ ਨੇ ਸੋਚਿਆ ਕਿ ਮਾਮਲਾ ਠੰਢਾ ਪੈ ਗਿਆ ਹੋਵੇਗਾ। ਉਹ ਫੇਸਬੁੱਕ ਉੱਪਰ ਦੁਬਾਰਾ ਕਿਰਿਆਸ਼ੀਲ ਹੋ ਗਿਆ। ਆਦਤ ਅਨੁਸਾਰ ਇਕ ਦਿਨ ਉਸ ਨੇ ਆਪਣੀਆਂ ਸੈਲਫੀਆਂ ਫੇਸਬੁੱਕ ਉੱਪਰ ਸਾਂਝੀਆਂ ਕੀਤੀਆਂ। ਮੈਂ ਤਸਵੀਰਾਂ ਦੇ ਰੰਗ-ਢੰਗ ਤੇ ਪਿਛੋਕੜ ਤੋਂ ਪਛਾਣ ਲਿਆ ਕਿ ਉਹ ਪੰਜਾਬ ਪਰਤ ਆਇਆ ਹੈ। ਉਸ ਨੂੰ ਕਾਬੂ ਕਰਨ ਦੀ ਮੈਂ ਤਰਕੀਬ ਸੋਚਣ ਲੱਗਾ।

ਫੇਸਬੁੱਕ ਉੱਤੇ ਮੈਂ ਪੁਰਾਣੀ ਨੇਪਾਲੀ ਐਕਟ੍ਰੈੱਸ ਦੀ ਤਸਵੀਰ ਨੂੰ ਵਰਤ ਕੇ ਜਾਅਲੀ ਪ੍ਰੋਫਾਈਲ ਬਣਾ ਕੇ ਉਸ ਨੂੰ ਦੋਸਤ ਬਣਨ ਦੀ ਬੇਨਤੀ ਕੀਤੀ ਮਤਲਬ ਕਿ ਫਰੈਂਡ ਰਿਕਵੈਸਟ ਭੇਜੀ ਜੋ ਉਸ ਨੇ ਕੁਝ ਘੜੀਆਂ ਵਿਚ ਹੀ ਕਬੂਲ ਕਰ ਲਈ। ਇਹ ਸ਼ਨੀਵਾਰ ਦੀ ਸ਼ਾਮ ਦਾ ਵਕਤ ਸੀ। ਮੈਂ ਲੜਕੀ ਦਾ ਕਿਰਦਾਰ ਬਣ ਕੇ ਉਸ ਨਾਲ ਚੈਟਿੰਗ ਸ਼ੁਰੂ ਕੀਤੀ। ਉਸ ਨੇ ਦੱਸਿਆ ਕਿ ਉਹ ਜਲੰਧਰ ਵਿਚ ਕਿਸੇ ਦਫ਼ਤਰ ਵਿਚ ਬਤੌਰ ਡਰਾਈਵਰ ਨੌਕਰੀ ਕਰਦਾ ਹੈ। ਮੈਂ ਔਰਤਾਂ ਵਾਲੇ ਨਖ਼ਰੇ, ਨਜ਼ਾਕਤਾਂ ਤੇ ਚਲਿੱਤਰ ਵਰਤੇ ਤੇ ਉਸ ਨੂੰ ਮੰਗਲਵਾਰ ਸਵੇਰੇ ਮਿਲਣ ਤੇ ਫਿਰ ਪਹਾੜਾਂ ਦੀ ਸੈਰ ਕਰਨ ਵਾਸਤੇ ਮੋਹਾਲੀ ਨੇੜੇ ਪੈਂਦੇ ਕਸਬੇ ਖਰੜ ਦੇ ਬੱਸ ਅੱਡੇ ਉੱਪਰ ਬੁਲਾ ਲਿਆ। ਸੋਮਵਾਰ ਨੂੰ ਮੈਂ ਲੋਕਲ ਪੁਲਿਸ ਨਾਲ ਵੀ ਆਪਣਾ ਪਲਾਨ ਸਾਂਝਾ ਕਰ ਲਿਆ। ਸਾਡੇ ਦੋਨਾਂ ਦੇ ਤੈਅਸ਼ੁਦਾ ਪ੍ਰੋਗਰਾਮ ਮੁਤਾਬਕ ਡਰਾਈਵਰ ਸਹੀ ਸਮੇਂ 'ਤੇ ਨਿਰਧਾਰਤ ਟਿਕਾਣੇ ਉੱਪਰ ਪਹੁੰਚ ਗਿਆ। ਪੁਲਿਸ ਨੇ ਉਸ ਨੂੰ ਦਬੋਚ ਲਿਆ।

ਪੁਲਿਸ ਨੇ ਤਿੰਨ-ਚਾਰ ਦਿਨ ਉਸ ਦਾ ਰਿਮਾਂਡ ਲੈ ਲਿਆ। ਪੁਲਿਸ ਨਾਲ ਮਿਲ ਕੇ ਅਸੀਂ ਉਸ ਤੋਂ ਤੀਹ ਪੈਂਤੀ ਹਜ਼ਾਰ ਰੁਪਏ ਕਢਵਾ ਵੀ ਲਏ। ਫਿਰ ਅਦਾਲਤ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ। ਤਿੰਨ-ਚਾਰ ਮਹੀਨਿਆਂ ਬਾਅਦ ਉਸ ਨੂੰ ਜ਼ਮਾਨਤ ਮਿਲ ਗਈ। ਉਹ ਦੁਬਾਰਾ ਨੇਪਾਲ ਭੱਜ ਗਿਆ। ਕੁਝ ਅਰਸੇ ਬਾਅਦ ਕਚਹਿਰੀ ਦੀ ਕਾਰਵਾਈ ਅਨੁਸਾਰ ਅਦਾਲਤ ਨੇ ਉਸ ਨੂੰ ਪੀਓ (ਭਗੌੜਾ ਅਪਰਾਧੀ) ਘੋਸ਼ਿਤ ਕਰ ਦਿੱਤਾ।

ਉਹ ਅਜੇ ਵੀ ਕਾਨੂੰਨ ਦੇ ਹੱਥ ਨਹੀਂ ਚੜ੍ਹਿਆ ਹੈ। ਅੱਜ ਵੀ ਮੇਰੀ ਨਜ਼ਰ ਉਸ ਨੂੰ ਲੱਭ ਰਹੀ ਹੈ। ਦੂਸਰਾ ਚੋਰੀ ਕਾਂਡ ਕੁਝ ਹਫ਼ਤੇ ਪਹਿਲਾਂ ਹੀ ਸਾਡੇ ਨਾਲ ਵਾਪਰਿਆ ਹੈ। ਮੋਹਾਲੀ ਵਿਚ ਆਪਣੇ ਘਰ ਦੇ ਸਾਹਮਣੇ ਬਣੇ ਇਕ ਛੋਟੇ ਜਿਹੇ ਪਾਰਕ ਵਿਚ ਸਾਲ ਭਰ ਤੋਂ ਅਸੀਂ ਸਵੇਰ ਦੀ ਸੈਰ ਕਰਦੇ ਆ ਰਹੇ ਹਾਂ। ਇਸ ਪਾਰਕ ਦੇ ਇਕ ਪਾਸੇ ਵਹਿੰਦੇ ਬਰਸਾਤੀ ਨਾ.ਲੇ ਦੀ ਸੀਮੈਂਟ ਨਾਲ ਬਣੀ ਧੁੱਸੀਨੁਮਾ ਡੇਢ-ਦੋ ਫੁੱਟ ਚੌੜੀ ਕੰਧ ਵੀ ਹੈ।

ਅਸੀਂ ਸਵੇਰੇ ਉਸ ਕੰਧ ਉੱਪਰ ਪੰਖੇਰੂਆਂ ਤੇ ਗਲਿਹਿਰੀਆਂ ਵਾਸਤੇ ਚੋਗਾ, ਖਾਣਾ ਤੇ ਪਾਣੀ ਦਾ ਬੰਦੋਬਸਤ ਵੀ ਕਰਦੇ ਆ ਰਹੇ ਹਾਂ। ਕੰਧ ਉੱਪਰ ਇਕ ਇੱਟ ਦੀ ਢੋਅ ਲਗਾ ਕੇ ਆਪਣੇ ਮੋਬਾਈਲ ਫੋਨ ਰਾਹੀਂ ਉਨ੍ਹਾਂ ਪੰਛੀਆਂ ਦੀ ਲਾਈਵ ਵੀਡੀਓ ਰਿਕਾਰਡ ਤੇ ਨਸ਼ਰ ਕਰਦੇ ਆ ਰਹੇ ਹਾਂ। ਕੰਧ ਦੀ ਡੂੰਘਾਈ ਨਾ.ਲੇ ਵਾਲੇ ਪਾਸੇ ਤੋਂ ਸੱਤ-ਅੱਠ ਫੁੱਟ ਦੇ ਕਰੀਬ ਹੈ। ਅਸੀਂ ਸੈਰ ਤੇ ਯੋਗਾ ਕਰਦੇ ਮੋਬਾਈਲ ਫੋਨ ਉੱਪਰ ਨਜ਼ਰ ਰੱਖਦੇ ਸਾਂ। ਉਹ ਵੱਖਰੀ ਗੱਲ ਹੈ ਕਿ ਮਨ ਵਿਚ ਡਰ ਹਮੇਸ਼ਾ ਬਣਿਆ ਰਹਿੰਦਾ ਸੀ ਕਿ ਕੋਈ ਨਾ.ਲੇ ਵਾਲੇ ਪਾਸੇ ਤੋਂ ਆ ਕੇ ਫੋਨ ਚੋਰੀ ਨਾ ਕਰ ਲਏ।

ਇਹ ਸਿਲਸਿਲਾ ਲਗਪਗ ਇਕ ਸਾਲ ਚੱਲਦਾ ਰਿਹਾ ਸੀ। ਖ਼ੈਰ! ਉਸ ਦਿਨ ਸਵੇਰੇ ਉਹੀ ਕਾਂਡ ਹੋ ਗਿਆ ਜਿਸ ਦਾ ਡਰ ਸੀ। ਮੈਂ, ਮੇਰੀ ਮਾਂ ਤੇ ਪਤਨੀ ਸੈਰ ਕਰਦੇ ਅਚਾਨਕ ਕਿਸੇ ਗੱਲਬਾਤ ਵਿਚ ਉਲਝ ਗਏ। ਕੁਝ ਸਮੇਂ ਬਾਅਦ ਅਸੀਂ ਦੇਖਿਆ ਤਾਂ ਮੋਬਾਈਲ ਫੋਨ ਆਪਣੀ ਜਗ੍ਹਾ ਉੱਪਰ ਵਿਖਾਈ ਨਹੀਂ ਦਿੱਤਾ। ਪਹਿਲਾਂ ਵੀ ਕਈ ਵਾਰ ਤੋਤੇ, ਕਬੂਤਰਾਂ ਤੇ ਗਲਿਹਿਰੀਆਂ ਦੁਆਰਾ ਉਹ ਕੰਧ ਤੋਂ ਪਾਰਕ ਵਾਲੇ ਪਾਸੇ ਜਾਂ ਨਾ.ਲੇ ਵਾਲੇ ਪਾਸੇ ਹੇਠਾਂ ਸੁੱਟ ਦਿੱਤਾ ਜਾਂਦਾ ਸੀ।

ਭੱਜ ਕੇ ਦੇਖਿਆ ਤਾਂ ਮੋਬਾਈਲ ਨਹੀਂ ਲੱਭਾ। ਸਵੇਰ ਦੇ ਸਵਾ ਕੁ ਛੇ ਵਜੇ ਦਾ ਵਕਤ ਸੀ। ਸਾਨੂੰ ਪਤਾ ਲੱਗ ਗਿਆ ਕਿ ਫੋਨ ਚੋਰੀ ਹੋ ਗਿਆ ਹੈ। ਅਸੀਂ ਇੱਧਰ-ਉੱਧਰ, ਅੱਗੇ-ਪਿੱਛੇ ਭੱਜੇ ਪਰ ਸਾਨੂੰ ਚੋਰ ਨਹੀਂ ਮਿ.ਲਿਆ। ਗੁਆਂਢੀਆਂ ਦੇ ਘਰ ਲੱਗੇ ਕੈਮਰੇ ਦੀ ਰਿਕਾਰਡਿੰਗ ਵੇਖਣ ਦੀ ਕੋਸ਼ਿਸ਼ ਕੀਤੀ ਪਰ ਉਹ ਵੇਖ ਨਾ ਸਕੇ। ਮਾਯੂਸ ਹੋ ਕੇ ਘਰ ਆਏ। ਘਰ ਦੇ ਹੋਰ ਜੀਅ ਵੀ ਜਾਗ ਪਏ। ਪੁਲਿਸ ਨੂੰ ਫੋਨ ਕਰਨ ਦੀ ਗੱਲ ਹੋਈ ਪਰ ਸਵੇਰੇ-ਸਵੇਰੇ ਪੁਲਿਸ ਵਾਲੇ ਵੀ ਕੀ ਕਰ ਲੈਣਗੇ, ਇਹ ਸੋਚਦਿਆਂ ਮੇਰੇ ਦਿਮਾਗ ਅੰਦਰਲਾ ਡਿਜੀਟਲ ਖੋਜੀ ਜਾਗ ਪਿਆ।

ਮੈਂ ਆਪਣੇ ਵੱਡੇ ਭਤੀਜੇ ਨਾਲ ਗੱਲ ਕੀਤੀ। ਉਸ ਨੇ ਆਪਣੇ ਐਪਲ ਮੋਬਾਈਲ ਫੋਨ ਰਾਹੀਂ ਚੋਰੀ ਹੋਏ ਮੋਬਾਈਲ ਦੀ ਭਾਲ ਕੀਤੀ। ਚੋਰ ਵੀ ਸ਼ਾਤਰ ਸੀ। ਉਸ ਨੇ ਕੁਝ ਮਿੰਟਾਂ ਵਿਚ ਹੀ ਮੋਬਾਈਲ ਫੋਨ ਦਾ ਸਾਰਾ ਡਾਟਾ ਡਿਲੀਟ ਕਰ ਦਿੱਤਾ ਸੀ। ਮੇਰਾ ਭਤੀਜਾ ਕੁਝ ਮਾਯੂਸ ਹੋ ਗਿਆ। ਸਵਾ ਕੁ ਸੱਤ ਵਜੇ ਭਤੀਜੇ ਨੇ ਦੱਸਿਆ ਕਿ ਚੋਰ ਨੇ ਦੋ-ਤਿੰਨ ਫੋਟੋਆਂ ਤਾਜ਼ਾ ਖਿੱਚੀਆਂ ਹਨ ਜਿਨ੍ਹਾਂ ਵਿਚ ਇਕ ਦੁਕਾਨ 'ਤੇ ਇਕ ਮੁੱਛਫੁੱਟ ਮੁੰਡੇ ਦੀ ਸੀ।

ਜੋ ਮੋਬਾਈਲ ਨਾਲ ਜੁੜੀ ਈਮੇਲ ਨਾਲ ਸਾਡੇ ਕੋਲ ਪਹੁੰਚ ਗਈਆਂ। ਈਮੇਲ ਨੂੰ ਉਹ ਡਿਲੀਟ ਕਰਨਾ ਸ਼ਾਇਦ ਭੁੱਲ ਗਿਆ ਸੀ। ਨਾਲ ਹੀ ਉਨ੍ਹਾਂ ਦਾ ਥਹੁ-ਟਿਕਾਣਾ ਵੀ ਮਿਲ ਗਿਆ ਜੋ ਕਿ ਮੋਹਾਲੀ ਵਿਚ ਪੈਂਦੇ ਪਿੰਡ 'ਮਟੌਰ' ਦਾ ਸੀ। ਪੰਦਰਾਂ-ਵੀਹਾਂ ਮਿੰਟਾਂ ਵਿਚ ਮੈਂ ਤੇ ਮੇਰਾ ਭਤੀਜਾ ਗੱਡੀ ਲੈ ਕੇ ਫੋਟੋ ਵਿਚ ਵਿਖਾਈ ਦੇ ਰਹੀ ਦੁਕਾਨ ਕੋਲ ਪਹੁੰਚ ਗਏ। ਤਸਵੀਰ ਵਾਲੇ ਮੁੰਡੇ ਸਮੇਤ ਤਿੰਨੋਂ ਮੁੰਡੇ ਦੁਕਾਨ ਸਾਹਮਣੇ ਬੈਠ ਕੇ ਸਾਡੇ ਹੀ ਮੋਬਾਈਲ ਦੀਆਂ ਖ਼ੂਬੀਆਂ ਪਰਖ ਰਹੇ ਸਨ। ਭਤੀਜੇ ਨੇ ਤਸਵੀਰ ਵਾਲੇ ਮੁੰਡੇ ਨੂੰ ਪਛਾਣ ਲਿਆ। ਬਸ ਫਿਰ ਕੀ ਸੀ, ਅਸੀਂ ਤਿੰਨੋਂ ਲੰਮੇ ਪਾ ਕੇ ਚੰਗੀ ਤਰ੍ਹਾਂ ਝੰਬ ਸੁੱਟੇ ਤੇ ਪੁਲਿਸ ਨੂੰ ਬੁਲਾ ਕੇ ਉਸ ਦੇ ਹਵਾਲੇ ਕਰ ਦਿੱਤੇ। ਲਗਪਗ ਸਾਢੇ ਕੁ ਨੌਂ ਵਜੇ ਅਸੀਂ ਆਪਣਾ ਚੋਰੀ ਹੋਇਆ ਮਹਿੰਗਾ ਮੋਬਾਈਲ ਫੋਨ ਲੈ ਕੇ ਘਰ ਪਰਤ ਆਏ। ਸੋ ਦੋਸਤੋ, ਸਾਰੇ ਰਲ ਕੇ ਬੋਲੋ "ਜੈ ਇੰਟਰਨੈੱਟ ਬਾਬੇ ਦੀ"।

# ਪੰਜਾਬ ਦੇ ਉਹ ਗਾਇਕ ਜੋ ਜਵਾਨੀ ਵਿਚ ਹੀ ਚਲੇ ਗਏ

"ਪੰਜਾਬ ਦੇ ਜਿੰਨੇ ਵੀ ਗਾਇਕ ਛੋਟੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਛੱਡ ਕੇ ਗਏ ਉਨ੍ਹਾਂ ਦੀ ਮੌਤ ਨਾਲ ਪੰਜਾਬੀ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ"। ਇਹ ਸ਼ਬਦ ਹਨ ਪੰਜਾਬ ਦੇ ਪ੍ਰਸਿੱਧ ਗੀਤਕਾਰ ਸ਼ਮਸ਼ੇਰ ਸੰਧੂ ਨੇ ਗੱਲਬਾਤ ਦੌਰਾਨ ਕਹੇ। ਸ਼ਮਸ਼ੇਰ ਸੰਧੂ ਉਨ੍ਹਾਂ ਗਾਇਕਾਂ ਬਾਰੇ ਗੱਲਬਾਤ ਕਰ ਰਹੇ ਸਨ, ਜਿਨ੍ਹਾਂ ਦੀ ਮੌਤ ਘੱਟ ਉਮਰ ਵਿੱਚ ਹੋ ਗਈ।

ਦਰਅਸਲ ਮਸ਼ਹੂਰ ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ ਇਲਾਜ ਦੌਰਾਨ 8 ਅਕਤੂਬਰ ਨੂੰ ਦੇਹਾਂਤ ਹੋ ਗਿਆ। ਰਾਜਵੀਰ ਜਵੰਦਾ ਨੇ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਮ ਤੋੜਿਆ। ਰਾਜਵੀਰ ਜਵੰਦਾ 27 ਸਤੰਬਰ ਨੂੰ ਹਿਮਾਚਲ ਪ੍ਰਦੇਸ਼ ਦੇ ਬੱਦੀ ਨੇੜੇ ਇੱਕ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਜਿਸ ਵੇਲੇ ਇਹ ਹਾਦਸਾ ਵਾਪਰਿਆ ਰਾਜਵੀਰ ਮੋਟਰਸਾਈਕਲ 'ਤੇ ਸਨ, ਜਿਸ ਮਗਰੋਂ ਉਨ੍ਹਾਂ ਨੂੰ 27 ਸਤੰਬਰ ਤੋਂ ਫੋਰਟਿਸ ਹਸਪਤਾਲ ਵਿੱਚ ਵੈਂਟੀਲੇਟਰ ਤੇ ਰੱਖਿਆ ਗਿਆ ਸੀ। ਰਾਜਵੀਰ ਜਵੰਦਾ 35 ਸਾਲ ਦੇ ਸਨ, ਉਨ੍ਹਾਂ ਦਾ ਜਨਮ ਸਾਲ 1990 ਵਿੱਚ ਲੁਧਿਆਣਾ ਦੇ ਪਿੰਡ ਪੋਨਾ ਵਿੱਚ ਹੋਇਆ ਸੀ। ਰਾਜਵੀਰ ਜਵੰਦਾ ਨੇ ਗਾਇਕੀ ਦੇ ਸਫ਼ਰ ਦੌਰਾਨ ਕਈ ਹਿੱਟ ਗੀਤ ਗਾ ਚੁੱਕੇ ਹਨ। ਉਨ੍ਹਾਂ ਦੇ ਗੀਤ ਜਿਵੇਂ ਕਿ ਜੋਗੀਆ, ਕੰਗਣੀ, ਸਰਦਾਰੀ, ਜੰਮੇ ਨਾਲ ਦੇ, ਕਲੀ ਜਾਵੰਦੇ ਦੀ, ਧੀਆਂ, ਮਾਵਾਂ ਕਾਫੀ ਮਸ਼ਹੂਰ ਹੋਏ ਹਨ। ਰਾਜਵੀਰ ਜਵੰਦਾ ਨੇ ਗਾਇਕੀ ਦੀ ਦੁਨੀਆਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ।

ਲੋਕ ਗੀਤ-ਸੰਗੀਤ ਉਨ੍ਹਾਂ ਦੀ ਪਹਿਲੀ ਪਸੰਦ ਅਤੇ ਉਨ੍ਹਾਂ ਦੀ ਅਵਾਜ਼ ਦੀ ਖਾਸੀਅਤ ਵੀ ਰਹੀ। ਉਨ੍ਹਾਂ ਦੇ ਪਹਿਰਾਵੇ ਦੀ ਵੀ ਕਾਫੀ ਚਰਚਾ



ਹੁੰਦੀ ਰਹੀ ਹੈ। ਕਈ ਸਾਥੀ ਕਲਾਕਾਰ ਰਾਜਵੀਰ ਜਵੰਦਾ ਦੀ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਖਾਸੀਅਤ ਦੀ ਵੀ ਚਰਚਾ ਕਰਦੇ ਰਹੇ ਹਨ। ਰਾਜਵੀਰ ਜਵੰਦਾ ਦੀ ਤਰ੍ਹਾਂ ਪੰਜਾਬ ਦੇ ਕਈ ਹੋਰ ਗਾਇਕ ਵੀ ਹਨ ਜੋ ਵੱਖ-ਵੱਖ ਕਾਰਨਾਂ ਕਰਕੇ ਛੋਟੀ ਉਮਰ ਵਿੱਚ ਹੀ ਇਸ ਦੁਨੀਆਂ ਤੋਂ ਚਲੇ ਗਏ। ਪੰਜਾਬ ਦੇ ਕਈ ਅਜਿਹੇ ਨਾਮੀ ਕਲਾਕਰ ਹੋਏ ਹਨ, ਜਿਨ੍ਹਾਂ ਦੀ ਮੌਤ ਕਿਸੇ ਨਾ ਕਿਸੇ ਕਾਰਨ ਛੋਟੀ ਉਮਰ ਵਿੱਚ ਹੀ ਹੋ ਗਈ ਪਰ ਅੱਜ ਵੀ ਉਨ੍ਹਾਂ ਦੇ ਸਰੋਤੇ ਉਨ੍ਹਾਂ ਵੱਲੋਂ ਗਾਏ ਗੀਤਾਂ ਨੂੰ ਸੁਣਦੇ ਹਨ।

### ਸਿੱਧੂ ਮੂਸੇਵਾਲਾ

ਮਾਨਸਾ ਦੇ ਪਿੰਡ ਮੂਸਾ ਦੇ ਵਸਨੀਕ ਸਿੱਧੂ ਮੂਸੇਵਾਲਾ ਵੀ ਛੋਟੀ ਉਮਰ ਵਿੱਚ ਕਾਫ਼ੀ ਮਕਬੂਲ ਹੋਏ ਸਨ। 1993 ਵਿੱਚ ਜਨਮੇ ਸਿੱਧੂ ਮੂਸੇਵਾਲਾ ਦਾ ਕਤਲ 29 ਮਈ 2022 ਨੂੰ ਕਰ ਦਿੱਤਾ ਗਿਆ ਸੀ। ਸਿੱਧੂ ਮੂਸੇਵਾਲਾ ਨੇ 28 ਸਾਲ ਦੀ ਉਮਰ ਤੱਕ ਕਾਫ਼ੀ ਪ੍ਰਸਿੱਧੀ ਹਾਸਲ ਕਰ ਲਈ ਸੀ। ਉਨ੍ਹਾਂ ਦੀ ਮੌਤ ਮਗਰੋਂ ਵੀ ਉਨ੍ਹਾਂ ਦੇ ਗੀਤਾਂ ਨੂੰ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਸਿੱਧੂ ਦੀ ਮੌਤ ਮਗਰੋਂ ਵੀ ਉਨ੍ਹਾਂ ਦੇ ਕਈ ਗੀਤ ਰਿਲੀਜ਼ ਹੋ ਚੁੱਕੇ ਹਨ, ਜਿਨ੍ਹਾਂ ਨੂੰ ਯੂਟਿਊਬ ਕਾਫ਼ੀ ਪਸੰਦ ਵੀ ਕੀਤਾ ਗਿਆ ਹੈ।

### ਅਮਰ ਸਿੰਘ ਚਮਕੀਲਾ ਅਤੇ ਅਮਰਜੋਤ

ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਵੀ ਪੰਜਾਬ ਦੇ ਨਾਮੀ ਕਲਾਕਾਰ ਰਹੇ ਹਨ। ਚਮਕੀਲਾ ਦੇ ਗੀਤਾਂ ਨੂੰ ਅੱਜ ਵੀ ਲੋਕ ਪਸੰਦ ਕਰਦੇ ਹਨ। ਚਮਕੀਲਾ ਅਤੇ ਅਮਰਜੋਤ ਦੀ 1988 ਵਿੱਚ ਮੌਤ ਹੋਈ ਸੀ। ਅਮਰ ਸਿੰਘ ਚਮਕੀਲਾ ਤੇ ਉਨ੍ਹਾਂ ਦੀ ਪਤਨੀ ਨੂੰ ਅਮਰਜੋਤ ਨੂੰ ਜਲੰਧਰ ਦੇ ਮਹਿਸਮਪੁਰ ਵਿੱਚ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਅਮਰ ਸਿੰਘ ਚਮਕੀਲਾ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਡੁੱਗਰੀ ਵਿੱਚ 1960ਵਿਆਂ ਵਿੱਚ ਹੋਇਆ ਸੀ, ਜਦੋਂ ਕਿ ਅਮਰਜੋਤ ਕੌਰ ਦਾ ਜਨਮ 6 ਅਕਤੂਬਰ 1960 ਵਿੱਚ ਹੋਇਆ ਸੀ, ਮੌਤੇ ਵੇਲੇ ਦੋਵਾਂ ਦੀ ਉਮਰ 28 ਸਾਲ ਸੀ।

ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀ ਜੋੜੀ ਦੋਗਾਣਿਆਂ ਕਰਕੇ ਕਾਫ਼ੀ ਮਕਬੂਲ ਹੋਈ ਸੀ। ਉਸ ਸਮੇਂ ਇਸ ਜੋੜੀ ਨੂੰ ਲੋਕ ਦੂਰੋਂ-ਦੂਰੋਂ ਸੁਣਨ ਲਈ ਆਉਂਦੇ ਸਨ। ਇਸ ਗਾਇਕ ਜੋੜੀ ਨੂੰ ਸੁਨਣ ਲਈ ਪੰਜਾਬ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਲੋਕ ਸੁਨਣ ਲਈ ਬੇਤਾਬ ਰਹਿੰਦੇ ਸਨ।

### ਸੁਰਜੀਤ ਬਿੰਦਰਖੀਆ

ਸੁਰਜੀਤ ਬਿੰਦਰਖੀਆ ਦਾ ਨਾਮ ਅੱਜ ਤੱਕ ਸ਼ਾਇਦ ਹੀ ਕੋਈ ਪੰਜਾਬੀ ਸੰਗੀਤ ਪ੍ਰੇਮੀ ਭੁੱਲਿਆ ਹੋਵੇਗਾ। ਸੁਰਜੀਤ ਬਿੰਦਰਖੀਆ ਦੀ ਮੌਤ ਵੀ ਕਰੀਬ 41 ਸਾਲ ਦੀ ਉਮਰ ਵਿੱਚ ਹੋ ਗਈ ਸੀ। ਸੁਰਜੀਤ ਬਿੰਦਰੱਖੀਆ ਦੀ ਆਵਾਜ਼ ਨੇ ਲੋਕਾਂ ਦੇ ਮਨਾਂ ਉੱਤੇ ਜਾਦੂਈ ਅਸਰ ਕੀਤਾ ਸੀ। ਉਨ੍ਹਾਂ ਦੇ ਨਾਮ 28 ਸੈਕੰਡ ਲੰਬੀ ਹੇਕ ਲਾਉਣ ਦਾ ਵੀ ਰਿਕਾਰਡ ਹੈ। ਸੁਰਜੀਤ ਬਿੰਦਰਖੀਆ ਨੇ ਅਨੇਕਾਂ ਹੀ ਹਿੱਟ ਗੀਤ ਆਪਣੇ ਸਰੋਤਿਆਂ ਦੀ ਝੋਲੀ ਪਾਏ।

### ਕੁਲਵਿੰਦਰ ਢਿੱਲੋਂ

ਪੰਜਾਬ ਦੇ ਇੱਕ ਹੋਰ ਨਾਮੀ ਕਲਾਕਾਰ ਕੁਲਵਿੰਦ ਢਿੱਲੋਂ ਦੀ ਵੀ ਘੱਟ ਉਮਰ ਵਿੱਚ ਮੌਤ ਹੋ ਗਈ ਸੀ। ਕੁਲਵਿੰਦਰ ਢਿੱਲੋਂ ਨੇ ਵੀ ਛੋਟੀ ਉਮਰ ਵਿੱਚ ਆਪਣੀ ਗਾਇਕੀ ਨਾਲ ਵੱਖਰੀ ਪਛਾਣ ਬਣਾ ਲਈ ਸੀ। ਕੁਲਵਿੰਦਰ ਢਿੱਲੋਂ ਦੇ ਮਸ਼ਹੂਰ ਗੀਤ ਜਿਵੇਂ ਕਿ ਕਚਹਿਰੀਆਂ 'ਚ ਮੇਲੇ ਲੱਗਦੇ, ਪਾਇਆ ਲਹਿੰਗਾ ਸ਼ੀਸ਼ਿਆਂ ਵਾਲਾ ਤੇ ਕਾਲਜ ਸਮੇਤ ਹੋਰ ਵੀ ਕਾਫ਼ੀ ਸਨ। ਕੁਲਵਿੰਦਰ ਢਿੱਲੋਂ ਦੀ ਮੌਤ ਵੀ ਇੱਕ ਸੜਕ ਹਾਦਸੇ ਵਿੱਚ ਸਾਲ 2006 ਨੂੰ ਜਲੰਧਰ ਜ਼ਿਲ੍ਹੇ ਵਿੱਚ ਹੋਈ ਸੀ।

### ਰੋਮੀ ਗਿੱਲ

ਕੋਕਰੀ ਕਲ੍ਹਾਂ ਦੇ ਰਹਿਣ ਵਾਲੇ ਰੋਮੀ ਗਿੱਲ ਦੀ ਮੌਤ ਤਕਰੀਬਨ 30 ਸਾਲ ਦੀ ਉਮਰ ਵਿੱਚ ਹੋਈ। ਰੋਮੀ ਗਿੱਲ ਨੇ ਛੋਟੀ ਉਮਰ ਵਿੱਚ ਆਪਣੀ ਪਛਾਣ ਪੰਜਾਬ ਦੇ ਫੋਕ ਗਾਇਕ ਵਜੋਂ ਬਣਾ ਲਈ ਸੀ। ਰੋਮੀ ਗਿੱਲ ਦਾ ਇੱਕ ਗੀਤ 'ਨਹਿਰੋਂ ਪਾਰ ਬੰਗਲਾ' ਕਾਫ਼ੀ ਜ਼ਿਆਦਾ ਮਕਬੂਲ ਹੋਇਆ ਸੀ। ਰੋਮੀ ਗਿੱਲ ਨੇ ਇਸ ਤੋਂ ਇਲਾਵਾ ਜੀਤੋ, ਨਖਰਾ ਚੜ੍ਹੀ ਜਵਾਨੀ ਦਾ ਸਮੇਤ ਅਨੇਕਾਂ ਗੀਤ ਗਾਏ, ਜਿਨ੍ਹਾਂ ਨੂੰ ਲੋਕਾਂ ਵੱਲੋਂ ਕਾਫ਼ੀ ਜ਼ਿਆਦਾ ਹੁੰਗਾਰਾ ਮਿਲਿਆ।

### ਰਾਜ ਬਰਾੜ

ਰਾਜ ਬਰਾੜ ਵੀ ਪੰਜਾਬ ਦੇ ਨਾਮੀ ਕਲਾਕਾਰਾਂ ਵਿੱਚੋਂ ਇੱਕ ਸਨ। ਰਾਜ ਬਰਾੜ ਦੀ ਮੌਤ 44 ਸਾਲ ਦੀ ਉਮਰ ਵਿੱਚ ਹੋਈ ਸੀ। ਉਨ੍ਹਾਂ ਦੀ ਰੀਬਰਥ ਐਲਬਮ ਕਾਫ਼ੀ ਜ਼ਿਆਦਾ ਮਕਬੂਲ ਹੋਈ ਸੀ। ਇਸ ਤੋਂ ਬਿਨ੍ਹਾਂ ਸਾਡੇ ਵਾਰੀ ਰੰਗ ਮੁੱਕਿਆ, ਨਾਗ ਦੀ ਬੱਚੀ, ਗੁਨਾਹਗਾਰ, ਪਿਆਰ ਦੇ ਬਦਲੇ ਪਿਆਰ, ਦੇਸੀ ਪੌਪ ਨੂੰ ਵੀ ਲੋਕਾਂ ਨੇ ਕਾਫ਼ੀ ਪਿਆਰ ਦਿੱਤਾ ਸੀ। ਉਹ ਮੋਗਾ ਜ਼ਿਲ੍ਹੇ ਦੇ ਪਿੰਡ ਮੱਲਕੇ ਦੇ ਰਹਿਣ ਵਾਲੇ ਸਨ।

### ਦਿਲਸ਼ਾਦ ਅਖ਼ਤਰ

ਦਿਲਸ਼ਾਦ ਅਖ਼ਤਰ ਨੇ ਵੀ 80ਵੇਂ ਤੋਂ 90ਵੇਂ ਦਹਾਕੇ ਦੌਰਾਨ ਕਾਫ਼ੀ ਪ੍ਰਸਿੱਧੀ ਖੱਟੀ ਸੀ। ਦਿਲਸ਼ਾਦ ਅਖ਼ਤਰ ਦੀ ਮੌਤ ਕਰੀਬ 30 ਸਾਲ ਦੀ ਉਮਰ ਵਿੱਚ ਹੋਈ ਸੀ। ਦਿਲਸ਼ਾਦ ਅਖ਼ਤਰ ਦਾ ਜਨਮ ਫਰੀਦਕੋਟ ਦੇ ਕਸਬੇ ਕੋਟਕਪੂਰਾ ਵਿੱਚ ਜਨਵਰੀ 1965 ਵਿੱਚ ਹੋਇਆ ਸੀ। ਸਾਲ 1996 ਵਿੱਚ ਗੁਰਦਾਸਪੁਰ ਜ਼ਿਲ੍ਹੇ ਵਿੱਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ। ਦਿਲਸ਼ਾਦ ਅਖ਼ਤਰ ਨੇ ਵੀ ਘੱਟ ਉਮਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਸੀ। ਦਿਲਸ਼ਾਦ ਅਖਤਰ ਦੇ ਗੀਤਾਂ ਨੂੰ ਅਜੋਕੇ ਸਮੇਂ ਵੀ ਸੁਣਿਆ ਜਾਂਦਾ ਹੈ। ਦਿਲਸ਼ਾਦ ਅਖ਼ਤਰ ਦੇ ਮਕਬੂਲ ਹੋਏ ਗੀਤ ਜਿਵੇਂ ਕਿ ਚਰਖਾ ਬੋਲ ਪਿਆ, ਕੁੰਡਾ ਖੋਲ੍ਹ ਬਸੰਤਰੀਏ, ਹੁਣ ਕਿਉਂ ਰੋਨੀ ਐਂ ਬਿੱਲੋ, ਦਿਲ ਚੋਰੀ ਹੋ ਗਿਆ, ਮੇਰੇ ਯਾਰ ਦੀ ਚਰਚਾ ਗ਼ਲੀ-ਗ਼ਲੀ, ਇਹ ਤੂੰਬਾ ਮੇਰੀ ਜਾਨ ਕੁੜੇ ਸਨ।

### ਦਿਲਜਾਨ

ਇੱਕ ਹੋਰ ਪੰਜਾਬ ਦਾ ਨਾਮੀ ਕਲਾਕਾਰ ਜਿਨ੍ਹਾਂ ਦਾ ਨਾਮ ਦਿਲਜਾਨ ਹੈ, ਨੇ ਵੀ ਛੋਟੀ ਉਮਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਤੇ ਇਸ ਜੱਗ ਤੋਂ ਰੁਸਤਖ ਹੋ ਗਏ। ਸਾਲ 2021 ਵਿੱਚ ਦਿਲਜਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਨੇ ਇਸ ਦੁਨੀਆਂ ਵਿੱਚ ਅਜੇ ਉਮਰ ਦੇ ਤਿੰਨ ਦਹਾਕੇ ਹੀ ਮਾਣੇ ਸਨ। ਉਨ੍ਹਾਂ ਨੂੰ ਗੁੜਤੀ ਸੂਫ਼ੀ ਸੰਗੀਤ ਦੀ ਮਿਲੀ ਸੀ ਅਤੇ 2006-07 ਵਿਚ ਉਹ ਰਿਐਲਟੀ ਸ਼ੌਅ ਅਵਾਜ਼ ਪੰਜਾਬ ਦੀ ਦੇ ਰਨਰਅੱਪ ਵੀ ਸਨ। ਦਿਲਜਾਨ ਨੇ ਉਸਤਾਦ ਪੂਰਨ ਸ਼ਾਹੋਕੋਟ ਤੋਂ ਸੂਫ਼ੀ ਗਾਇਕੀ ਦੀ ਸਿਖਲਾਈ ਲਈ ਸੀ। ਦਿਲਜਾਨ, 'ਆਵਾਜ਼ ਪੰਜਾਬ ਦੀ' ਵਰਗੇ ਸ਼ੋਅ ਵਿੱਚ ਚਮਕੇ ਸਨ। ਯਾਰਾਂ ਦੀ ਗੱਲ, ਪਹਿਲਾ ਪਿਆਰ ਤੇ ਅੱਧਾ ਪਿੰਡ ਦਿਲਜਾਨ ਦੇ ਪ੍ਰਸਿੱਧ ਗੀਤਾਂ ਵਿੱਚੋਂ ਇੱਕ ਹਨ। ਦਿਲਜਾਨ ਦੀ ਮੌਤ ਵੀ ਇੱਕ ਕਾਰ ਹਾਦਸੇ ਦੌਰਾਨ ਹੋਈ ਸੀ।

### ਸੋਨੀ ਪਾਬਲਾ

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜਨਮੇ ਸੋਨੀ ਪਾਬਲਾ ਵੀ ਉਨ੍ਹਾਂ ਪੰਜਾਬੀ ਗਾਇਕਾਂ ਦੀ ਸੂਚੀ ਵਿੱਚ ਸ਼ਾਮਿਲ ਹਨ, ਮੌਤ ਵੇਲੇ ਉਨ੍ਹਾਂ ਦੀ ਉਮਰ 30 ਸਾਲ ਦੇ ਕਰੀਬ ਸੀ। ਮੀਡੀਆ ਰਿਪੋਰਟ ਮੁਤਾਬਕ ਸੋਨੀ ਪਾਬਲਾ ਦੀ ਮੌਤ 2006 ਵਿੱਚ ਦਿਲ ਦਾ ਦੌਰਾ ਪੈਣ ਕਾਰਨ ਹੋਈ। ਸੋਨੀ ਪਾਬਲਾ ਬਰੈਂਪਟਨ ਵਿੱਚ ਇੱਕ ਸ਼ੋਅ ਕਰ ਰਹੇ ਸਨ, ਜਿੱਥੇ ਉਨ੍ਹਾਂ ਦੀ ਸਿਹਤ ਵਿਗੜ ਗਈ। ਜਿਸ ਮਗਰੋਂ ਹਸਪਤਾਲ ਲਿਜਾਂਦੇ ਸਮੇਂ ਉਨ੍ਹਾਂ ਦੀ ਮੌਤ ਹੋ ਗਈ। ਸੋਨੀ ਪਾਬਲਾ ਦਾ ਗੀਤ "ਸੋਹਣਿਓ ਨਰਾਜ਼ ਕਿਤੇ ਨਈ" ਕਾਫ਼ੀ ਪ੍ਰਸਿੱਧ ਹੋਇਆ ਸੀ। ਇਸ ਤੋਂ ਬਿਨਾਂ 'ਪੰਜੇਬ ਯਾਰ' ਦੀ ਜਿਸ ਦਾ ਮਿਊਜ਼ਿਕ ਸੁਖਸ਼ਿੰਦਰ ਸ਼ਿੰਦੇ ਨੇ ਦਿੱਤਾ ਸੀ, ਇਸ ਗੀਤ ਨੇ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ ਸੀ।

ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਨੇ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਦੇ ਜਿੰਨੇ ਵੀ ਗਾਇਕ ਛੋਟੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਛੱਡ ਕੇ ਗਏ, ਉਨ੍ਹਾਂ ਦੀ ਮੌਤ ਨਾਲ ਪੰਜਾਬੀ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸ਼ਮਸ਼ੇਰ ਸੰਧੂ ਕਹਿੰਦੇ ਹਨ ਕਿ "ਸੁਰਜੀਤ ਬਿੰਦਰਖੀਆ, ਸਿੱਧੂ ਮੂਸੇਵਾਲਾ ਨੂੰ ਅੱਜ ਵੀ ਅਸੀਂ ਯਾਦ ਕਰਦੇ ਹਾਂ ਤੇ ਲੋਕ ਵੀ ਉਨ੍ਹਾਂ ਦੇ ਗਾਏ ਗੀਤ ਸੁਣਦੇ ਹਨ।

ਜਿਹੜੇ ਗਾਇਕ ਇਸ ਜੱਗ ਤੋਂ ਚਲੇ ਗਏ, ਉਨ੍ਹਾਂ ਨੇ ਅਜੇ ਬਹੁਤ ਸਮਾਂ ਹੋਰ ਗਾਉਣਾ ਸੀ ਤੇ ਇਸ ਤੋਂ ਵੱਡੀਆ ਛਾਲਾਂ ਲਾਉਣੀਆਂ ਸਨ।" ਸ਼ਮਸ਼ੇਰ ਸੰਧੂ ਕਹਿੰਦੇ ਹਨ ਕਿ ਰਾਜਵੀਰ ਦੀ ਮੌਤ ਨਾਲ ਵੱਡਾ ਝਟਕਾ ਲੱਗਿਆ ਹੈ। ਉਹ ਕਹਿੰਦੇ ਹਨ ਕਿ ਅਸੀਂ ਉਮੀਦ ਕਰ ਰਹੇ ਸੀ ਡਾਕਟਰ ਉਨ੍ਹਾਂ ਦੀ ਜਾਨ ਬਚਾ ਲੈਣਗੇ। "ਰਾਜਵੀਰ ਇਨਸਾਨ ਦੇ ਤੌਰ 'ਤੇ ਸਭ ਨਾਲ ਮਿਲਣ ਸਾਰ ਸੀ, ਉਸ ਦੀ ਗਾਇਕੀ ਸਾਫ਼ ਸੁਥਰੀ ਸੀ। ਉਹ ਬਹੁਤ ਗੁਣੀ ਬੰਦਾ ਸੀ।"

ਸ਼ਮਸ਼ੇਰ ਸੰਧੂ ਨੇ ਰਾਜਵੀਰ ਜਵੰਦਾ ਬਾਰੇ ਗੱਲ ਕਰਦਿਆਂ ਇੱਕ ਕਿੱਸਾ ਵੀ ਸਾਂਝਾ ਕੀਤਾ। ਸ਼ਮਸ਼ੇਰ ਸੰਧੂ ਨੇ ਦੱਸਿਆ ਕਿ "ਜਦੋਂ ਰਾਜਵੀਰ ਆਪਣੀ ਗਾਇਕੀ ਦੇ ਸ਼ੁਰੂਆਤੀ ਸਮੇਂ ਮੈਨੂੰ ਕਿਸੇ ਪ੍ਰੋਗਰਾਮ ਵਿੱਚ ਮਿਲਦਾ, ਉਹ ਮੈਨੂੰ ਕਹਿੰਦਾ ਹੁੰਦਾ ਸੀ ਕਿ ਮੈਂ ਸੁਰਜੀਤ ਬਿੰਦਰਖੀਏ ਜਾਂ ਤੁਹਾਡੇ ਹੀ ਗੀਤ ਜ਼ਿਆਦਾ ਗਾਉਂਦਾ ਹਾਂ ਕਿਉਂਕਿ ਮੇਰੇ ਕੋਲ ਅਜੇ ਬਹੁਤੇ ਗੀਤ ਨਹੀਂ ਹਨ। ਮੈਨੂੰ ਤੁਹਾਡੇ ਗੀਤ ਕਾਫੀ ਪਸੰਦ ਆਉਂਦੇ ਹਨ।"


# ਇਹ ਜੋ ਸਿਲੀ-ਸਿਲੀ ਆਉਂਦੀ ਏ ਹਵਾ...

ਪੰਜਾਬੀ ਸੰਗੀਤ ਜਗਤ ਦੇ ਖੇਤਰ ਵਿੱਚ ਹੰਸ ਰਾਜ ਹੰਸ ਦਾ ਮੁਕਾਮ ਸਿਖ਼ਰ 'ਤੇ ਬੈਠੇ ਚੋਣਵੇਂ ਕਲਾਕਾਰਾਂ ਵਿੱਚ ਹੈ। ਰਾਜ ਗਾਇਕ ਦੀ ਉਪਾਧੀ, ਉਨ੍ਹਾਂ ਨੂੰ ਬਾਕੀ ਫ਼ਨਕਾਰਾਂ ਨਾਲੋਂ ਵੱਖਰਾ ਬਣਾਉਂਦੀ ਹੈ। ਉਨ੍ਹਾਂ ਨੂੰ ਪਦਮ ਸ਼੍ਰੀ ਨਾਲ ਵੀ ਨਿਵਾਜ਼ਿਆ ਜਾ ਚੁੱਕਾ ਹੈ। ਸੂਫ਼ੀ ਗਾਇਕੀ ਹੰਸ ਰਾਜ ਰਾਜ ਦੀ ਵਿਲੱਖਣ ਪਛਾਣ ਹੈ ਪਰ ਉਨ੍ਹਾਂ ਨੇ ਲੋਕ ਸੰਗੀਤ, ਪੌਪ ਸਮੇਤ ਹਰ ਸ਼ੈਲੀ ਵਿੱਚ ਸੁਪਰਹਿੱਟ ਗੀਤ ਦਿੱਤੇ। ਉਨ੍ਹਾਂ ਦੇ ਗਾਏ ਧਾਰਮਿਕ ਗੀਤ ਵੀ ਬੇਮਿਸਾਲ ਰਹੇ। ਹੰਸ ਰਾਜ ਹੰਸ ਬੌਲੀਵੁੱਡ ਅਤੇ ਇੱਥੋਂ ਤੱਕ ਕਿ ਹੌਲੀਵੁੱਡ ਵਿੱਚ ਵੀ ਗਾ ਚੁੱਕੇ ਹਨ। ਸੁਨਿਆਰੀ ਜ਼ੁਲਫ਼ਾ ਵਾਲਾ ਉਨ੍ਹਾਂ ਦਾ ਅੰਦਾਜ਼ ਵੀ ਦਿਲਕਸ਼ ਰਿਹਾ ਹੈ। ਉਨ੍ਹਾਂ ਦੀ ਪਛਾਣ ਹੁਣ ਇੱਕ ਸਿਆਸਤਦਾਨ ਵਜੋਂ ਵੀ ਹੈ। ਉਹ ਦਿੱਲੀ ਤੋਂ ਭਾਜਪਾ ਦੇ ਸੰਸਦ ਮੈਂਬਰ ਰਹਿ ਚੁੱਕੇ ਹਨ।

ਹੰਸ ਰਾਜ ਹੰਸ ਦਾ ਜਨਮ ਜਲੰਧਰ ਨੇੜਲੇ ਪਿੰਡ ਸ਼ਫੀਪੁਰ ਵਿੱਚ ਸਾਧਾਰਨ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਅਰਜਨ ਸਿੰਘ ਅਤੇ ਮਾਤਾ ਦਾ ਨਾਮ ਅਜੀਤ ਕੌਰ ਸੀ। ਖੇਤਾਂ ਵਿੱਚ ਮਿਹਨਤ ਕਰਕੇ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਉਨ੍ਹਾਂ ਦਾ ਬਚਪਨ ਦਾ ਨਾਮ ਜ਼ੋਰਾਵਰ ਸਿੰਘ ਸੀ ਪਰ ਸਕੂਲ ਵਿੱਚ ਦਾਖਲੇ ਵੇਲੇ ਹੰਸ ਰਾਜ ਲਿਖਵਾ ਦਿੱਤਾ ਗਿਆ। ਜਦੋਂ ਗਾਇਕੀ ਵਿੱਚ ਆਏ ਤਾਂ ਉਨ੍ਹਾਂ ਦੇ ਉਸਤਾਦ ਪੂਰਨ ਸ਼ਾਹ ਕੋਟੀ ਨੇ ਉਨ੍ਹਾਂ ਨੂੰ ਹੰਸ ਰਾਜ ਹੰਸ ਦਾ ਨਾਮ ਦਿੱਤਾ। ਪਰਿਵਾਰ ਵਿੱਚ ਗਾਇਕੀ ਦਾ ਕੋਈ ਪਿਛੋਕੜ ਨਹੀਂ ਸੀ ਅਤੇ ਨਾ ਹੀ ਉਸ ਵੇਲੇ ਗਾਉਣ ਨੂੰ ਬਹੁਤਾ ਚੰਗਾ ਸਮਝਿਆ ਜਾਂਦਾ ਸੀ। ਪਿਤਾ ਵੀ ਗਾਉਣ ਨੂੰ ਇੱਕ ਖਾਸ ਭਾਈਚਾਰੇ ਦਾ ਕਿੱਤਾ ਮੰਨਦਿਆਂ ਹੰਸ ਦੀ ਗਾਇਕੀ ਦੇ ਖ਼ਿਲਾਫ਼ ਸਨ।



ਉਹ ਦੱਸਦੇ ਹਨ ਕਿ ਉਨ੍ਹਾਂ ਦੇ ਪਿੰਡ ਵਿੱਚ 100-150 ਸਾਲ ਪੁਰਾਣਾ ਇੱਕ ਬੋਹੜ ਦਾ ਦਰੱਖ਼ਤ ਸੀ, ਜਿਸ ਹੇਠ ਬਹਿ ਕੇ ਉਹ ਅਕਸਰ ਸੁਪਨੇ ਪੂਰੇ ਕਰਨ ਬਾਰੇ ਸੋਚਦੇ ਸਨ। ਕਦੇ ਇੱਟ ਉੱਤੇ ਸਿਰ ਰੱਖ ਕੇ ਸੌਂ ਜਾਂਦੇ, ਕਦੇ ਅਕਸਰ ਇਕੱਲੇ ਬਹਿ ਕੇ ਗਾਉਂਦੇ ਰਹਿੰਦੇ ਸਨ।



ਆਪਣੇ ਪਿੰਡ ਨੂੰ ਅਕਸਰ 'ਉਦਾਸ ਜਿਹਾ' ਪਿੰਡ ਕਹਿਣ ਵਾਲੇ ਹੰਸ ਰਾਜ ਹੰਸ ਆਪਣੇ ਬਚਪਨ ਨੂੰ ਯਾਦ ਕਰਦਿਆਂ ਦੱਸਦੇ ਹਨ, "ਲੋਕ ਮੇਰੀ ਮਾਂ ਨੂੰ ਜਦੋਂ ਕਹਿੰਦੇ ਸੀ ਕਿ ਤੇਰਾ ਮੁੰਡਾ ਪਾਗਲ ਹੋ ਗਿਆ ਹੈ ਤਾਂ ਮੈਂ ਬਹੁਤ ਉਦਾਸ ਹੋ ਜਾਂਦਾ ਸੀ।" ਹੰਸ ਨੇ ਦੱਸਿਆ, "ਮੈਂ ਇੱਕ ਵਾਰ ਮਾਂ ਨੂੰ ਕਿਹਾ ਸੀ ਕਿ ਪਿੰਡ ਦੇ ਲੋਕ ਮੈਨੂੰ ਪਾਗਲ ਕਹਿੰਦੇ ਨੇ ਨਾ ਇੱਕ ਦਿਨ ਅਜਿਹਾ ਆਏਗਾ ਲੋਕ ਪਾਗਲਾਂ ਵਾਂਗੂ ਤੇਰੇ ਪੁੱਤ ਨੂੰ ਵੇਖਿਆ ਕਰਨਗੇ, ਤੇਰੇ ਪੁੱਤ ਨੂੰ ਸੁਣਿਆ ਕਰਨਗੇ।" ਭਾਵੇਂ ਪਿਤਾ ਗਾਇਕੀ ਦੇ ਖ਼ਿਲਾਫ਼ ਸਨ ਪਰ ਬਚਪਨ ਤੋਂ ਹੀ ਹੰਸ ਰਾਜ ਹੰਸ ਪਿੰਡ ਦੇ ਧਾਰਮਿਕ ਸਮਾਗਮਾਂ ਵਿੱਚ ਗਾਉਂਦੇ ਰਹਿੰਦੇ ਸਨ।

ਹੰਸ ਰਾਜ ਹੰਸ ਸੰਗੀਤ ਪ੍ਰਤੀ ਬਚਪਨ ਤੋਂ ਹੀ ਦੀਵਾਨੇ ਸਨ। ਉਹ ਦੱਸਦੇ ਹਨ ਕਿ ਜਦੋਂ ਪਿਤਾ ਦੀ ਸਖ਼ਤੀ ਵਧੀ ਤਾਂ ਉਹ ਡਰ ਗਏ ਅਤੇ ਘਰ ਛੱਡ ਕੇ ਚਲੇ ਗਏ ਤੇ ਕਈ ਸਾਲ ਘਰੋਂ ਬਾਹਰ ਰਹੇ। ਸਕੂਲ ਦੀਆਂ ਕਾਪੀਆਂ ਲਈ ਮਿਲੇ ਪੈਸੇ ਲੈ ਕੇ ਉਹ ਪਿੰਡ ਤੋਂ ਤੁਰ ਕੇ ਜਲੰਧਰ ਪਹੁੰਚ ਗਏ। ਉਸ ਵੇਲੇ ਉਨ੍ਹਾਂ ਦੀ ਉਮਰ ਕਰੀਬ ਦਸ ਸਾਲ ਸੀ। ਫਿਰ ਟਰੇਨ ਵਿੱਚ ਬਹਿ ਕੇ ਜਲੰਧਰ ਤੋਂ ਲੁਧਿਆਣਾ ਪਹੁੰਚ ਗਏ। ਉਹ ਲੁਧਿਆਣਾ ਵਿੱਚ ਉਸ ਵੇਲੇ ਦੇ ਨਾਮੀਂ ਗਾਇਕ ਉਸਤਾਦ ਯਮਲਾ ਜੱਟ ਕੋਲ ਜਾਣਾ ਚਾਹੁੰਦੇ ਸਨ ਪਰ ਉਹ ਕਿੱਥੇ ਰਹਿੰਦੇ ਹਨ, ਪੂਰਾ ਪਤਾ ਨਹੀਂ ਸੀ। ਅਖੀਰ ਇੱਕ ਰਿਕਸ਼ੇ ਵਾਲੇ ਨੇ ਉਨ੍ਹਾਂ ਨੂੰ ਲੁਧਿਆਣਾ ਦੇ ਜਵਾਹਰ ਨਗਰ ਸਥਿਤ ਯਮਲਾ ਜੱਟ ਦੇ ਘਰ ਪਹੁੰਚਾ ਦਿੱਤਾ। ਖੈਰ, ਉੱਥੇ ਯਮਲਾ ਜੱਟ ਨਾਲ ਉਨ੍ਹਾਂ ਦਾ ਮੇਲ ਉਸ ਵੇਲੇ ਨਹੀਂ ਹੋਇਆ। ਫਿਰ ਉਨ੍ਹਾਂ ਨੇ ਪੂਰਨ ਸ਼ਾਹ ਕੋਟੀ ਨੂੰ ਸੁਣਿਆ ਅਤੇ ਉਨ੍ਹਾਂ ਦੀ ਗਾਈ ਕੱਵਾਲੀ ਨੇ ਹੰਸ ਰਾਜ ਹੰਸ ਨੂੰ ਕੀਲ ਲਿਆ।

ਹੰਸ ਨੇ ਉਸਤਾਦ ਪੂਰਨ ਸ਼ਾਹ ਕੋਟੀ ਨੂੰ ਆਪਣਾ ਗੁਰੂ ਮੰਨ ਲਿਆ ਅਤੇ ਉਨ੍ਹਾਂ ਨਾਲ ਨਕੋਦਰ ਤੁਰ ਗਏ। ਪੂਰਨ ਸ਼ਾਹ ਕੋਟੀ ਦੇ ਪਿਤਾ, ਹੰਸ ਰਾਜ ਹੰਸ ਦੇ ਪਿਤਾ ਦੇ ਜਾਣਕਾਰ ਵੀ ਸਨ। ਹੰਸ ਰਾਜ ਹੰਸ ਕਹਿੰਦੇ ਹਨ, "ਮੇਰੇ ਤੋਂ ਸਾਰੀ ਉਮਰ ਓਨੀ ਮੁਹੱਬਤ ਕਿਸੇ ਨੂੰ ਨਹੀਂ ਹੋਈ, ਜਿੰਨੀ ਮੈਂ ਆਪਣੇ ਗੁਰੂ ਨੂੰ ਕੀਤੀ, ਕਰਦਾ ਹਾਂ ਅਤੇ ਸਿਵਿਆਂ ਦੀ ਅੱਗ ਤੱਕ ਕਰਦਾ ਰਹਾਂਗਾ। ਇਸ਼ਕ ਵਿੱਚ ਤੁਹਾਨੂੰ ਹੁਨਰ ਵੀ ਮਿਲ ਜਾਂਦਾ, ਇਲਮ ਵੀ ਮਿਲ ਜਾਂਦਾ, ਰੌਸ਼ਨੀ ਵੀ ਮਿਲ ਜਾਂਦੀ ਹੈ।"

ਹੰਸ ਰਾਜ ਹੰਸ ਕਈ ਸਾਲ ਨਕੋਦਰ ਰਹੇ। ਉਹ ਦੱਸਦੇ ਹਨ, "ਸਾਈਂ ਜੀ ਕੋਲ ਸਮਾਂ ਬਿਤਾਉਂਦਾ ਸੀ। ਉੱਥੇ ਉਨ੍ਹਾਂ ਦਿਨਾਂ ਵਿੱਚ ਸੂਫ਼ੀਆਂ ਦੀ ਮਜਲਿਸ ਲੱਗਦੀ ਸੀ। ਬਹੁਤ ਸੱਚੇ-ਸੁੱਚੇ ਫ਼ਕੀਰ ਹੋਇਆ ਕਰਦੇ ਸਨ। ਉਨ੍ਹਾਂ ਦੀਆਂ ਗੱਲਾਂ ਸੁਣਦਾ ਸੀ ਜੋ ਕਿ ਮੇਰੀ ਸ਼ਖਸੀਅਤ ਅੰਦਰ ਬੈਠਦੀਆਂ ਸੀ" ਚੜ੍ਹਦੀ ਉਮਰ ਵਿੱਚ ਸੂਫ਼ੀਆਂ ਦੀ ਸੰਗਤ ਕਰਨ ਵਾਲੇ ਹੰਸ ਰਾਜ ਹੰਸ ਕਹਿੰਦੇ ਹਨ ਕਿ ਸੂਫੀਵਾਦ ਪੜ੍ਹਣ, ਸੁਣਨ ਵਾਲੀ ਗੱਲ ਨਹੀਂ ਬਲਕਿ ਜਿਉਣ ਵਾਲੀ ਗੱਲ ਹੈ ਜੋ ਕਿ ਉਨ੍ਹਾਂ ਨੇ ਨਕੋਦਰ ਵਿਖੇ ਸੂਫ਼ੀ-ਫਕੀਰਾਂ ਦੀ ਸੰਗਤ ਵਿੱਚ ਮਾਣੀ ਹੈ।

'ਜੋਗੀਆਂ ਦੇ ਕੰਨਾਂ ਵਿੱਚ ਕੱਚ ਦੀਆਂ ਮੁੰਦਰਾਂ'

ਉਸ ਦੌਰ ਵਿੱਚ ਦੋਗਾਣਾ ਗਾਇਕੀ ਦਾ ਜ਼ੋਰ ਸੀ। ਪਰ ਹੰਸ ਰਾਜ ਹੰਸ ਨੇ ਉਸ ਵੇਲੇ ਦੇ ਟਰੈਂਡ ਤੋਂ ਉਲਟ ਸੂਫ਼ੀ ਗੀਤ 'ਜੋਗੀਆਂ ਦੇ ਕੰਨਾਂ ਵਿੱਚ ਕੱਚ ਦੀਆਂ ਮੁੰਦਰਾਂ' ਨਾਲ ਸ਼ੁਰੂਆਤ ਕੀਤੀ। ਸਾਲ 1982 ਵਿੱਚ ਉਨ੍ਹਾਂ ਦਾ ਪਹਿਲਾ ਐੱਲ.ਪੀ. ਰਿਕਾਰਡ ਐਚ।ਐਮ।ਵੀ ਕੰਪਨੀ ਵੱਲੋਂ ਰਿਲੀਜ਼ ਕੀਤਾ ਗਿਆ।

ਹੰਸ ਰਾਜ ਹੰਸ ਦੱਸਦੇ ਹਨ ਕਿ ਉਨ੍ਹਾਂ ਦੇ ਕਾਲਜ ਦੇ ਦੋਸਤ ਸਤਨਾਮ ਸਿੰਘ ਗਿੱਲ ਉਨ੍ਹਾਂ ਨੂੰ ਦਿੱਲੀ ਸਥਿਤ ਐਚ.ਐਮ.ਵੀ ਕੰਪਨੀ ਦੇ ਦਫ਼ਤਰ ਵਿੱਚ ਲੈ ਕੇ ਗਏ ਸਨ। ਉਨ੍ਹਾਂ ਦਾ ਗੀਤ 1980 ਵਿੱਚ ਹੀ ਰਿਕਾਰਡ ਹੋ ਗਿਆ ਸੀ, ਪਰ ਕੰਪਨੀ ਨੇ ਰਿਲੀਜ਼ ਦੇਰੀ ਨਾਲ ਕੀਤਾ ਕਿਉਂਕਿ ਕੰਪਨੀ ਨੂੰ ਉਸ ਦੌਰ ਵਿੱਚ ਅਜਿਹੇ ਗੀਤਾਂ ਤੋਂ ਕਮਰਸ਼ੀਅਲ ਹਿੱਟ ਦੀ ਬਹੁਤੀ ਉਮੀਦ ਨਹੀਂ ਸੀ। ਪਰ ਜਦੋਂ ਇਹ ਰਿਕਾਰਡ ਆਇਆ ਤਾਂ ਹਿੱਟ ਹੋ ਗਿਆ। ਹੰਸ ਰਾਜ ਹੰਸ

**(ਬਾਕੀ ਅਗਲੇ ਸਫੇ 'ਤੇ)**

# ਇਹ ਜੋ ਸਿਲੀ-ਸਿਲੀ ਆਉਂਦੀ ਏ ਹਵਾ...

(ਸਫਾ 18 ਦੀ ਬਾਕੀ)

ਦੱਸਦੇ ਹਨ ਕਿ ਪਿੰਡ-ਪਿੰਡ ਵਿੱਚ ਇਹ ਰਿਕਾਰਡ ਵੱਜ ਰਿਹਾ ਸੀ। ਪਿੰਡ ਦੇ ਲੋਕ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦੇ ਰਹੇ ਸਨ।

ਉਹ ਦੱਸਦੇ ਹਨ, "ਉਦੋਂ ਤੱਕ ਮੇਰੇ ਕੋਲ ਇੰਨੇ ਕੁ ਪੈਸੇ ਸਨ ਕਿ ਰਿਕਸ਼ੇ 'ਤੇ ਪਿੰਡ ਜਾ ਸਕਦਾ ਸੀ। ਰਿਕਾਰਡ ਰਿਲੀਜ਼ ਹੋਣ ਬਾਅਦ ਜਦੋਂ ਮੈਂ ਰਿਕਸ਼ੇ 'ਤੇ ਪਿੰਡ ਪਰਤਿਆ ਤਾਂ ਉਸ ਰਿਕਾਰਡ ਨੂੰ ਮੈਂ ਸੀਨੇ ਨਾਲ ਲਾਇਆ ਹੋਇਆ ਸੀ ਅਤੇ ਮੇਰਾ ਪਹਿਲਾ ਰਿਕਾਰਡ ਮੈਨੂੰ ਮੇਰੀ ਮਹਿਬੂਬ ਲੱਗਦਾ ਸੀ। ਘਰ ਪਰਤਿਆ ਤਾਂ ਮਾਂ ਮੈਨੂੰ ਕਲਾਵੇ ਵਿੱਚ ਲੈ ਕੇ ਰੋਂਦੀ ਰਹੀ।" ਜਦੋਂ ਆਲੇ-ਦੁਆਲੇ ਦੇ ਇਲਾਕੇ ਤੋਂ ਵੱਡੇ-ਵੱਡੇ ਅਹੁਦੇਦਾਰ ਮੇਰੀ ਪ੍ਰਸ਼ੰਸਾ ਕਰਦੇ ਸਨ ਤਾਂ ਪਿਤਾ ਮਾਣ ਮਹਿਸੂਸ ਕਰਦੇ ਸਨ।

ਹੰਸ ਰਾਜ ਹੰਸ ਦੱਸਦੇ ਹਨ ਕਿ ਉਹ ਅਕਸਰ ਅੱਖਾਂ ਮੀਚ ਕੇ ਜਾਂ ਬਹਿ ਕੇ ਹਰਮੋਨੀਅਮ ਵਜਾਉਂਦਿਆਂ ਗੀਤ ਗਾਉਂਦੇ ਸਨ। ਟੈਲੀਵਿਜ਼ਨ ਆਇਆ ਤਾਂ ਟੀਵੀ ਵਾਲਿਆਂ ਨੇ ਉਨ੍ਹਾਂ ਨੂੰ ਸਮੇਂ ਦੀ ਮੰਗ ਮੁਤਾਬਕ ਪ੍ਰਫੌਰਮਰ ਬਣਨ ਨੂੰ ਕਿਹਾ। ਹੰਸ ਦੱਸਦੇ ਹਨ ਕਿ ਉਨ੍ਹਾਂ ਨੂੰ ਨੱਚਣਾ ਨਹੀਂ ਸੀ ਆਉਂਦਾ। ਫਿਰ ਉਨ੍ਹਾਂ ਨੇ ਗਰਦਨ ਹਿਲਾ ਕੇ ਗਾਇਆ ਅਤੇ ਕਿਹਾ ਕਿ ਮੈਨੂੰ ਇਹੀ ਆਉਂਦਾ ਹੈ।

ਹੰਸ ਦੱਸਦੇ ਹਨ, "ਮੈਂ ਜ਼ੁਲਫ਼ਾ ਜਿਹੀਆਂ ਹਿਲਾਈ ਜਾਂਦਾ ਸੀ, ਜ਼ੁਲਫ਼ਾਂ ਨਾਲ ਹੀ ਲੈਅ ਰੱਖਦਾ ਸੀ। ਕਿਸੇ ਹੋਰ ਹੀ ਦੁਨੀਆਂ ਵਿੱਚ ਪਹੁੰਚ ਜਾਂਦਾ ਸੀ।" ਫਿਰ ਇਹੀ ਉਨ੍ਹਾਂ ਦਾ ਸਟਾਈਲ ਬਣ ਗਿਆ।

ਹੰਸ ਮੁਤਾਬਕ ਜਿਨ੍ਹਾਂ ਗੀਤਾਂ ਨਾਲ ਉਹ ਹਿੱਟ ਹੋਏ, ਉਹ ਸਨ 'ਦਿਨ ਲੰਘਦੇ ਉਮੀਦਾਂ ਦੇ ਸਹਾਰੇ, ਹਾਏ ਸੱਜਣਾ ਦੇ ਲਾਰੇ, ਆਸ਼ਕਾਂ ਦੀ ਕਾਹਦੀ ਜ਼ਿੰਦਗੀ' ਅਤੇ 'ਕਿਹੜੀ ਗੱਲੋਂ ਸਾਡੇ ਕੋਲੋਂ ਦੂਰ ਦੂਰ ਰਹਿਨੇ ਓ'

ਇਸ ਤੋਂ ਬਾਅਦ ਹੰਸ ਸਫਲਤਾ ਦੀ ਪੌੜੀ ਚੜ੍ਹਦੇ ਗਏ। ਉਨ੍ਹਾਂ ਨੇ ਬੌਲੀਵੁੱਡ ਵਿੱਚ ਪਹਿਲਾ ਗੀਤਾ ਫ਼ਿਲਮ 'ਕੱਚੇ ਧਾਗੇ' ਲਈ ਗਾਇਆ ਸੀ। ਨੁਸਰਤ ਫ਼ਤਿਹ ਅਲੀ ਖ਼ਾਨ ਦੀ ਮਿਊਜ਼ਕ ਡਾਇਰੈਕਸ਼ਨ ਹੇਠ ਹੰਸ ਰਾਜ ਹੰਸ ਨੇ ਇਸ ਫ਼ਿਲਮ ਲਈ 'ਇਸ਼ਕ ਦੀ ਗਲੀ ਵਿੱਚੋਂ ਕੋਈ ਕੋਈ ਲੰਘਦਾ' ਗਾਇਆ ਸੀ।

ਹੰਸ ਰਾਜ ਹੰਸ ਨੇ ਹਿੰਦੀ ਫ਼ਿਲਮਾਂ ਲਈ ਗੀਤ ਤਾਂ ਗਾਏ ਹੀ, ਨਾਲ ਹੀ ਉਨ੍ਹਾਂ ਨੂੰ ਗੀਤਾਂ ਦੇ ਫਿਲਮਾਂਕਣ ਵਿੱਚ ਵੀ ਲਿਆ ਜਾਂਦਾ ਸੀ।

### ਸਿਆਸਤ ਵਿੱਚ ਕੀ ਗਵਾਇਆ ਅਤੇ ਕੀ ਲੱਭਿਆ

ਹੰਸ ਰਾਜ ਹੰਸ ਕਹਿੰਦੇ ਹਨ ਕਿ ਜਿਸ ਤਰ੍ਹਾਂ ਉਨ੍ਹਾਂ ਦੀ ਬੌਲੀਵੁੱਡ ਵਿੱਚ ਐਂਟਰੀ ਹੋਈ ਸੀ, ਜੇਕਰ ਜਾਰੀ ਰੱਖਦੇ ਤਾਂ ਅੱਜ ਕਿਸੇ ਹੋਰ ਮੁਕਾਮ 'ਤੇ ਹੋ ਸਕਦੇ ਸੀ। ਪਰ ਨਾਲ ਹੀ ਕਹਿੰਦੇ ਹਨ ਕਿ ਉਹ ਸੰਤੁਸ਼ਟ ਹਨ ਅਤੇ ਤਕਦੀਰ 'ਤੇ ਬਹੁਤ ਯਕੀਨ ਰੱਖਦੇ ਹਨ।

ਜਦੋਂ ਹੰਸ ਰਾਜ ਹੰਸ ਸਿਆਸਤ ਵਿੱਚ ਸ਼ਾਮਲ ਹੋਏ ਤਾਂ ਗਾਇਕੀ ਦੇ ਰੁਝੇਵੇਂ ਉਨ੍ਹਾਂ ਨੇ ਘਟਾ ਦਿੱਤੇ। ਹੰਸ ਰਾਜ ਹੰਸ 2009 ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਅਤੇ ਲੋਕ ਸਭਾ ਚੋਣ ਲੜੀ ਪਰ ਹਾਰ ਗਏ। ਫਿਰ 2019 ਦੀ ਲੋਕ ਸਭਾ ਚੋਣ ਬੀਜੇਪੀ ਵੱਲੋਂ ਦਿੱਲੀ ਤੋਂ ਲੜੀ ਅਤੇ ਸੰਸਦ ਮੈਂਬਰ ਬਣੇ। ਬੀਜੇਪੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕੁਝ ਸਮਾਂ ਕਾਂਗਰਸ ਵਿੱਚ ਵੀ ਰਹੇ। ਉਹ 2024 ਲੋਕ ਸਭਾ ਚੋਣਾਂ ਦੌਰਾਨ ਫ਼ਰੀਦਕੋਟ ਹਲਕੇ ਤੋਂ ਖੜ੍ਹੇ ਹੋਏ ਸਨ ਪਰ ਹਾਰ ਗਏ ਸਨ।

ਹੰਸ ਰਾਜ ਹੰਸ ਕਹਿੰਦੇ ਹਨ ਕਿ ਉਨ੍ਹਾਂ ਨੇ ਸਿਆਸਤ ਵਿੱਚ ਕਦੇ ਕਿਸੇ ਪਾਰਟੀ ਦੀ ਨਹੀਂ, ਬਲਕਿ ਪੰਜਾਬੀਅਤ ਦੀ ਹੀ ਗੱਲ ਕੀਤੀ ਹੈ। ਉਹ ਮਹਿਸੂਸ ਕਰਦੇ ਹਨ, "ਮੇਰੇ ਜਿਹਾ ਬੰਦਾ ਸਿਆਸਤ ਵਿੱਚ ਕੁਝ ਨਹੀਂ ਖੱਟ ਸਕਦਾ।"

ਹੰਸ ਰਾਜ ਹੰਸ ਕਹਿੰਦੇ ਹਨ, "ਪਤਾ ਨਹੀਂ ਸਾਡੇ ਬਜ਼ੁਰਗ ਸਿਆਸਤਦਾਨਾਂ ਤੋਂ ਕੀ ਗਲਤੀਆਂ ਹੋਈਆਂ, ਕਿ ਲੋਕ ਸਿਆਸਤਦਾਨਾਂ 'ਤੇ ਯਕੀਨ ਹੀ ਨਹੀਂ ਕਰਦੇ। ਕਲਾਕਾਰ ਵਜੋਂ ਹਰ ਕਿਸੇ ਦੇ ਸਾਂਝੇ ਹੁੰਦੇ ਹਾਂ, ਸਿਆਸਤ ਵਿੱਚ ਆ ਕੇ ਵੰਡੇ ਜਾਂਦੇ ਹਾਂ।"

ਉਹ ਦੱਸਦੇ ਨੇ, "ਸਿਆਸਤ ਤੋਂ ਮੈਨੂੰ ਝੂਠਾ ਜਿਹਾ ਟੌਹਰ-ਟੱਪਾ ਹਾਸਲ ਹੋਇਆ, ਮੈਨੂੰ ਕਹਿੰਦੇ ਸੀ ਦਰਵੇਸ਼ ਗਵੱਈਆ ਤਾਂ ਫਿਰ ਉਹ ਗਾਲੀ-ਗਲੋਚ ਵੀ ਕਰਦੇ ਹਨ। ਇਹ ਤਾਂ ਫਿਰ ਬਹੁਤ ਵੱਡਾ ਸੈੱਟਬੈਕ ਹੈ, ਪਰਸਨੈਲਿਟੀ ਲਈ ਕਿੰਨਾ ਡੈਮਿਜਿੰਗ ਹੈ।

ਉਨ੍ਹਾਂ ਕਿਹਾ, "ਤੁਸੀਂ ਉਸ ਤਰ੍ਹਾਂ ਦੇ ਹੁੰਦੇ ਨਹੀਂ, ਜਿਸ ਤਰ੍ਹਾਂ ਦੇ ਲਫਜ਼ ਤੁਹਾਡੇ ਲਈ ਵਰਤੇ ਜਾਂਦੇ ਹਨ। ਇਹ ਬਹੁਤ ਵੱਡਾ ਘਾਟਾ ਹੁੰਦਾ ਹੈ।"

ਹੰਸ ਰਾਜ ਹੰਸ ਨੇ ਸਾਡੀ ਇਸ ਮਿਲਣੀ ਦੌਰਾਨ ਕਈ ਵਾਰ ਆਪਣੀ ਮਾਂ ਅਤੇ ਪਤਨੀ ਦਾ ਜ਼ਿਕਰ ਭਾਵੁਕਤਾ ਨਾਲ ਕੀਤਾ। 2019 ਵਿੱਚ ਉਨ੍ਹਾਂ ਦੀ ਮਾਂ ਸ੍ਰੀਮਤੀ ਅਜੀਤ ਕੌਰ ਦਾ ਦੇਹਾਂਤ ਹੋ ਗਿਆ ਸੀ ਅਤੇ ਇਸੇ ਸਾਲ ਅਪ੍ਰੈਲ ਮਹੀਨੇ ਉਨ੍ਹਾਂ ਦੀ ਪਤਨੀ ਰੇਸ਼ਮ ਕੌਰ ਇਸ ਦੁਨੀਆਂ ਤੋਂ ਚਲੇ ਗਏ।

ਹੰਸ ਰਾਜ ਹੰਸ ਕਹਿੰਦੇ ਹਨ, "ਮਾਂ ਨੇ ਮੇਰਾ ਹਰ ਦੌਰ ਦੇਖਿਆ। ਗਰੀਬੀ ਵਾਲਾ ਵੀ, ਪੈਸੇ ਵਾਲਾ ਵੀ। ਸੰਘਰਸ਼ ਵਾਲਾ ਵੀ, ਸਫਲਤਾ ਵਾਲਾ ਵੀ। ਮਾਂ ਨੇ ਮੈਨੂੰ ਸਿਆਸਤ ਵਿੱਚ ਹਾਰਦੇ ਵੀ ਦੇਖਿਆ ਅਤੇ ਜਿੱਤਦੇ ਵੀ।"

ਪਤਨੀ ਰੇਸ਼ਮ ਕੌਰ ਦੇ ਜਾਣ ਬਾਅਦ ਉਹ ਜ਼ਿੰਦਗੀ ਵਿੱਚ ਇੱਕ ਖ਼ਲਾਅ ਮਹਿਸੂਸ ਕਰ ਰਹੇ ਹਨ, ਇਹ ਉਨ੍ਹਾਂ ਦੇ ਹਾਵ-ਭਾਵ ਜ਼ਾਹਿਰ ਕਰਦੇ ਸਨ।

ਆਪਣੀ ਪਤਨੀ ਬਾਰੇ ਉਨ੍ਹਾਂ ਦੱਸਿਆ, "ਉਹ ਚੰਗੇ ਘਰ ਦੀ ਧੀ ਸੀ ਪਰ ਵਿਆਹ ਤੋਂ ਬਾਅਦ ਮੇਰੇ ਘਰ ਉਸ ਨੇ ਤੰਗੀ ਕੱਟਦਿਆਂ ਵੀ ਸਿਦਕ ਰੱਖਿਆ।"

ਇੱਕ ਕਿੱਸਾ ਯਾਦ ਕਰਦਿਆਂ ਹੰਸ ਰਾਜ ਹੰਸ ਨੇ ਕਿਹਾ, "ਇੱਕ ਵਾਰ ਮੇਰੀ ਪਤਨੀ ਛੱਪੜ ਤੋਂ ਚੀਕਣੀ ਮਿੱਟੀ ਚੁੱਕ ਕੇ ਲਈ ਜਾਵੇ ਜੋ ਘਰਾਂ ਵਿੱਚ ਲਗਾਈ ਦੀ ਸੀ, ਮੈਨੂੰ ਮਹਿਸੂਸ ਹੋਇਆ ਕਿ ਇਹ ਇੰਨੇ ਚੰਗੇ ਪਰਿਵਾਰ ਵਿੱਚੋਂ ਆ ਕੇ ਮੇਰੇ ਨਾਲ ਵਿਆਹ ਕਰਵਾ ਕੇ ਕਿਸ ਹਾਲ ਵਿੱਚ ਜਿਉਂ ਰਹੀ ਹੈ। ਪਰ ਮੈਂ ਉਸ ਨੂੰ ਕਹਿੰਦਾ ਹੁੰਦਾ ਸੀ ਘਰੋਂ ਨਾ ਕੁਝ ਮੰਗੀ, ਇੱਕ ਦਿਨ ਹੀਰਿਆਂ ਨਾਲ ਲੱਦ ਦਿਆਂਗਾ। ਉਸ ਨੇ ਸਿਦਕ ਦਿਖਾਇਆ ਅਤੇ ਮੈਂ ਮਿਹਨਤ ਕੀਤੀ। ਫਿਰ ਸੁਫ਼ਨੇ ਸੱਚ ਹੋਏ।"

ਆਪਣੇ ਬੱਚਿਆਂ ਦੀ ਚੰਗੀ ਪਰਵਰਿਸ਼ ਦਾ ਸਿਹਰਾ ਵੀ ਉਹ ਆਪਣੀ ਪਤਨੀ ਸਿਰ ਬੰਨ੍ਹਦੇ ਹਨ। ਹੰਸ ਰਾਜ ਹੰਸ ਦੇ ਦੋ ਬੇਟੇ ਨਵਰਾਜ ਹੰਸ ਅਤੇ ਯੁਵਰਾਜ ਹੰਸ ਹਨ, ਜੋ ਕਿ ਗਾਇਕੀ ਅਤੇ ਫ਼ਿਲਮੀ ਖੇਤਰ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਦੀ ਵੱਡੀ ਨੂੰਹ ਨਵਰਾਜ ਹੰਸ ਦੀ ਪਤਨੀ, ਅਜੀਤ ਕੌਰ ਨਾਮੀ ਗਾਇਕ ਦਲੇਰ ਮਹਿੰਦੀ ਦੀ ਧੀ ਹਨ। ਛੋਟੀ ਨੂੰਹ ਮਾਨਸੀ ਸ਼ਰਮਾ ਖ਼ੁਦ ਅਦਾਕਾਰ ਹਨ।

ਹੰਸ ਰਾਜ ਹੰਸ ਮੁਤਾਬਕ, ਜੋ ਵਿਰਾਸਤ ਉਨ੍ਹਾਂ ਨੇ ਬਣਾਈ ਉਹ ਉਨ੍ਹਾਂ ਦੀ ਤੀਜੀ ਪੀੜ੍ਹੀ ਯਾਨੀ ਉਨ੍ਹਾਂ ਦਾ ਪੋਤਾ ਹਰਿਦਾਨ ਯੁਵਰਾਜ ਹੰਸ, ਉਸ ਨੂੰ ਅੱਗੇ ਤੋਰਨ ਲਈ ਕਦਮ ਰੱਖ ਚੁੱਕਿਆ ਹੈ। ਮਹਿਜ਼ ਪੰਜ ਸਾਲ ਦੀ ਉਮਰ ਵਿੱਚ ਹਰਿਦਾਨ, ਮੂਲ ਮੰਤਰ ਨਾਲ ਆਪਣੇ ਸੰਗੀਤਕ ਸਫਰ ਦੀ ਸ਼ੁਰੂਆਤ ਕਰ ਚੁੱਕਾ ਹੈ। ਹੰਸ ਰਾਜ ਹੰਸ ਕਹਿੰਦੇ ਹਨ, "ਦੁਨੀਆਵੀ ਤੌਰ 'ਤੇ ਮੇਰੀ ਹੁਣ ਕੋਈ ਖਵਾਹਿਸ਼ ਨਹੀਂ। ਮੈਨੂੰ ਦੌਲਤ, ਸ਼ੌਹਰਤ, ਚੰਗਾ ਪਰਿਵਾਰ ਸਭ ਕੁਝ ਮਿਲਿਆ। ਸਿਰਫ਼ ਇਹੀ ਖਵਾਹਿਸ਼ ਹੈ ਕਿ ਜਦੋਂ ਰੱਬ ਅੱਗੇ ਪੇਸ਼ੀ ਹੋਵੇ ਤਾਂ ਸ਼ਰਮਿੰਦਗੀ ਨਾ ਹੋਵੇ।"

# ਮੌਸਮ ਵੀ ਬਦਲ ਗਏ, ਬਦਲ ਗਈਆਂ ਬਹਾਰਾਂ..

ਅੱਜਕੱਲ੍ਹ ਆਈਆਂ ਤਬਦੀਲੀਆਂ ਸਭ ਦੇ ਸਾਹਮਣੇ ਹਨ। ਆਧੁਨਿਕ ਦੌਰ ਵਿੱਚ ਸਭ ਕੁਝ ਬਦਲ ਗਿਆ ਹੈ। ਅਸੀਂ ਜੇ ਨਵੇਂ ਪੁਰਾਣੇ ਦੇ ਫ਼ਰਕ ਨੂੰ ਲੈ ਕੇ ਚੱਲੀਏ, ਤਾਂ ਅੱਜ ਪੁਰਾਣਾ ਸਭ ਕੁਝ ਵਿਸਰ ਗਿਆ ਹੈ ਤੇ ਅਸੀਂ ਨਵੀਆਂ ਕਦਰਾਂ-ਕੀਮਤਾਂ ਵਿੱਚ ਉਲਝ ਕੇ ਰਹਿ ਗਏ ਹਾਂ। ਦਿਲੀ ਸਾਂਝ, ਪਿਆਰ, ਦਇਆ, ਹਲੀਮੀ, ਤਿਆਗ, ਮਿਲਵਰਤਣ ਦੀਆਂ ਦਿਲੀ ਭਾਵਨਾਵਾਂ ਕੋਹਾਂ ਦੂਰ ਚਲੀਆਂ ਗਈਆਂ ਹਨ। ਹੁਣ ਆਪੋ ਧਾਪੀ ਪਈ ਹੋਈ ਹੈ। ਸਵਾਰਥ ਹਰ ਪਾਸੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਹਰ ਕੋਈ ਚਾਹੁੰਦਾ ਹੈ ਵੱਡਾ ਬਣਨਾ, ਵੱਡੇ-ਵੱਡੇ ਮਹਿਲ, ਕੋਠੀਆਂ ਵਿੱਚ ਰਹਿਣਾ। ਵੱਡੀਆਂ ਗੱਡੀਆਂ ਵਿੱਚ ਘੁੰਮਣਾ। ਕਲੱਬਾਂ, ਪਾਰਟੀਆਂ ਵਿੱਚ ਸ਼ਮੂਲੀਅਤ ਕਰ ਕੇ ਆਪਣਾ ਰੁਤਬਾ ਬਣਾਉਣਾ।

ਯਾਦ ਆ ਰਹੀ ਹੈ ਉਨ੍ਹਾਂ ਦਿਨਾਂ ਦੀ ਜਦੋਂ ਵਿਹੜਿਆਂ ਵਿੱਚ ਨਿੰਮ ਦੇ ਰੁੱਖ ਦੀ ਛਾਂ ਵਿੱਚ ਮੰਜੇ ਡਾਹ ਕੇ ਬੈਠ ਕੇ ਰੌਣਕਾਂ ਲਾਉਂਦੇ ਸਨ। ਸਭ ਨੇ ਇਕੱਠੇ ਬੈਠ ਕੇ ਖਾਣਾ ਪੀਣਾ। ਉਨ੍ਹਾਂ ਹੀ ਮੰਜਿਆਂ ’ਤੇ ਪਏ ਦੋ ਘੜੀ ਸੁਸਤਾ ਲੈਣਾ, ਫਿਰ ਆਪਣੇ ਕੰਮਕਾਰ ਵਿੱਚ ਜੁਟ ਜਾਣਾ। ਮਰਦ ਸਣ ਦੀਆਂ ਰੱਸੀਆਂ ਵੱਟਦੇ ਜਾਂ ਬਾਣ ਦੇ ਮੰਜੇ ਬੁਣਦੇ। ਸੁਆਣੀਆਂ ਚਰਖ਼ੇ ਕੱਤਦੀਆਂ, ਅੱਡਿਆਂ ’ਤੇ ਨਾੜੇ, ਦਰੀਆਂ ਬੁਣਦੀਆਂ। ਕੋਈ ਧੀ ਰਾਣੀ ਬਹਿ ਖੱਦਰ, ਕੇਸਮਿੰਟ ’ਤੇ ਕਢਾਈ ਕਰਦੀ। ਖਿੜ-ਖਿੜ ਹਾਸੇ ਹੱਸਦੀਆਂ ਧੀਆਂ ਦੀ ਆਪਣੀ ਹੀ ਸ਼ਾਨ ਹੁੰਦੀ ਸੀ।

ਇਕੱਠਿਆਂ ਬਹਿ ਕੇ ਉੱਥੇ ਹੀ ਸਭ ਨੇ ਮਿਲਜੁਲ ਕੇ ਖਾ ਪੀ ਲੈਣਾ। ਭੋਰਾ ਵੀ ਫ਼ਰਕ ਨਹੀਂ ਹੁੰਦਾ ਸੀ, ਕਿਸੇ ਦੇ ਦਿਲ ਵਿੱਚ ਕੋਈ ਹੇਰ ਫੇਰ ਨਹੀਂ ਸੀ। ਪਾਕਿ ਪਾਣੀਆਂ ਵਾਂਗ ਪਵਿੱਤਰ ਹੁੰਦੇ ਸਨ ਦਿਲ... ਸੱਚੀਆਂ ਮੁਹੱਬਤਾਂ ਦੀਆਂ ਡੋਰਾਂ ਨਾਲ ਬੰਨ੍ਹੇ ਹੋਏ। ਜਦੋਂ ਬਰਸਾਤੀ ਮੌਸਮ ਹੋਣਾ ਤਾਂ ਘਰੀਂ ਗੁਲਗਲੇ, ਕਚੌਰੀਆਂ ਬਣਨੀਆਂ। ਛਮ-ਛਮ ਵਰ੍ਹਦੇ ਮੀਂਹ ਵਿੱਚ ਵਿਹੜਿਆਂ ਵਿੱਚ ਨੱਚਣ ਲੱਗ ਜਾਣਾ। ਕੱਚੇ ਵਿਹੜੇ ਮਾਂ ਨੇ ਰੌਲਾ ਪਾਉਣਾ, ‘ਨੀਂ ਕੁੜੀਓ! ਲੱਤ, ਗੋਡੇ ਨਾ ਤੁੜਵਾ ਲਿਓ। ਬਹਿ ਜੋ ਟਿਕ ਕੇ...’’
ਬਾਪੂ ਜੀ ਨੇ ਕਹਿਣਾ, ‘‘ਇਹ ਮੀਂਹ ਦਾ ਪਾਣੀ ਤਾਂ ਪੁੱਤ ਅੰਮ੍ਰਿਤ ਹੈ। ਫ਼ਸਲਾਂ ਲਈ ਨਿਰ੍ਹਾ ਰੇਹ ਆ।’’

ਤੀਆਂ ਲਾਉਣੀਆਂ, ਪੀਂਘਾਂ ਚੜ੍ਹਾਉਣੀਆਂ। ਗਿੱਧੇ ਪਾਉਣੇ, ਬਿਰਹੇ ਗਾਉਣੇ... ਕਿੰਨੇ ਸੋਹਣੇ ਦਿਨ ਸਨ ਬਹਾਰਾਂ ਵਰਗੇ। ਭੋਲੇ ਭਾਲੇ ਦਿਲਾਂ ਵਾਲੇ ਸ਼ਰੀਫ਼ ਲੋਕ ਵਿਤਕਰਿਆਂ, ਨਫ਼ਰਤਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਸਾਂਝ ਪਿਆਰ ਦੇ ਝਰ ਝਰ ਵਗਦੇ ਨਿਰਮਲ-ਨਿਰਛਲ ਝਰਨਿਆਂ ਵਰਗੇ। ਬਾਣੀਏ ਦਾ ਕਥਨ ਵੀ ਹੈ ਕਿ ...ਜਿਹੋ ਜਿਹਾ ਵਿਹਾਰ ਓਹੋ ਜਿਹਾ ਪਿਆਰ। ਉਨ੍ਹਾਂ ਦਾ ਕਹਿਣਾ ਏਂ, ਬਈ ਜੇ ਵਰਤੋਂ ਵਿਹਾਰ ਚੰਗਾ ਹੈ ਤਾਂ ਹੀ ਪਿਆਰ ਉਪਜਦਾ ਹੈ। ਚੰਗੇ ਵਿਹਾਰ ਵਿੱਚੋਂ ਪੁੰਗਰਿਆ ਪਿਆਰ ਹੀ ਸਭ ਨੂੰ ਰਿਸ਼ਤਿਆਂ ਦੀ ਡੋਰ ਨਾਲ ਬੰਨ੍ਹ ਕੇ ਰੱਖਦਾ ਹੈ। ਬੰਦੇ ਦਾ ਸੱਚਾ-ਸੁੱਚਾ ਕਿਰਦਾਰ ਹੀ ਉਸ ਦੇ ਵਿਹਾਰ ਦੀ ਹਾਮੀ ਭਰਦਾ ਹੈ, ਪਰ ਹੁਣ ਸਭ ਕੁਝ ਬਦਲ ਤੇ ਵਿਸਰ ਗਿਆ। ਸਾਂਝੇ ਚੁੱਲ੍ਹੇ ਇੱਕ ਚੁੱਲ੍ਹੇ ਵਿੱਚ ਬਦਲ ਗਏ। ਹੁਣ ਤਾਂ ਮਾਪੇ ਹੀ ਚਾਹੁੰਦੇ ਨੇ ਧੀ ਦੇ ਪਰਿਵਾਰ ਵਿੱਚ ਬਸ ਇਕੱਲਾ ਲੜਕਾ ਹੀ ਹੋਵੇ। ਉਹ ਨਹੀਂ ਚਾਹੁੰਦੇ ਧੀਆਂ ਨੂੰ ਕੰਮ ਕਰਨੇ ਪੈਣ। ਪਹਿਲਾਂ ਸਮੇਂ ਹੋਰ ਸਨ, ਹੱਥੀਂ ਕਿਰਤ ਕਰਕੇ ਜੋ ਸੰਤੁਸ਼ਟੀ ਮਿਲਦੀ ਸੀ, ਉਹ ਅਸੀਮ ਸੀ। ਪਿੰਡਾਂ ਦੀ ਆਬੋ ਹਵਾ ਦਾ ਆਪਣਾ ਹੀ ਇੱਕ ਸੁਖ਼ਦ ਅਹਿਸਾਸ ਸੀ। ਸਾਫ਼ ਸੁਥਰਾ ਵਾਤਾਵਰਨ।।ਹੁਣ ਸ਼ਹਿਰਾਂ ਦੀ ਭੀੜ ਵਿੱਚ ਪ੍ਰਦੂਸ਼ਣ ਕਾਰਨ ਸਾਹ ਲੈਣਾ ਵੀ ਔਖਾ।
ਬੜੀ ਯਾਦ ਆਉਂਦੀ ਹੈ ਪਿੰਡਾਂ ਦੀ ਰੌਣਕ... ਕਦੇ ਗਾਉਂਦੇ ਹੁੰਦੇ ਸਾਂ;

ਆਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ।
ਖੇਤਾਂ ਵਿੱਚ ਨੱਚਦੀ ਬਹਾਰ ਵੇਖ ਲੈ।

ਸੱਚਮੁੱਚ, ਕਿੰਨੇ ਖੁਸ਼ਹਾਲੀ ਭਰੇ ਦਿਨ ਹੁੰਦੇ ਸਨ। ਹਰ ਪਾਸੇ ਸੁੱਖ ਸ਼ਾਂਤੀ, ਸਬਰ-ਸੰਤੋਖ, ਪਿਆਰ-ਦੁਲਾਰ, ਖ਼ੁਸ਼ੀਆਂ-ਖੇੜਿਆਂ ਦਾ ਜਿਵੇਂ ਮੀਂਹ ਵਰ੍ਹਦਾ ਸੀ। ਰੁੱਖੀ ਸੁੱਕੀ ਖਾ ਕੇ ਵੀ ਸਭ ਖ਼ੁਸ਼ ਸਨ। ਪ੍ਰਾਹੁਣੇ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਦਿਲ ਜਾਨ ਤੋਂ ਸੇਵਾ ਕੀਤੀ ਜਾਂਦੀ ਸੀ। ਤੀਆਂ ਵਰਗੇ ਦਿਨ ਹੁੰਦੇ ਸਨ। ਹੁਣ ਪ੍ਰਾਹੁਣੇ ਨੂੰ ਵੇਖ ਮੱਥੇ ਵੱਟ ਪੈ ਜਾਂਦੇ ਨੇ। ਹੁਣ ਸੇਵਾ ਕੌਣ ਕਰਨੀ ਚਾਹੁੰਦਾ ਹੈ, ਜਦੋਂ ਆਪ ਹੀ ਬਾਹਰੋਂ ਮੰਗਵਾ ਕੇ ਖਾਂਦੇ ਨੇ। ਹੁਣ ਘਰਦੀਆਂ ਦਾਲਾਂ ਰੋਟੀਆਂ ਕਿਸੇ ਨੂੰ ਚੰਗੀਆਂ ਹੀ ਨਹੀਂ ਲੱਗਦੀਆਂ। ਸਮੇਂ ਦਾ ਰੁਖ਼ ਹੀ ਬਦਲ ਗਿਆ ਹੈ। ਹੁਣ ਘਰਾਂ ਦੀ ਸਾਂਭ-ਸੰਭਾਲ ਕਰਨ ਦੀ ਬਜਾਏ ਔਰਤਾਂ ਕਿੱਟੀ ਪਾਰਟੀਆਂ, ਪੱਬਾਂ ਅਤੇ ਕਲੱਬਾਂ ਵਿੱਚ ਜਾਣ ਨੂੰ ਤਰਜੀਹ ਦਿੰਦੀਆਂ ਹਨ। ਜੀਵਨ ਦੇ ਹਰ ਰੰਗ ਵਿੱਚ ਹੀ ਫ਼ਰਕ ਪੈ ਗਿਆ ਹੈ।

ਜੇ ਹੁਣ ਦੇ ਸਮੇਂ ਨੂੰ ਦੇਖੀਏ ਤਾਂ ਸੋਸ਼ਲ ਮੀਡੀਆ ਦੇ ਚੱਕਰਵਿਊ ਵਿੱਚ ਹੀ ਸਾਰੇ ਫਸ ਕੇ ਰਹਿ ਗਏ ਹਨ। ਇਸ ਚਕਾਚੌਂਧ ਨੇ ਨਵੀਂ ਪੀੜ੍ਹੀ ਦੀਆਂ ਰਾਹਾਂ ਬਿਲਕੁਲ ਬਦਲ ਦਿੱਤੀਆਂ ਹਨ। ਸਾਰਾ ਦਿਨ ਮੋਬਾਈਲ ’ਤੇ ਰੀਲਾਂ ਚਲਦੀਆਂ ਹਨ। ਨੈੱਟ ਫਲਿਕਸ ’ਤੇ ਫਿਲਮਾਂ ਚੱਲਦੀਆਂ ਹਨ। ਲੋਕ ਸੈਲਫੀਆਂ ਖਿੱਚਦੇ ਖਿੱਚਦੇ ਜਾਨਾਂ ਵੀ ਗੁਆ ਬੈਠਦੇ ਹਨ। ਰਿਸ਼ਤੇ ਟੁੱਟ ਰਹੇ ਹਨ, ਘਰ ਟੁੱਟ ਰਹੇ ਹਨ। ਹਰ ਬੰਦਾ ਆਪਣੇ ਕਮਰੇ ਵਿੱਚ ਮੋਬਾਈਲ ਲੈ ਕੇ ਬੈਠਾ ਹੈ। ਕਿਸੇ ਨਾਲ ਕੋਈ ਗੱਲਬਾਤ ਨਹੀਂ... ਹੱਥੀਂ ਮੋਬਾਈਲ ਤੇ ਪੂਰੇ ਘਰ ਵਿੱਚ ਖਾਮੋਸ਼ੀ। ਅਸੀਂ ਕਿੱਧਰ ਤੁਰ ਪਏ ਹਾਂ। ਪਿਛਲੇ ਦਿਨੀਂ ਕਲਕੱਤੇ ਤੇ ਦਿੱਲੀ ਜਿਹੇ ਸ਼ਹਿਰਾਂ ਵਿੱਚ ਰੀਲਾਂ ਬਣਾਉਣ ਵਾਲੀਆਂ ਦੋ ਪਤਨੀਆਂ ਦੇ ਪਤੀਆਂ ਨੇ ਉਨ੍ਹਾਂ ਦੇ ਕਤਲ ਕਰ ਦਿੱਤੇ। ਅਸੀਂ ਕਿਉਂ ਅਜਿਹੀਆਂ ਗ਼ਲਤ ਗੱਲਾਂ ਅਪਣਾ ਲਈਆਂ। ਹੁਣ ਇਹ ਆਖਣ ਨੂੰ ਦਿਲ ਕਰਦਾ ਹੈ;

ਪੁਰਾਣਾ ਪੰਜਾਬ ਹੁਣ ਕਿੱਥੇ
ਮਿੱਠੀ ਆਵਾਜ਼ ਹੁਣ ਕਿੱਥੇ
ਉਹ ਸੇਵਾ, ਪਿਆਰ ਹੁਣ ਕਿੱਥੇ।
ਸੁੱਖਾਂ ਦਾ ਸੰਸਾਰ ਹੁਣ ਕਿੱਥੇ।
ਆ ਗਏ ਹੁਣ ਮੋਬਾਈਲ ਖਿਡੌਣੇ
ਕਿੱਥੇ, ਗਿੱਧੇ ਭੰਗੜੇ ਹੋਣੇ।
ਰੀਲਾਂ ਬਣਾ ਬਣਾ ਝੱਲੇ ਹੋਏ
ਸਾਰੇ ਕੰਮ ਅੱਜ ਅਵੱਲੇ ਹੋਏ

ਹੁਣ ਉਹ ਰੰਗਲਾ ਸਮਾਂ ਨਹੀਂ ਰਿਹਾ। ਹਰ ਰੰਗ ਹੀ ਬਦਲ ਗਿਆ ਹੈ। ਲੋਕ ਬਦਲ ਗਏ, ਰਿਸ਼ਤੇ ਬਦਲ ਗਏ, ਮਿਲਵਰਤਣ ਬਦਲ ਗਏ, ਖਾਣ-ਪੀਣ, ਪਹਿਨਣ-ਓਢਣ ਸਭ ਬਦਲ ਗਿਆ। ਇਸਦੇ ਨਾਲ ਹੀ ਕੁਦਰਤ ਬਦਲ ਗਈ, ਮੌਸਮ ਬਦਲ ਗਏ।

ਹੁਣ ਦੇ ਬਰਸਾਤੀ ਮੌਸਮ ਦੀ ਤਬਾਹੀ ਪੰਜਾਬ ਦੀਆਂ ਪੈਲੀਆਂ ਵਿੱਚ ਪੀੜਾਂ ਪਰੁੰਨ ਚੁੱਕੀ ਹੈ। ਸੱਧਰਾਂ ਮਰ ਗਈਆਂ ਹਨ, ਦਿਲਾਂ ਵਿੱਚ ਪੁੰਗਰੇ ਆਸਾਂ ਦੇ ਬੀਜ ਵਹਿੰਦੇ ਪਾਣੀਆਂ ਵਿੱਚ ਵਹਿ ਗਏ ਹਨ... ਝੂਮਦੀਆਂ ਫ਼ਸਲਾਂ ਦੇ ਸੀਨਿਆਂ ’ਤੇ ਰੇਤ ਦੇ ਸੱਥਰ ਵਿਛ ਗਏ ਹਨ। ਪਲਾਂ ਵਿੱਚ ਸਭ ਕੁਝ ਬਦਲ ਗਿਆ ਹੈ... ਸਮਾਂ ਹੱਥੋਂ ਫਿਸਲ ਗਿਆ ਹੈ। ਹੜ੍ਹ ਦੇ ਪਾਣੀ ਕਾਰਨ ਲੋਕਾਂ ਦੇ ਘਰ ਢਹਿ ਢੇਰੀ ਹੋ ਗਏ, ਮੱਝਾਂ-ਗਾਵਾਂ, ਸੰਦ ਸੰਦੌਲੇ ਸਭ ਪਾਣੀ ਦੀ ਭੇਟ ਚੜ੍ਹ ਗਏ। ਪਰਿਵਾਰਾਂ ਦੇ ਪਰਿਵਾਰ ਉੱਜੜ ਗਏ। ਕਿੰਨਾ ਮੁਸ਼ਕਿਲ ਹੈ ਵਾਰ-ਵਾਰ ਉੱਜੜ ਕੇ ਵੱਸਣਾ...! ਉਹੀ ਜਾਣ ਸਕਦੇ ਨੇ ਜਿਨ੍ਹਾਂ ’ਤੇ ਬੀਤਦੀ ਹੈ। ਜਿਸ ਤਨ ਲੱਗੇ, ਸੋ ਤਨ ਜਾਣੇ।

ਸਾਡੀਆਂ ਸੋਚਾਂ ਦੇ ਬਦਲਣ ਦੇ ਨਾਲ-ਨਾਲ ਕੁਦਰਤ ਤੇ ਮੌਸਮਾਂ ਨੇ ਵੀ ਆਪਣੀ ਚਾਲ ਬਦਲ ਲਈ ਹੈ। ਅਸੀਂ ਕੁਦਰਤ ਨੂੰ ਆਪਣੇ ਮੇਚ ਦੀ ਬਣਾਉਂਦੇ-ਬਣਾਉਂਦੇ ਉਹਦੇ ਰੰਗਾਂ ਨੂੰ ਬਦਰੰਗ ਬਣਾ ਦਿੱਤਾ ਹੈ, ਜਿਸ ਦਾ ਖਮਿਆਜ਼ਾ ਹੁਣ ਅਸੀਂ ਸਾਰੇ ਭੁਗਤ ਰਹੇ ਹਾਂ। ਪਹਾੜਾਂ ਨੂੰ ਕੱਟ-ਕੱਟ ਕੇ ਬਣਾਏ ਵੱਡੇ-ਵੱਡੇ ਹਾਈ-ਵੇ ਹੁਣ ਮਨੁੱਖਤਾ ਲਈ ਸਰਾਪ ਬਣ ਗਏ ਹਨ। ਪ੍ਰਸ਼ਾਸਕੀ ਖ਼ਾਮੀਆਂ ਵੀ ਮਨੁੱਖਤਾ ਨੂੰ ਢਾਹ ਲਾਉਂਦੀਆਂ ਹਨ। ਡਰੇਨਜ਼ ਵਿਭਾਗ ਤੇ ਹੋਰ ਸਾਰੇ ਵਿਭਾਗ ਆਪਣੇ-ਆਪਣੇ ਕੰਮ ਜ਼ਿੰਮੇਵਾਰੀ ਨਾਲ ਜੇ ਸਮੇਂ -ਸਮੇਂ ਸਿਰ ਨਿਭਾਉਂਦੇ ਜਾਣ ਤਾਂ ਰਾਹਾਂ ਸੁਖਾਲੀਆਂ ਹੋ ਜਾਣ। ਜਿੱਥੇ-ਜਿੱਥੇ ਜ਼ਰੂਰੀ ਸਨ ਨਦੀਆਂ ’ਤੇ ਬੰਨ੍ਹ ਲਗਾਉਣੇ, ਨਦੀਆਂ, ਨਾਲਿਆਂ ਦੀਆਂ ਸਫ਼ਾਈਆਂ, ਪਾਣੀਆਂ ਦੇ ਖ਼ਦਸ਼ਿਆਂ ਨੂੰ ਵੇਖਦੇ ਹੋਏ ਉਚੇਚੇ ਪ੍ਰਬੰਧ ਕਰਨੇ, ਜੇ ਇਹ ਸਮਾਂ ਰਹਿੰਦੇ ਸਭ ਕੁਝ ਹੋ ਜਾਂਦਾ ਤਾਂ ਬਰਬਾਦੀਆਂ ਦਾ ਇਹ ਮੰਜ਼ਰ ਨਾ ਦੇਖਣਾ ਪੈਂਦਾ।



ਯਾਦ ਆ ਰਹੀ ਹੈ ਉਨ੍ਹਾਂ ਦਿਨਾਂ ਦੀ ਜਦੋਂ ਵਿਹੜਿਆਂ ਵਿੱਚ ਨਿੰਮ ਦੇ ਰੁੱਖ ਦੀ ਛਾਂ ਵਿੱਚ ਮੰਜੇ ਡਾਹ ਕੇ ਬੈਠ ਕੇ ਰੌਣਕਾਂ ਲਾਉਂਦੇ ਸਨ। ਸਭ ਨੇ ਇਕੱਠੇ ਬੈਠ ਕੇ ਖਾਣਾ ਪੀਣਾ। ਉਨ੍ਹਾਂ ਹੀ ਮੰਜਿਆਂ ’ਤੇ ਪਏ ਦੋ ਘੜੀ ਸੁਸਤਾ ਲੈਣਾ, ਫਿਰ ਆਪਣੇ ਕੰਮਕਾਰ ਵਿੱਚ ਜੁਟ ਜਾਣਾ। ਮਰਦ ਸਣ ਦੀਆਂ ਰੱਸੀਆਂ ਵੱਟਦੇ ਜਾਂ ਬਾਣ ਦੇ ਮੰਜੇ ਬੁਣਦੇ। ਸੁਆਣੀਆਂ ਚਰਖ਼ੇ ਕੱਤਦੀਆਂ, ਅੱਡਿਆਂ ’ਤੇ ਨਾੜੇ, ਦਰੀਆਂ ਬੁਣਦੀਆਂ। ਕੋਈ ਧੀ ਰਾਣੀ ਬਹਿ ਖੱਦਰ, ਕੇਸਮਿੰਟ ’ਤੇ ਕਢਾਈ ਕਰਦੀ। ਖਿੜ-ਖਿੜ ਹਾਸੇ ਹੱਸਦੀਆਂ ਧੀਆਂ ਦੀ ਆਪਣੀ ਹੀ ਸ਼ਾਨ ਹੁੰਦੀ ਸੀ।

ਆਓ ਕੁਦਰਤ ਦੀ ਸਦਾ ਸੰਭਾਲ ਕਰੀਏ, ਉਹਦੀ ਸੁੰਦਰਤਾ ਨੂੰ ਬਰਕਰਾਰ ਰੱਖੀਏ। ਕੁਦਰਤ ਦੀ ਕਰੋਪੀ ਕਈ ਵਾਰ ਝੱਲ ਚੁੱਕੇ ਹਾਂ। 2020 ਵਿੱਚ ਵੀ ਕਰੋਨਾ ਦੀ ਮਾਰ ਸੰਸਾਰ ਨੂੰ ਸਹਿਣੀ ਪਈ।

ਉਦੋਂ ਜੋ ਸਥਿਤੀ ਪੂਰੇ ਜਗਤ ਦੀ ਹੋਈ, ਕਿਸੇ ਨੂੰ ਭੁੱਲੀ ਨਹੀਂ। ਸੋ ਆਓ ਕੁਦਰਤ ਨੂੰ ਸ਼ਿੰਗਾਰੀਏ, ਸੰਵਾਰੀਏ, ਬਹਾਰਾਂ ਖਿੜਾਈਏ ਤਾਂ ਕਿ ਸਾਰਾ ਆਲਾ ਦੁਆਲਾ ਸ਼ਾਂਤ, ਸੁਖਾਂਤ, ਖ਼ੁਸ਼ੀਆਂ-ਖੇੜਿਆਂ ਭਰਪੂਰ ਤੇ ਮਹਿਕਾਂ ਵੰਡਦਾ ਹੋਵੇ।

ਕਦਰਤ ਨੂੰ ਕੁਦਰਤ ਰਹਿਣ ਦਿਓ
ਨਾ ਇਹਨੂੰ ਬਰਬਾਦ ਕਰੋ।
ਰੱਬ ਦੀ ਬਖ਼ਸ਼ੀ ਇਹ ਦੌਲਤ
ਇਹਨੂੰ ਲੋਕੋ ਆਬਾਦ ਕਰੋ।

ਆਖ਼ਰ ਵਿੱਚ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪੰਜਾਬ ਬੜੀ ਵਾਰੀ ਬਰਬਾਦ ਹੋਇਆ ਤੇ ਮੁੜ-ਮੁੜ ਆਬਾਦ ਵੀ ਹੋਇਆ। ਪੰਜਾਬ ਜਿਊਂਦਾ ਏ ਗੁਰਾਂ ਦੇ ਨਾਮ ’ਤੇ। ਪੰਜਾਬੀਆਂ ਨੂੰ ਮਾਣ ਹੈ ਆਪਣੇ ਡੌਲਿਆਂ ’ਤੇ, ਆਪਣੀ ਫ਼ਰਾਖ ਦਿਲੀ ’ਤੇ, ਆਪਣੇ ਦਰਿਆ ਦਿਲਾਂ ’ਤੇ, ਆਪਣੇ ਉੱਚ ਇਰਾਦਿਆਂ ’ਤੇ, ਸੱਚੇ ਵਾਅਦਿਆਂ ’ਤੇ... ਇਹ ਹਾਰਦੇ ਨਹੀਂ... ਬੁਲੰਦ ਹੌਸਲੇ ਰੱਖਦੇ ਨੇ। ਇਨ੍ਹਾਂ ਦੀਆਂ ਆਸਾਂ ਦੇ ਆਸ਼ਿਆਨੇ ਫਿਰ ਤੋਂ ਉੱਸਰਨਗੇ, ਜਗਮਗਾਉਣਗੇ ਰੋਸ਼ਨੀਆਂ ਵੰਡਣਗੇ, ਮਨੁੱਖਤਾ ਦੇ ਭਲੇ ਲਈ ਫਿਰ ਤੋਂ ਡਟਣਗੇ... ਇਹ ਹਾਰਨਾ ਨਹੀਂ, ਜੇਤੂ ਬਣਨਾ ਜਾਣਦੇ ਨੇ। ਦਾਤਾ ਅੱਗੇ ਇਹੀ ਅਰਜ਼ ਕਰਾਂਗੀ;

ਬਦਲੇ ਨਾ ਕਦੇ ਮੌਸਮ
ਇੰਨਾ ਕਹਿਰ ਨਾ ਢਾਵੇ
ਬਰਬਾਦੀਆਂ ਨਾ ਏਦਾਂ
ਸੰਗ ਕਦੇ ਲਿਆਵੇ।
ਗੂੰਜਣ ਨਗ਼ਮੇ ਪਿਆਰਾਂ ਦੇ
ਪੌਣ ਵਗੇ ਮਤਵਾਲੀ
ਫੁੱਲਾਂ ਨਾਲ ਰਹਿਣ ਭਰੇ
ਹਰ ਰੁੱਖ ਤੇ ਡਾਲੀ।

# ਬਹੁਤ ਗੁਣਾਂ ਦਾ ਖ਼ਜ਼ਾਨਾ ਪਲਾਹ (ਢੱਕ) ਦਾ ਰੁੱਖ



ਡਾ. ਲਖਵੀਰ ਸਿੰਘ ਨਾਮਧਾਰੀ

ਪਲਾਹ, ਜਿਸਨੂੰ ਢੱਕ ਵੀ ਕਿਹਾ ਜਾਂਦਾ ਹੈ,ਦਾ ਰੁੱਖ ਜਿੱਥੇ ਭਾਰਤ ਦਾ ਵਿਰਾਸਤੀ ਅਤੇ ਪੁਰਾਤਨ ਰੁੱਖ ਹੈ, ਉੱਥੇ ਇਹ ਰੁੱਖ ਕੰਬੋਡੀਆ, ਇੰਡੋਨੇਸ਼ੀਆ, ਥਾਈਲੈਂਡ, ਜਪਾਨ, ਸ੍ਰੀ ਲੰਕਾ ਅਤੇ ਵੀਅਤਨਾਮ ਦਾ ਵੀ ਮੂਲ ਅਤੇ ਸਥਾਨਕ ਰੁੱਖ ਹੈ। ਦੱਖਣੀ ਪੂਰਬੀ ਏਸ਼ੀਆ ਦਾ ਇਹ ਮਸ਼ਹੂਰ ਰੁੱਖ ਸਾਡੇ ਪੰਜਾਬੀ ਸੱਭਿਆਚਾਰ ਦੀ ਰਗ ਰਗ ਵਿੱਚ ਵੀ ਪਰੋਇਆ ਹੋਇਆ ਹੈ। ਜਿੱਥੇ ਪੰਜਾਬ ਵਿੱਚ ਇਸ ਰੁੱਖ ਨੂੰ ਢੱਕ ਜਾਂ ਕੇਸੂ ਦਾ ਰੁੱਖ ਵੀ ਆਖਿਆ ਜਾਂਦਾ ਹੈ, ਉੱਥੇ ਇਸ ਨੂੰ ਹਿੰਦੀ ਵਿੱਚ ਙਾਕ, ਬੰਗਾਲੀ ਵਿੱਚ ਪਲਾਸ, ਮਰਾਠੀ ਵਿੱਚ ਪਲਸ, ਗੁਜਰਾਤੀ ਵਿੱਚ ਖਾਕਰੋਂ, ਥਾਈਲੈਂਡ ਵਿੱਚ ਥੌਂਗ ਕਵਾਓ, ਅੰਗਰੇਜ਼ੀ ਵਿੱਚ ਬਸਟਰਡ ਈਕ ਅਤੇ ਵਿਗਿਆਨਕ ਭਾਸ਼ਾ ਵਿੱਚ ਬਿਊਟੀਆ ਮੋਨੋਸਪਰਮਾ ਆਖਿਆ ਜਾਂਦਾ ਹੈ। ਆਪਣੇ ਅਮੀਰ ਗੁਣਾਂ ਅਤੇ ਖ਼ੂਬਸੂਰਤੀ ਕਰਕੇ ਇਹ ਰੁੱਖ ਲੋਕਾਂ ਵਿੱਚ ਅਤੇ ਬਨਸਪਤੀ ਵਿਗਿਆਨ ਵਿੱਚ ਆਪਣੀ ਵਿਸ਼ੇਸ਼ ਮਹੱਤਤਾ ਤੇ ਪਛਾਣ ਰੱਖਦਾ ਹੈ।

ਪਲਾਹ ਦਾ ਰੁੱਖ ਗਰਮ ਅਤੇ ਖੁਸ਼ਕ ਜਲਵਾਯੂ ਵਿੱਚ ਉੱਗਦਾ ਹੈ। ਇਸ ਰੁੱਖ ਦੀ ਉਚਾਈ ਲਗਭਗ 25 ਤੋਂ 30 ਫੁੱਟ ਅਤੇ ਇਸ ਦਾ ਤਣਾ ਮੋਟਾ ਅਤੇ ਵਿੰਗਾ ਟੇਢਾ ਹੀ ਹੁੰਦਾ ਹੈ। ਇਸ ਦੀ ਛਿੱਲ ਭੂਰੇ ਰੰਗ ਦੀ ਹੁੰਦੀ ਹੈ। ਪਲਾਹ ਦੇ ਰੁੱਖ ਦੀ ਲੱਕੜ ਬਹੁਤ ਮਜ਼ਬੂਤ ਹੁੰਦੀ ਹੈ ਜਿਹੜੀ ਖੂਹ ਦਾ ਚੱਕ ਪਾਉਣ ਲਈ ਵਰਤੀ ਜਾਂਦੀ ਰਹੀ ਹੈ ਜੋ ਗਲਦੀ ਨਹੀਂ ਸੀ। ਪਲਾਹ ਦੇ ਪੱਤੇ ਲਗਭਗ ਪੰਜ-ਛੇ ਇੰਚ ਲੰਮੇ ਅਤੇ ਤਿੰਨ-ਚਾਰ ਇੰਚ ਚੌੜੇ ਹੁੰਦੇ ਹਨ। ਇਸ ਦੇ ਪੱਤਿਆਂ ਦਾ ਆਕਾਰ ਵੱਡਾ ਅਤੇ ਪੱਤੇ ਵਿੱਚ ਲਚਕੀਲਾਪਣ ਅਤੇ ਮੋਟਾਈ ਹੋਣ ਕਰਕੇ ਇਸ ਦੇ ਡੋਨੇ ਅਤੇ ਪੱਤਲਾਂ ਬਣਾਈਆਂ ਜਾਂਦੀਆਂ ਹਨ। ਇਸ ਦੀਆਂ ਟਾਹਣੀਆਂ ਨੂੰ ਇਕੱਠੇ ਇੱਕੋ ਜਿਹੇ ਤਿੰਨ ਤਿੰਨ ਪੱਤੇ ਲੱਗਦੇ ਹਨ ਜਿਨ੍ਹਾਂ ਨੂੰ ਗ੍ਰੰਥਾਂ ਅਨੁਸਾਰ ਬ੍ਰਹਮਾ, ਵਿਸ਼ਨੂੰ, ਮਹੇਸ਼ ਦਾ ਰੂਪ ਮੰਨਿਆ ਜਾਂਦਾ ਹੈ।

ਪਲਾਹ ਦਾ ਫੁੱਲ ਝਾਰਖੰਡ ਦਾ ਰਾਸ਼ਟਰੀ ਫੁੱਲ ਹੈ। ਪਲਾਹ ਦਾ ਫੁੱਲ ਕੇਸੂ ਦੇ ਫੁੱਲਾਂ ਦੇ ਨਾਂ ਨਾਲ ਵੀ ਮਸ਼ਹੂਰ ਹੈ। ਇਸ ਦੇ ਖ਼ੂਬਸੂਰਤ ਫੁੱਲ ਦੂਰੋਂ ਜੰਗਲ ਵਿੱਚ ਰੁੱਖਾਂ ਦੇ ਝੁੰਡ ਵਿੱਚ ਇੰਝ ਦਿਖਾਈ ਦਿੰਦੇ ਹਨ ਜਿਵੇਂ ਜੰਗਲ ਨੂੰ ਅੱਗ ਲੱਗੀ ਹੋਵੇ। ਇਸੇ ਕਾਰਨ ਇਸ ਰੁੱਖ ਨੂੰ 'ਫੇਮ ਆਫ ਦਿ ਫੋਰੈਸਟ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕੇਸੂ ਦੇ ਫੁੱਲ ਡੇਢ ਤੋਂ ਦੋ ਇੰਚ ਲੰਮੇ ਬਿਲਕੁਲ ਤੋਤੇ ਦੀ ਚੁੰਝ ਵਾਂਗ ਹੁੰਦੇ ਹਨ। ਮਾਰਚ-ਅਪਰੈਲ ਵਿੱਚ ਪਲਾਹ ਫੁੱਲਾਂ ਦੇ ਗੁੱਛਿਆਂ ਨਾਲ ਭਰ ਜਾਂਦਾ ਹੈ ਜੋ ਸਾਡੇ ਪੰਜਾਬੀ ਸੱਭਿਆਚਾਰ ਦੀ ਰਗ ਰਗ ਵਿੱਚ ਪਰੋਏ ਹੋਏ ਹਨ। ਇਸ ਦੇ ਗੁਣਾਂ ਨੂੰ ਸਾਡੀਆਂ ਪੰਜਾਬੀ ਬੁਝਾਰਤਾਂ ਇੰਝ ਸਪੱਸ਼ਟ ਕਰਦੀਆਂ ਹਨ;

ਉੱਚੀ ਟਾਹਣੀ ਤੋਤਾ ਬੈਠਾ ਗਰਦਨ ਉਸ ਦੀ ਕਾਲੀ।

***

ਬੁੱਝੂਗਾ ਪੰਡਿਤ ਪਾਅਦਾ ਜਾਂ ਬੁੱਝੂਗਾ ਪਾਲੀ।

ਇਸ ਦੇ ਫੁੱਲਾਂ ਤੋਂ ਹੋਲੀ ਦੇ ਰੰਗ ਤਿਆਰ ਕੀਤੇ ਜਾਂਦੇ ਹਨ। ਕਾਫ਼ੀ ਲੋਕ ਇਸ ਦੇ ਫੁੱਲਾਂ ਦਾ ਸ਼ਰਬਤ ਜਾਂ ਗਰਮ ਜਲ ਵੀ ਤਿਆਰ ਕਰਕੇ ਪੀਂਦੇ ਹਨ। ਚਾਹ ਪੱਤੀ ਵਾਂਗ ਇਸ ਦੇ ਫੁੱਲ ਸੁਕਾ ਕੇ ਸਾਲੋ ਸਾਲ ਵਰਤੇ ਜਾ ਸਕਦੇ ਹਨ। ਝਾਰਖੰਡ ਵਿੱਚ ਇਨ੍ਹਾਂ ਦੇ ਫੁੱਲਾਂ ਦੀ ਸਬਜ਼ੀ ਵੀ ਬਣਾਈ ਜਾਂਦੀ ਹੈ। ਜਿੱਥੇ ਇਨ੍ਹਾਂ ਦੀ ਦਵਾਈਆਂ ਵਿੱਚ ਵਰਤੋਂ ਕੀਤੀ ਜਾਂਦੀ ਹੈ, ਉੱਥੇ ਇਤਿਹਾਸ ਵਿੱਚ ਇਹ ਜ਼ਿਕਰ ਵੀ ਆਉਂਦਾ ਹੈ ਕਿ ਜੰਗਾਂ ਯੁੱਧਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਖ਼ਮ ਕੇਸੂ ਦੇ ਫੁੱਲਾਂ ਨੂੰ ਉਬਾਲ ਕੇ ਉਸ ਦੇ ਪਾਣੀ ਨਾਲ ਧੋਤੇ ਜਾਂਦੇ ਸਨ। ਪਲਾਹ ਦੇ ਫੁੱਲਾਂ ਦੀ ਖ਼ੂਬਸੂਰਤੀ ਨੂੰ ਵੀ ਸਾਡੀਆਂ ਸੱਭਿਆਚਾਰਕ ਵੰਨਗੀਆਂ ਵਿੱਚ ਇੰਝ ਪਰੋਇਆ ਹੋਇਆ ਹੈ;

ਕਾਨ੍ਹ ਆਖਿਆ ਸਉਲਾ ਪੈ ਜਾਏ ਨਣਦ ਮੇਰੀ ਦਾ ਵੀਰਾ
ਕੇਸੂ ਦੇ ਫੁੱਲ ਫਿੱਕੇ ਜਾਪਣ ਵੇਖ ਓਸ ਦਾ ਚੀਰਾ।

ਮਹਾਂ ਕਵੀ ਕਾਲੀ ਦਾਸ ਨੇ ਪਲਾਹ ਦੇ ਰੁੱਖਾਂ ਦੀ ਤੁਲਨਾ ਲਾਲ ਕੱਪੜੇ ਪਾਈ ਖੜ੍ਹੀ ਨਵੀਂ ਵਿਆਹੀ ਵਹੁਟੀ ਨਾਲ ਕੀਤੀ ਹੈ। ਸੋਹਣ ਸਿੰਘ ਸੀਤਲ ਨੇ ਤਾਂ ਫੁੱਲਾਂ ਦੀ ਖ਼ੂਬਸੂਰਤੀ ਨੂੰ ਇੱਥੋਂ ਤੱਕ ਬਿਆਨ ਕਰ ਦਿੱਤਾ ਹੈ;

ਸ਼ੀਸ਼ੇ ਦਾ ਮੂੰਹ ਰੱਤਾ ਪੈ ਜਾਏ ਕੇਸੂ ਨਾਲੋਂ ਗੂੜ੍ਹਾ।
ਵੇਖ ਮੇਰੇ ਵੱਲ ਫਿੱਕਾ ਪੈ ਗਿਆ ਨਾਨਕਿਆਂ ਦਾ ਚੂੜਾ।

ਪ੍ਰਸਿੱਧ ਸੂਫ਼ੀ ਸ਼ਾਇਰ ਅਮੀਰ ਖੁਸਰੋ ਨੇ ਪਲਾਹ ਦੇ ਫੁੱਲਾਂ ਦੀ ਤੁਲਨਾ ਖੂਨ ਨਾਲ ਲਿੱਬੜੇ ਸ਼ੇਰ ਦੇ ਪੰਜੇ ਨਾਲ ਕੀਤੀ ਹੈ। ਪੁਰਾਤਨ ਸਮੇਂ ਵਿੱਚ ਸਾਡੇ ਵਿਰਸੇ ਦਾ ਅਟੁੱਟ ਅੰਗ ਰਹੀਆਂ ਸਾਡੀਆਂ ਬੁਝਾਰਤਾਂ ਵਿੱਚ ਵੀ ਇਸ ਦੇ ਵੱਡੇ ਅਤੇ ਸੋਹਣੇ ਫੁੱਲਾਂ ਦਾ ਜ਼ਿਕਰ ਇੰਝ ਮਿਲਦਾ ਹੈ;

ਐਡਾ ਵੱਡਾ ਫੁੱਲ ਕੇਸੂ ਦਾ ਉਹਦੀ ਗੂੜ੍ਹੀ ਗੂੜ੍ਹੀ ਛਾਂ।
ਛਾਵੇਂ ਬੈਠੀ ਕੱਤਣ ਨੂੰ ਪੂਣੀ ਲੈ ਗਿਆ ਕਾਂ।
ਕਾਵਾਂ ਕਾਵਾਂ ਮੈਨੂੰ ਪੂਣੀ ਦੇਜਾ
ਨਾਲੇ ਦੱਸ ਬ੍ਰਿਛ ਦਾ ਨਾਂ। (ਪਲਾਹ ਦਾ ਰੁੱਖ)

ਕਬਾਇਲੀ ਇਲਾਕੇ ਦੀਆਂ ਔਰਤਾਂ ਪਲਾਹ ਦੇ ਫੁੱਲ ਖ਼ੂਬਸੂਰਤੀ ਲਈ ਆਪਣੇ ਸਿਰ ਦੇ ਵਾਲਾਂ ਅਤੇ ਜੂੜੇ ਵਿੱਚ ਸ਼ਿੰਗਾਰ ਵਜੋਂ ਟੰਗਦੀਆਂ ਹਨ। ਸਾਡੇ ਪੰਜਾਬੀ ਸੱਭਿਆਚਾਰ ਦੀਆਂ ਪੁਰਾਤਨ ਗੀਤਾਂ ਅਤੇ ਬੋਲੀਆਂ ਵਿੱਚ ਵੀ ਇਸ ਫੁੱਲ ਦਾ ਜ਼ਿਕਰ ਹੈ। ਇਨ੍ਹਾਂ ਗੀਤਾਂ ਨੂੰ ਦੋ ਜਾਂ ਦੋ ਤੋਂ ਜ਼ਿਆਦਾ ਔਰਤਾਂ ਦਾ ਗਰੁੱਪ ਖ਼ੁਸ਼ੀ ਦੇ ਪਲਾਂ ਵਿੱਚ ਮਿਲ ਕੇ ਗਾਉਂਦਾ ਹੈ। ਲੰਮੀ ਹੇਕ ਨਾਲ ਔਰਤਾਂ ਸਵਾਲ ਕਰਦੀਆਂ ਹਨ ਅਤੇ ਦੋ ਜਾਂ ਜ਼ਿਆਦਾ ਔਰਤਾਂ ਦੇ ਗਰੁੱਪ ਵੱਲੋਂ ਇਕੱਠੀਆਂ, ਲੰਮੀ ਹੇਕ ਨਾਲ ਹੀ ਜਵਾਬ ਦੇ ਰੂਪ ਵਿੱਚ ਅਜਿਹੀਆਂ ਲੋਕ ਬੋਲੀਆਂ ਗਾਈਆਂ ਜਾਂਦੀਆਂ ਹਨ;

ਦੋ ਔਰਤਾਂ ਦਾ ਸਵਾਲ- ਜੜ ਬੱਗੀ ਫੁੱਲ ਕੇਸਰੀ ਚਤਰੇ ਬਿਨ ਪੱਤਿਆਂ ਦੇ ਛਾਂ।
ਜੇ ਤੂੰ ਐਡੀ ਚਤਰ ਹੈਂ ਕੋਈ ਦਸ ਫੁੱਲਾਂ ਦਾ ਨਾਂ।

ਦੂਸਰੀਆਂ ਔਰਤਾਂ ਦੇ ਗਰੁੱਪ ਵੱਲੋਂ ਜਵਾਬ ਦਿੱਤਾ ਜਾਂਦਾ ਹੈ;

ਜੜ ਬੱਗੀ ਫੁੱਲ ਕੇਸਰੀ ਚਤਰੇ ਬਿਨ ਪੱਤਿਆਂ ਦੇ ਛਾਂ।
ਮੈਂ ਤਾਂ ਏਡੀ ਚਤਰ ਹਾਂ ਕੋਈ ਕੇਸੂ ਫੁੱਲਾਂ ਦਾ ਨੀਂ ਅੰਤੋ ਪਿਆਰੀਏ ਨਾਂ।

ਪਲਾਹ ਦੇ ਰੁੱਖ ਨੂੰ ਜਿੱਥੇ ਭਾਰਤ ਵਿੱਚ ਆਮ ਬੋਲਚਾਲ ਦੀ ਬੋਲੀ ਵਿੱਚ ਢਾਕ ਜਾਂ ਪਲਾਸ ਦਾ ਰੁੱਖ ਕਿਹਾ ਜਾਂਦਾ ਹੈ, ਉੱਥੇ ਪੰਜਾਬੀ ਬੋਲੀ ਵਿੱਚ ਵੀ ਇਸ ਰੁੱਖ ਨੂੰ ਪਲਾਹ ਦੇ ਨਾਲ ਨਾਲ ਢੱਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਾਡੇ ਪੰਜਾਬੀ ਸੱਭਿਆਚਾਰ ਵਿੱਚ ਢੱਕ ਨਾਂ ਹੇਠ ਵੀ ਬਾਤਾਂ, ਬੋਲੀਆਂ ਤੇ ਗੀਤ ਮਿਲਦੇ ਹਨ। ਪੁਰਾਤਨ ਸਮੇਂ ਤੋਂ ਹੁਣ ਤੱਕ ਜਦੋਂ ਕੁੜੀ ਵਿਆਹ ਸਮੇਂ ਆਪਣੇ ਸਹੁਰੇ ਘਰ ਜਾਂਦੀ ਹੈ ਤਾਂ ਜਿੱਥੇ ਡੋਲੀ ਤੋਰਨ ਵੇਲੇ ਪਰਿਵਾਰ ਦੀਆਂ ਅੱਖਾਂ ਵਿੱਚੋਂ ਹੰਝੂ ਵਗਦੇ ਹਨ, ਉੱਥੇ ਸਾਡਾ ਆਲਾ ਦੁਆਲਾ, ਪਸ਼ੂ, ਪੰਛੀ, ਫੁੱਲ, ਬੂਟੇ ਵਿਛੋੜੇ ਦਾ ਅਹਿਸਾਸ ਕਰਦੇ ਹਨ ਜਿਨ੍ਹਾਂ ਨੂੰ ਉਹ ਪਾਣੀ ਪਾਉਂਦੀ ਸੀ, ਜਿਨ੍ਹਾਂ ਦੇ ਫਲ ਤੋੜਦੀ ਸੀ ਤੇ ਜਿਨ੍ਹਾਂ ਵਿਚਕਾਰ ਉਹ ਰਹਿੰਦੀ ਸੀ। ਸਾਡੀਆਂ ਲੋਕ ਵੰਨਗੀਆਂ ਵਿੱਚ ਢੱਕ ਦੇ ਰੁੱਖ ਨਾਲ ਲੜਕੀ ਦੇ ਪਿਆਰ ਦਾ ਵਰਣਨ ਇੰਝ ਕੀਤਾ ਮਿਲਦਾ ਹੈ;

ਅੱਕ, ਢੱਕ ਤੇ ਕਰੀਰ, ਜੰਡ, ਬੇਰੀਆਂ।
ਤੁਰ ਗਈ ਨੂੰ ਰੁੱਖ ਰੋਣਗੇ।
ਨੀਂ ਜਿੰਦੇ ਮੇਰੀਏ ...

ਪੁਰਾਤਨ ਸਮੇਂ ਵਿੱਚ ਰਾਤਾਂ ਨੂੰ ਦਾਦਾ-ਦਾਦੀ ਬੱਚਿਆਂ ਨੂੰ ਬੁਝਾਰਤਾਂ ਪਾਉਂਦੇ, ਰਾਜੇ-ਰਾਣੀਆਂ ਦੀਆਂ ਰੌਚਕਤਾ ਭਰਪੂਰ, ਸਿੱਖਿਆਦਾਇਕ ਕਹਾਣੀਆਂ ਸੁਣਾਉਂਦੇ। ਬੱਚਿਆਂ ਨੂੰ ਸੁਣਾਉਣ ਵਾਲੀਆਂ ਰੌਚਕਤਾ ਭਰਪੂਰ ਕਹਾਣੀਆਂ ਵਿੱਚ ਵੀ ਢੱਕ ਦੇ ਰੁੱਖ ਦਾ ਜ਼ਿਕਰ ਇਸ ਲੋਕ ਕਾਵਿ ਵਿੱਚ ਮਿਲਦਾ ਹੈ;

ਅੱਕ ਢੱਕ ਦੀ ਗੱਡੀ ਬਣਾਈ ਬਲਦ ਜੋੜ ਲਏ ਡੱਡੂ।
ਰਾਜੇ ਸਹੁਰੇ ਨੇ ਬੈਲ ਚਰਾਏ ਖ਼ੂਬ ਲੜਾਈ ਲੱਗੂ।

ਸਾਡੇ ਪਰਿਵਾਰਕ-ਸਮਾਜਿਕ ਰਿਸ਼ਤੇ ਨਾਤਿਆਂ ਵਿੱਚ ਪਿਆਰ, ਨਖਰੇ, ਸੁਹੱਪਣ, ਰੁਮਾਂਸ, ਨੋਕ ਝੋਕ ਰਾਹੀਂ ਵੀ ਰੁੱਖਾਂ ਨਾਲ ਪੀਢੀ ਸਾਂਝ ਸਾਡੀਆਂ ਸੱਭਿਆਚਾਰਕ ਬੋਲੀਆਂ ਵਿੱਚੋਂ ਸਪੱਸ਼ਟ ਹੁੰਦੀ ਹੈ ਜਿਸ ਵਿੱਚ ਢੱਕ ਦੇ ਰੁੱਖ ਦਾ ਵੀ ਅਜਿਹਾ ਵਰਣਨ ਮਿਲਦਾ ਹੈ;

ਅੱਕ ਦੀ ਜੜ ਵਿੱਚ ਢੱਕ ਸੁਣੀਂਦਾ,
ਢੱਕ ਦੀ ਜੜ ਵਿੱਚ ਗੋਭੀ।
ਮੜਕ ਬਥੇਰੀ ਸੀ, ਕਾਲੇ ਰੰਗ ਨੇ ਡੋਬੀ।

ਗੁਰੂ ਗ੍ਰੰਥ ਸਾਹਿਬ ਵਿੱਚ ਵੀ ਢਾਕ ਪਲਾਸ ਦੇ ਇਸ ਰੁੱਖ ਦਾ ਜ਼ਿਕਰ ਮਿਲਦਾ ਹੈ ਜਿੱਥੇ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਢਾਕ ਪਲਾਸ ਦੇ ਰੁੱਖ ਦਾ ਵਰਣਨ ਕਰਦੇ ਹਨ, ਉੱਥੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਅਤੇ ਭਗਤ ਕਬੀਰ ਜੀ ਨੇ ਢਾਕ ਪਲਾਸ ਦੇ ਰੁੱਖਾਂ ਦਾ ਵਰਣਨ ਕੀਤਾ ਹੈ। ਭਗਤ ਕਬੀਰ ਜੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਕ ਪਲਾਸ ਦੇ ਰੁੱਖ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ;

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਕਸੂਦੜਾਂ ਵਿਖੇ ਗੁਰਦੁਆਰਾ ਤਪੋਬਨ ਢੱਕੀ ਸਾਹਿਬ ਹੈ। ਇੱਥੇ ਸੈਂਕੜੇ ਏਕੜਾਂ ਵਿੱਚ ਜੰਗਲ ਹੀ ਜੰਗਲ ਹੈ। ਇਸ ਸਥਾਨ 'ਤੇ ਢੱਕ ਦੇ ਰੁੱਖਾਂ ਦੇ ਵੀ ਵੱਡੇ ਝੁੰਡ ਅਤੇ ਜੰਗਲ ਹਨ। ਇਨ੍ਹਾਂ ਢੱਕ ਦੇ ਰੁੱਖਾਂ ਕਰਕੇ ਹੀ ਇਸ ਕੁਦਰਤ ਦੀ ਗੋਦ ਵਿੱਚ ਵੱਸੇ ਗੁਰਦੁਆਰਾ ਸਾਹਿਬ ਦਾ ਨਾਂ ਗੁਰਦੁਆਰਾ ਢੱਕੀ ਸਾਹਿਬ ਪਿਆ ਹੈ। ਪੱਛਮੀ ਬੰਗਾਲ ਦੇ ਨਾਦੀਆ ਜ਼ਿਲ੍ਹੇ ਵਿੱਚ ਹੁਗਲੀ ਨਦੀ ਦੇ ਕਿਨਾਰੇ ਅੰਗਰੇਜ਼ਾਂ ਨਾਲ ਹੋਈ ਪਲਾਸੀ ਦੀ ਲੜਾਈ ਇਤਿਹਾਸ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਪਲਾਸੀ ਸਥਾਨ ਦਾ ਨਾਂ ਵੀ ਪਲਾਸੀ ਇਸੇ ਕਰਕੇ ਪਿਆ ਕਿਉਂਕਿ ਇੱਥੇ ਪਲਾਸ ਦੇ ਰੁੱਖਾਂ ਦੇ ਵੱਡੇ ਜੰਗਲ ਸਨ।

ਪਲਾਹ ਦੇ ਰੁੱਖ ਨੂੰ ਗਰਮੀ ਦੀ ਰੁੱਤ ਵਿੱਚ ਫਲ ਦੇ ਰੂਪ ਵਿੱਚ ਚਾਰ-ਪੰਜ ਇੰਚ ਲੰਮੀਆਂ ਅਤੇ ਡੇਢ-ਦੋ ਇੰਚ ਚੌੜੀਆਂ ਚਪਟੀਆਂ ਫਲੀਆਂ ਲੱਗਦੀਆਂ ਹਨ। ਇਸ ਦੀ ਇੱਕ ਫਲੀ ਵਿੱਚ ਇੱਕ ਹੀ ਬੀਜ ਹੁੰਦਾ ਹੈ ਜੋ ਚਪਟਾ, ਗੋਲਾਕਾਰ, ਤਾਂਬੇ ਰੰਗਾ ਹੁੰਦਾ ਹੈ। ਪਲਾਹ ਦੇ ਰੁੱਖ 'ਤੇ ਲਾਖ ਬਣਾਉਣ ਵਾਲੇ ਕੀੜਿਆਂ ਨੂੰ ਵੀ ਪਾਲਿਆ ਜਾਂਦਾ ਹੈ। ਪਲਾਹ ਸਰੀਰ ਦੇ ਤਿੰਨੋਂ ਦੋਸ਼ਾਂ ਵਾਤ, ਪਿਤ ਅਤੇ ਕਫ਼ ਨੂੰ ਠੀਕ ਕਰਨ ਦੀ ਠੋਸ ਸਮਰੱਥਾ ਰੱਖਦਾ ਹੈ। ਪਲਾਹ ਦੇ ਫੁੱਲ ਅਤੇ ਬੀਜ ਬਵਾਸੀਰ, ਖ਼ੂਨ ਦੀਆਂ ਬਿਮਾਰੀਆਂ, ਪੇਟ ਦੇ ਕੀੜੇ, ਸ਼ੂਗਰ, ਔਰਤਾਂ ਦੇ ਰੋਗ, ਜੋੜ ਦਰਦ, ਤਿੱਲੀ ਦੀ ਸੋਜ ਲਈ ਲਾਹੇਵੰਦ ਹਨ। ਪਲਾਹ ਦੀਆਂ ਫਲੀਆਂ ਦੇ ਬੀਜਾਂ ਦਾ ਤੇਲ ਨਾਮਰਦੀ ਲਈ ਰਾਮਬਾਣ ਦਵਾਈ ਹੈ। ਇਸ ਦੀਆਂ ਜੜਾਂ ਦਾ ਕਾੜ੍ਹਾ ਕਾਮ ਸ਼ਕਤੀ ਨੂੰ ਉਤੇਜਿਤ ਕਰਦਾ ਹੈ ਅਤੇ ਸ਼ੀਘਰ ਪਤਨ ਦਾ ਨਾਸ਼ ਕਰਕੇ ਸਰੀਰ ਨੂੰ ਸ਼ਕਤੀਵਰਧਕ ਬਣਾਉਂਦਾ ਹੈ। ਇਸ ਦੇ ਬੀਜਾਂ ਵਿੱਚ ਪਲਾਸੋਨਿਕ ਨਾਂ ਦਾ ਤੱਤ ਵੀ ਪਾਇਆ ਜਾਂਦਾ ਹੈ ਜੋ ਔਰਤ ਤੇ ਮਰਦ ਦੀ ਪ੍ਰਜਨਣ ਸ਼ਕਤੀ ਲਈ ਲਾਭਦਾਇਕ ਹੈ।

ਇਸ ਦੀ ਗੂੰਦ 'ਕਿਨੂੰ ਗਮ' ਜਾਂ 'ਬੰਗਾਲ ਕਿਨੂ' ਦੇ ਨਾਮ ਨਾਲ ਮਸ਼ਹੂਰ ਹੈ ਜਿਸ ਵਿੱਚ ਕੀਨੋਟੈਨਿਕ ਐਸਿਡ ਪਾਇਆ ਜਾਂਦਾ ਹੈ ਜੋ ਡਾਇਰੀਆ ਅਤੇ ਮਲਤਿਆਗ ਵਿੱਚ ਵਗਦੇ ਖ਼ੂਨ ਨੂੰ ਠੀਕ ਕਰਦਾ ਹੈ ਅਤੇ ਇਹ ਔਰਤਾਂ ਦੀ ਪੀਰੀਅਡ ਸਮੱਸਿਆ ਨੂੰ ਨਿਯਮਬੱਧ ਕਰਦਾ ਹੈ। ਇਸ ਦੀ ਗੂੰਦ ਤੋਂ ਕਮਰਕਸ ਬਣਦੀ ਹੈ ਜਿਹੜੀ ਔਰਤਾਂ ਦੇ ਜਣੇਪੇ ਸਮੇਂ ਪੰਜੀਰੀ ਵਿੱਚ ਰਲਾ ਕੇ ਖਵਾਈ ਜਾਂਦੀ ਹੈ। ਕਮਰਕਸ ਪਿੱਠ ਦੇ ਦਰਦ ਦੀ ਸੁਪ੍ਰਸਿੱਧ ਦਵਾਈ ਹੈ। ਪਲਾਹ ਦੀਆਂ ਜੜਾਂ ਵਿੱਚ ਐਂਟੀ ਬੈਕਟੀਰੀਅਲ ਅਤੇ ਐਂਟੀ ਫੰਗਲ ਤੱਤ ਪਾਏ ਜਾਂਦੇ ਹਨ ਜੋ ਚਮੜੀ ਦੀ ਫੰਗਲ ਇਨਫੈਕਸ਼ਨ ਵਾਸਤੇ ਬਹੁਤ ਕਾਰਗਰ ਹਨ।

ਪਲਾਹ ਦੇ ਫੁੱਲਾਂ ਅਤੇ ਪੱਤਿਆਂ ਤੋਂ ਜੈਲ ਬਣਾਏ ਜਾਂਦੇ ਹਨ ਜੋ ਸਿਰ ਦੀਆਂ ਚਮੜੀ ਦੀਆਂ ਪਰਤਾਂ ਵਿੱਚ ਡੂੰਘਾ ਪ੍ਰਵੇਸ਼ ਕਰਦੇ ਹਨ। ਇਹ ਫੋਲੀਕਲਜ਼ ਦੀ ਰੱਖਿਆ ਕਰਦੇ ਹਨ ਅਤੇ ਸੂਖਮ ਸੁਰਾਖ ਜਿੱਥੋਂ ਵਾਲ ਉੱਗਦੇ ਹਨ, ਉਸ ਸਥਾਨ ਤੋਂ ਚਮੜੀ ਦੀਆਂ ਅੰਦਰੂਨੀ ਪਰਤਾਂ ਨੂੰ ਮਜ਼ਬੂਤ ਅਤੇ ਤੰਦਰੁਸਤ ਬਣਾਉਂਦੇ ਹਨ। ਪਲਾਹ ਤੋਂ ਪ੍ਰਾਪਤ ਤੱਤਾਂ ਵਿੱਚ ਫਾਈਬਰ ਅਤੇ ਵਿਟਾਮਿਨ ਈ ਦੀ ਵੀ ਭਰਪੂਰ ਮਾਤਰਾ ਹੁੰਦੀ ਹੈ। ਪਲਾਹ ਤੋਂ ਪ੍ਰਾਪਤ ਔਸ਼ਧੀਆਂ ਵਿੱਚ ਭਾਰ ਘਟਣਾ, ਡਿਪਰੈਸ਼ਨ, ਦਿਲ ਦੀਆਂ ਖ਼ੂਨ ਦੀਆਂ ਧਵਨੀਆਂ ਦੀ ਬਲੱਡ ਸਰਕੂਲੇਸ਼ਨ ਦੀ ਸਮੱਸਿਆ, ਗੁਰਦੇ, ਗਦੂਦ, ਪਾਚਨ ਪ੍ਰਕਿਰਿਆ, ਅਫਾਰਾ, ਪੇਟ ਗੈਸ, ਡਿਸਪੈਪਸੀਆ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਵਡਮੁੱਲੇ ਗੁਣ ਹਨ।

ਵੈਦਿਕ ਰੀਤੀ ਮੁਤਾਬਕ ਪਲਾਹ ਦੀ ਲੱਕੜ ਹਵਨ ਕਰਨ ਲਈ ਸ਼ੁੱਧ ਮੰਨੀ ਜਾਂਦੀ ਹੈ। ਆਜ਼ਾਦੀ ਸੰਗਰਾਮ ਦੇ ਮੋਢੀ ਸਤਿਗੁਰੂ ਰਾਮ ਸਿੰਘ ਵੀ ਆਪਣੇ ਹੁਕਮਨਾਮਿਆਂ ਵਿੱਚ ਹਵਨ ਵਿੱਚ ਪਲਾਹ ਦੀ ਲੱਕੜ ਪਾਉਣ ਦੀ ਹਦਾਇਤ ਕਰਦੇ ਹਨ। ਪੁਰਾਤਨ ਪਰੰਪਰਾਵਾਂ ਮੁਤਾਬਕ ਜਦੋਂ ਸਿਖਿਆਰਥੀ ਆਪਣੇ ਗੁਰੂ ਪ੍ਰਤੀ ਫਲ, ਵਸਤੂਆਂ ਜਾਂ ਮੇਵੇ ਸਤਿਕਾਰ ਵਜੋਂ ਭੇਟ ਕਰਦੇ ਸਨ ਤਾਂ ਉਸ ਵਿੱਚ ਪਲਾਹ ਦੀਆਂ ਟਾਹਣੀਆਂ ਨੂੰ ਰੱਖਣਾ ਸ਼ੁਭ ਮੰਨਿਆ ਜਾਂਦਾ ਸੀ। ਪੁਰਾਤਨ ਮਿੱਥਾਂ ਮੁਤਾਬਕ ਪਲਾਹ ਦੇ ਪੱਤਿਆਂ ਵਾਂਗ ਇਸ ਦੇ ਫੁੱਲਾਂ ਵਿੱਚ ਵੀ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦਾ ਵਾਸਾ ਹੁੰਦਾ ਹੈ। ਸਾਡੇ ਪੰਜਾਬੀ ਸੱਭਿਆਚਾਰ ਵਿੱਚ ਪਲਾਹ ਦੇ ਰੁੱਖਾਂ ਦੇ ਫੁੱਲਾਂ ਸਬੰਧੀ ਅਜਿਹੀਆਂ ਲੋਕ ਬੋਲੀਆਂ ਦਾ ਵਰਣਨ ਵੀ ਮਿਲਦਾ ਹੈ;

ਪਲਾਹ ਦਿਆ ਰੁੱਖੜਿਆ ਵੇ
ਕੇਸੂ ਰੰਗੇ ਤੇਰੇ ਵੀ ਫੁੱਲ।
ਵਾ ਵਗੀ ਝੜ ਜਾਣਗੇ
ਕਿਸੇ ਨ੍ਹੀਂ ਲੈਣੇ ਮੁੱਲ।

ਅਨੰਤ ਗੁਣਾਂ ਨਾਲ ਭਰਪੂਰ ਪਲਾਹ ਦੇ ਰੁੱਖ ਤੋਂ ਆਯੁਰਵੈਦਿਕ ਫਾਰਮੇਸੀਆਂ ਵੱਲੋਂ ਅਨੇਕਾਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਪਲਾਹ ਤੋਂ ਪ੍ਰਾਪਤ ਗੁਣਾਂ ਨਾਲ ਭਰਪੂਰ ਔਸ਼ਧੀਆਂ ਮਾਰਕੀਟ ਵਿੱਚ ਉਪਲੱਬਧ ਹਨ। ਅੱਜ ਬਾਜ਼ਾਰ ਵਿੱਚੋਂ ਅਸੀਂ ਪਲਾਸ ਫਲਾਵਰਜ਼ ਪਾਊਡਰ, ਪਲਾਸ ਲੀਫ ਐਂਡ ਫਲਾਵਰਜ਼ ਪੇਸਟ, ਟੇਸੂ ਫਲਾਵਰਜ਼ ਪੇਸਟ, ਪਲਾਸ ਰੂਟਸ ਪਾਊਡਰ, ਪਲਾਸ ਪਾਪੜਾ, ਫਲੇਮ ਆਫ ਦਿ ਫੋਰੈਸਟ ਔਰਗੈਨਿਕ ਆਇਲ, ਪਲਾਸ ਫਲਾਵਰਜ਼ ਹਰਬਲ ਟੀ, ਪਲਾਸ ਸੀਡਜ਼, ਪਲਾਸ ਹੇਅਰ ਆਇਲ ਖ਼ਰੀਦ ਸਕਦੇ ਹਾਂ, ਪਰ ਦੁੱਖ ਦੀ ਗੱਲ ਹੈ ਕਿ ਇੰਨੇ ਬੇਸ਼ਕੀਮਤੀ ਗੁਣਾਂ ਨਾਲ ਲੱਥ-ਪੱਥ ਰੁੱਖ ਅੱਜ ਪੰਜਾਬ ਦੀ ਧਰਤੀ 'ਤੇ ਭਾਲਿਆਂ ਵੀ ਨਹੀਂ ਥਿਆਉਂਦੇ। ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਸਾਨੂੰ ਸਾਡੀਆਂ ਅਲੋਪ ਹੋ ਰਹੀਆਂ ਕੁਦਰਤ ਦੀਆਂ ਅਜਿਹੀਆਂ ਅਨਮੋਲ ਦਾਤਾਂ ਨੂੰ ਸੰਭਾਲਣਾ ਚਾਹੀਦਾ ਹੈ। ਆਪਣੀਆਂ ਪੁਸ਼ਤੈਨੀ ਜੜਾਂ ਨਾਲ ਜੁੜਨਾ ਚਾਹੀਦਾ ਹੈ ਅਤੇ ਸਾਨੂੰ ਹੋਰ ਰੁੱਖਾਂ ਦੇ ਨਾਲ ਨਾਲ ਪਲਾਹ ਦੇ ਵੀ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।

# ਤੁਹਾਡੀ ਨਜ਼ਰ ਖਤਮ ਵੀ ਕਰ ਸਕਦੀ ਹੈ ਸ਼ੂਗਰ

ਸ਼ੂਗਰ (iDabetes) ਇੱਕ ਲਾਇਲਾਜ ਬਿਮਾਰੀ ਹੈ ਜੋ ਹੌਲੀ-ਹੌਲੀ ਸਾਡੇ ਪੂਰੇ ਸਰੀਰ ਨੂੰ ਕਮਜ਼ੋਰ ਕਰ ਦਿੰਦੀ ਹੈ। ਇਹ ਅੱਖਾਂ ਸਮੇਤ ਸਰੀਰ ਦੇ ਲਗਪਗ ਹਰ ਮਹੱਤਵਪੂਰਨ ਹਿੱਸੇ ਨੂੰ ਪ੍ਰਭਾਵਿਤ ਕਰਦੀ ਹੈ। ਹਾਂ, ਸਾਡੀਆਂ ਅੱਖਾਂ ਵੀ ਸ਼ੂਗਰ ਦੇ ਮਾੜੇ ਪ੍ਰਭਾਵਾਂ ਦਾ ਸ਼ਿਕਾਰ ਹੋ ਸਕਦੀਆਂ ਹਨ। ਦਰਅਸਲ ਬਲੱਡ ਸ਼ੂਗਰ ਵਧਣ ਕਾਰਨ ਅੱਖਾਂ ਦੀ ਰੈਟੀਨਾ ਖਰਾਬ ਹੋ ਜਾਂਦੀ ਹੈ। ਇਸਨੂੰ ਡਾਇਬੀਟਿਕ ਰੈਟੀਨੋਪੈਥੀ (ਧਿਅਬੲਟਿਚ੍ਰ ੲਟਿਨੋਪਅਟਹੇ) ਕਿਹਾ ਜਾਂਦਾ ਹੈ। ਜੇਕਰ ਇਸਦਾ ਸਮੇਂ ਸਿਰ ਹੱਲ ਨਾ ਕੀਤਾ ਜਾਵੇ, ਤਾਂ ਇਹ ਤੁਹਾਡੀ ਨਜ਼ਰ ਵੀ ਖੋਹ ਸਕਦੀ ਹੈ। ਆ ਡਾ. ਰਿੰਕੀ ਆਨੰਦ ਗੁਪਤਾ (ਨੇਤਰ ਵਿਗਿਆਨ, ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਵੈਸ਼ਾਲੀ) ਤੋਂ ਸਿੱਖੀਏ ਕਿ ਸ਼ੂਗਰ ਅੱਖਾਂ ਨੂੰ ਕਿਵੇਂ ਨੁਕਸਾਨ ਪਹੁੰਚਾਉਂਦਾ ਹੈ ਅਤੇ ਇਸ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ।

ਰੇਟੀਨਾ ਅੱਖ ਦੇ ਪਿਛਲੇ ਪਾਸੇ ਸਥਿਤ ਇੱਕ ਪਤਲੀ, ਰੌਸ਼ਨੀ-ਸੰਵੇਦਨਸ਼ੀਲ ਪਰਤ ਹੈ ਜੋ ਕੈਮਰਾ ਫਿਲਮ ਵਾਂਗ ਕੰਮ ਕਰਦੀ ਹੈ। ਇਹ ਰੌਸ਼ਨੀ ਨੂੰ ਸਿਗਨਲਾਂ ਵਿੱਚ ਬਦਲਦੀ ਹੈ ਅਤੇ ਉਹਨਾਂ ਨੂੰ ਦਿਮਾਗ ਵਿੱਚ ਸੰਚਾਰਿਤ ਕਰਦੀ ਹੈ, ਜਿਸ ਨਾਲ ਅਸੀਂ ਦੇਖ ਸਕਦੇ ਹਾਂ। ਸ਼ੂਗਰ ਵਿੱਚ ਸਮੇਂ ਦੇ ਨਾਲ ਉੱਚ ਬਲੱਡ ਸ਼ੂਗਰ ਦਾ ਪੱਧਰ ਸਰੀਰ ਦੀਆਂ ਛੋਟੀਆਂ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਖਾਸ ਕਰਕੇ ਰੈਟੀਨਾ ਵਿੱਚ।

ਇਸ ਨੁਕਸਾਨ ਦੇ ਦੋ ਮੁੱਖ ਪੜਾਅ ਹਨ-

**ਗੈਰ-ਪ੍ਰੋਲਿਫੇਰੇਟਿਵ ਡਾਇਬੀਟਿਕ ਰੈ-ਟੀਨੋਪੈਥੀ:** ਇਹ ਸ਼ੁਰੂਆਤੀ ਪੜਾਅ ਹੈ, ਜਿਸ ਵਿੱਚ ਖ਼ੂਨ ਦੀਆਂ ਨਾੜੀਆਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਲੀਕ ਹੁੰ-ਦੀਆਂ ਹਨ। ਇਹ ਖ਼ੂਨ ਜਾਂ ਤਰਲ ਲੀਕ ਕਰਦੀਆਂ ਹਨ, ਜਿਸ ਨਾਲ ਰੈਟੀਨਾ ਸੁੱਜ ਜਾਂਦਾ ਹੈ। ਇਹ ਸੋਜ ਧੁੰਦਲੀ ਨਜ਼ਰ ਦਾ ਕਾਰਨ ਬਣਦੀ ਹੈ। ਇਸਨੂੰ ਡਾਇਬੀਟਿਕ ਮੈਕੂਲਰ ਐਡੀਮਾ ਕਿਹਾ ਜਾਂਦਾ ਹੈ, ਜੋ ਨਜ਼ਰ ਦੇ ਨੁਕਸਾਨ ਦਾ ਇੱਕ ਆਮ ਕਾਰਨ ਹੈ।

**ਪ੍ਰੋਲਿਫੇਰੇਟਿਵ ਡਾਇਬੀਟਿਕ ਰੈ-ਟੀਨੋਪੈਥੀ:** ਜਦੋਂ ਖ਼ੂਨ ਦੀਆਂ ਨਾੜੀਆਂ ਬੰਦ ਹੋ ਜਾਂਦੀਆਂ ਹਨ ਤੇ ਰੈਟੀਨਾ ਆਕਸੀਜਨ ਤੋਂ ਵਾਂਝੀ ਹੋ ਜਾਂਦੀ ਹੈ, ਤਾਂ ਸਰੀਰ ਅਸਧਾਰਨ, ਨਵੀਆਂ ਖ਼ੂਨ ਦੀਆਂ ਨਾੜੀਆਂ ਬਣ-ਾਉਣਾ ਸ਼ੁਰੂ ਕਰ ਦਿੰਦਾ ਹੈ। ਇਹ ਨਵੀਆਂ ਨਾੜੀਆਂ ਬਹੁਤ ਨਾਜ਼ੁਕ ਹੁੰਦੀਆਂ ਹਨ ਅਤੇ ਆਸਾਨੀ ਨਾਲ ਫਟ ਸਕਦੀਆਂ ਹਨ ਅਤੇ ਰੈਟੀਨਾ ਵਿੱਚ ਖ਼ੂਨ ਵਹਿਣ ਦਾ ਕਾਰਨ ਬਣ ਸਕਦੀਆਂ ਹਨ। ਇਸ ਖ਼ੂਨ ਵਹਿਣ ਕਾਰਨ ਨਜ਼ਰ ਦਾ ਨੁਕਸਾਨ ਹੁੰਦਾ ਹੈ। ਦਾਗ ਟਿਸ਼ੂ ਵੀ ਇਨ੍ਹਾਂ ਨਾੜੀਆਂ ਦੇ ਨਾਲ ਬਣਦੇ ਹਨ, ਜੋ ਰੈਟੀਨਾ ਨੂੰ ਖਿੱਚ ਸਕਦੇ ਹਨ ਅਤੇ ਇਸਨੂੰ ਵੱਖ ਕਰ ਸਕਦੇ ਹਨ, ਇੱਕ ਗੰਭੀਰ ਸਥਿਤੀ।

**ਡਾਇਬੀਟਿਕ ਰੈਟੀਨੋਪੈਥੀ ਦੇ ਮੁੱਖ ਲੱਛਣ ਕੀ ਹਨ?**

* ਸ਼ੁਰੂਆਤੀ ਪੜਾਵਾਂ ਵਿੱਚ ਅਕਸਰ ਕੋਈ ਲੱਛਣ ਨਹੀਂ ਹੁੰਦੇ, ਇਸੇ ਕਰਕੇ ਇਸਨੂੰ "ਸਾਈਲੈਂਟ ਥਿੱਕ" ਕਿਹਾ ਜਾਂਦਾ ਹੈ। ਜਿਵੇਂ-ਜਿਵੇਂ ਸਥਿਤੀ ਵਿਗੜਦੀ ਜਾਂਦੀ ਹੈ, ਇਹ ਲੱਛਣ ਦਿਖਾਈ ਦੇ ਸਕਦੇ ਹਨ:
* ਧੁੰਦਲੀ ਨਜ਼ਰ।
* ਨਜ਼ਰ ਵਿੱਚ ਕਾਲੇ ਧੱਬੇ ਜਾਂ ਤੈਰਦੇ ਧਾਗੇ ਦੇਖਣਾ।
* ਰਾਤ ਨੂੰ ਦੇਖਣ ਵਿੱਚ ਮੁਸ਼ਕਲ।
* ਰੰਗਾਂ ਨੂੰ ਵੱਖ ਕਰਨ ਵਿੱਚ ਮੁਸ਼ਕਲ।
* ਨਜ਼ਰ ਵਿੱਚ ਅਚਾਨਕ ਉਤਰਾਅ-ਚੜ੍ਹਾਅ।
* ਹਨੇਰਾ ਛਾਹ ਜਾਣਾ ਜਾਂ ਨਜ਼ਰ ਦਾ ਨੁਕਸਾਨ।
* ਰੋਕਥਾਮ ਤੇ ਇਲਾਜ ਦੇ ਤਰੀਕੇ ਕੀ ਹਨ?

**ਨਿਯਮਤ ਅੱਖਾਂ ਦੀ ਜਾਂਚ-** ਹਰ ਸ਼ੂਗਰ ਮਰੀਜ਼ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਅੱਖਾਂ ਦੀ ਵਿਆਪਕ ਜਾਂਚ ਕਰਵਾਉਣੀ ਚਾਹੀਦੀ ਹੈ, ਭਾਵੇਂ ਉਨ੍ਹਾਂ ਵਿੱਚ ਕੋਈ ਲੱਛਣ ਨਾ ਹੋਣ। ਇਸ ਜਾਂਚ ਦੌਰਾਨ, ਡਾਕਟਰ ਸ਼ੁਰੂਆਤੀ ਨੁਕਸਾਨ ਦਾ ਪਤਾ ਲਗਾਉਣ ਲਈ ਰੈਟੀਨਾ ਦੀ ਜਾਂਚ ਕਰ ਸਕਦੇ ਹਨ।

**ਬਲੱਡ ਸ਼ੂਗਰ ਕੰਟਰੋਲ-** ਸ਼ੂਗਰ ਨੂੰ ਕੰਟਰੋਲ ਕਰਨਾ ਰੈਟੀਨੋਪੈਥੀ ਦੇ ਜੋਖਮ ਨੂੰ ਘਟਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

**ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਕੰਟਰੋਲ-** ਹਾਈ ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਰੈਟੀਨੋਪੈਥੀ ਦੇ ਜੋਖਮ ਨੂੰ ਵਧਾਉਂਦੇ ਹਨ। ਇਨ੍ਹਾਂ ਨੂੰ ਕੰਟਰੋਲ ਕਰਨਾ ਮਹੱਤਵਪੂਰਨ ਹੈ।

# ਲਤਾ ਮੰਗੇਸ਼ਕਰ-ਮੇਰੀ ਆਵਾਜ਼ ਹੀ ਪਹਿਚਾਨ ਹੈ...

ਸਾਲ 1977 ਵਿੱਚ ਗੁਲਜ਼ਾਰ ਵੱਲੋਂ ਬਤੌਰ ਗੀਤਕਾਰ ਅਤੇ ਨਿਰਦੇਸ਼ਕ ਬਣਾਈ ਗਈ ਫਿਲਮ 'ਕਿਨਾਰਾ' ਦੇ ਗੀਤ 'ਨਾਮ ਗੁਮ ਜਾਏਗਾ, ਚਿਹਰਾ ਯੇ ਬਦਲ ਜਾਏਗਾ... ਮੇਰੀ ਆਵਾਜ਼ ਹੀ ਪਹਿਚਾਨ ਹੈ ...ਗਰ ਯਾਦ ਰਹੇ' ਨੂੰ ਲਤਾ ਮੰਗੇਸ਼ਕਰ ਨੇ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਵਿੱਚ ਗਾ ਕੇ ਅਮਰ ਕਰ ਦਿੱਤਾ ਸੀ। ਉਸ ਵੱਲੋਂ ਗਾਏ ਇਹ ਬੋਲ ਉਸ ਦੀ ਆਪਣੀ ਆਵਾਜ਼ ਲਈ ਵੀ ਸੱਚ ਸਨ ਕਿਉਂਕਿ ਉਸ ਦੀ ਮਧੁਰ ਆਵਾਜ਼ ਹੀ ਦੁਨੀਆ ਭਰ ਵਿੱਚ ਉਸ ਦੀ ਪਛਾਣ ਸੀ। ਅਨੇਕਾਂ ਕੌਮੀ ਅਤੇ ਕੌਮਾਂਤਰੀ ਇਨਾਮਾਂ ਅਤੇ ਸਨਮਾਨਾਂ ਨਾਲ ਨਿਵਾਜ਼ੀ ਗਈ ਲਤਾ ਮੰਗੇਸ਼ਕਰ ਵਧੀਆ ਫੋਟੋਗ੍ਰਾਫਰ ਅਤੇ ਨੇਕ ਦਿਲ ਔਰਤ ਵੀ ਸੀ।

ਬਹੁਤ ਘੱਟ ਲੋਕ ਜਾਣਦੇ ਹਨ ਕਿ ਲਤਾ ਦਾ ਅਸਲ ਨਾਂ 'ਹੇਮਾ' ਸੀ ਤੇ ਉਹ ਰੰਗਮੰਚ ਦੇ ਮਸ਼ਹੂਰ ਕਲਾਕਾਰ ਸ੍ਰੀ ਦੀਨਾ ਨਾਥ ਮੰਗੇਸ਼ਕਰ ਦੇ ਘਰ 28 ਸਤੰਬਰ, 1929 ਨੂੰ ਪੈਦਾ ਹੋਈ ਸੀ। ਉਸ ਦੇ ਪਿਤਾ ਜ਼ਿਆਦਾਤਰ ਸੰਗੀਤਕ ਨਾਟਕ ਕਰਦੇ ਸਨ ਜਿਸ ਕਰਕੇ ਸੰਗੀਤ ਅਤੇ ਸੁਰਾਂ 'ਤੇ ਉਨ੍ਹਾਂ ਦੀ ਖਾਸੀ ਪਕੜ ਸੀ ਤੇ ਆਪਣੇ ਇਹ ਦੋ ਗੁਣ ਉਨ੍ਹਾਂ ਨੇ ਆਪਣੀ ਧੀ ਹੇਮਾ ਉਰਫ਼ ਲਤਾ ਨੂੰ ਵੀ ਵਿਰਸੇ ਵਿੱਚ ਦਿੱਤੇ ਸਨ। ਦਰਅਸਲ, ਉਨ੍ਹਾਂ ਦਾ ਇੱਕ ਨਾਟਕ ਬੜਾ ਮਸ਼ਹੂਰ ਹੋਇਆ ਸੀ ਜਿਸ ਵਿੱਚ 'ਲਤਿਕਾ' ਨਾਮਕ ਕਿਰਦਾਰ ਹੇਮਾ ਨੇ ਬਾਖ਼ੂਬੀ ਅਦਾ ਕੀਤਾ ਸੀ ਜਿਸ ਕਰਕੇ ਉਸ ਨੇ ਆਪਣੀ ਇਸ ਵੱਡੀ ਧੀ ਹੇਮਾ ਨੂੰ ਪਹਿਲਾਂ 'ਲਤਿਕਾ' ਅਤੇ ਫਿਰ 'ਲਤਾ' ਆਖ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਲਤਾ ਦੇ ਦਾਦਾ ਗਣੇਸ਼ ਭੱਟ ਪਿੰਡ ਮੰਗੇਸ਼ ਵਿਚਲੇ ਵੱਡੇ ਮੰਦਿਰ ਦੇ ਮੁੱਖ ਪੁਜਾਰੀ ਅਤੇ ਸੰਗੀਤ ਪ੍ਰੇਮੀ ਸਨ ਤੇ ਉਸ ਦੀ ਦਾਦੀ ਯਸੂਬਾਈ ਰਾਣੇ ਵੀ 'ਗੋਮਾਂਤਕ ਮਰਾਠਾ ਸਮਾਜ' ਦੀ ਜਾਣੀ ਪਛਾਣੀ ਗਾਇਕਾ ਸੀ। ਇਸ ਕਰਕੇ ਲਤਾ ਨੇ ਘਰ ਵਿੱਚ ਹੀ ਵਗਦੀ ਸੰਗੀਤ ਦੀ ਗੰਗਾ ਦਾ ਲਾਹਾ ਲੈਂਦਿਆਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਸਨ। ਉਸ ਨੇ ਗੁਜਰਾਤ ਵਿੱਚ ਵੱਸਦੀ ਆਪਣੀ ਨਾਨੀ ਕੋਲੋਂ ਗੁਜਰਾਤੀ ਲੋਕ ਸੰਗੀਤ ਵੀ ਨਿੱਕੀ ਉਮਰੇ ਹੀ ਸਿੱਖ ਲਿਆ ਸੀ।



ਉਹ ਕੇਵਲ ਪੰਜ ਕੁ ਵਰ੍ਹਿਆਂ ਦੀ ਸੀ ਜਦੋਂ ਉਸ ਨੇ ਆਪਣੇ ਪਿਤਾ ਦੇ ਸੰਗੀਤਕ ਨਾਟਕਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦੀਆਂ ਤਿੰਨ ਭੈਣਾਂ ਮੀਨਾ, ਆਸ਼ਾ ਤੇ ਊਸ਼ਾ ਅਤੇ ਇੱਕ ਭਰਾ ਹਿਰਦੇਨਾਥ ਮੰਗੇਸ਼ਕਰ ਨੇ ਵੀ ਸੰਗੀਤ ਦੀ ਵਿੱਦਿਆ ਹਾਸਿਲ ਕੀਤੀ ਸੀ। ਜਿੱਥੋਂ ਤੱਕ ਲਤਾ ਦੀ ਅਕਾਦਮਿਕ ਸਿੱਖਿਆ ਦਾ ਸਬੰਧ ਹੈ ਤਾਂ ਹੈਰਾਨੀਜਨਕ ਤੱਥ ਇਹ ਹੈ ਕਿ ਉਹ ਪਹਿਲੇ ਹੀ ਦਿਨ ਸਕੂਲ ਨੂੰ ਅਲਵਿਦਾ ਆਖ ਕੇ ਆ ਗਈ ਸੀ ਕਿਉਂਕਿ ਅਧਿਆਪਕ ਨੇ ਕਹਿ ਦਿੱਤਾ ਸੀ ਕਿ ਉਹ ਆਪਣੇ ਨਾਲ ਆਪਣੀ ਨਿੱਕੀ ਭੈਣ ਆਸ਼ਾ ਨੂੰ ਜਮਾਤ ਵਿੱਚ ਲੈ ਕੇ ਨਹੀਂ ਬੈਠ ਸਕਦੀ। ਲਤਾ ਕੇਵਲ 13 ਵਰ੍ਹਿਆਂ ਦੀ ਸੀ ਜਦੋਂ ਦਿਲ ਦੇ ਰੋਗ ਤੋਂ ਪੀੜਤ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਤੇ ਚੰਦ ਮਹੀਨਿਆਂ 'ਚ ਹੀ ਪਰਿਵਾਰ ਦੀ ਆਰਥਿਕ ਹਾਲਤ ਪੇਤਲੀ ਹੋ ਗਈ। ਸਾਰੇ ਭੈਣ-ਭਰਾਵਾਂ ਵਿੱਚੋਂ ਵੱਡੀ ਹੋਣ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਵਿੱਚ ਮਾਂ ਦਾ ਸਾਥ ਦੇਣ ਦੀ ਜ਼ਿੰਮੇਦਾਰੀ ਉਸ ਦੇ ਮਾਸੂਮ ਮੋਢਿਆਂ 'ਤੇ ਆਣ ਪਈ। ਲਤਾ ਨੂੰ ਸਿਵਾਇ ਅਦਾਕਾਰੀ ਤੇ ਗਾਇਕੀ ਦੇ ਕੋਈ ਹੋਰ ਹੁਨਰ ਨਹੀਂ ਆਉਂਦਾ ਸੀ। ਉਸ ਵੇਲੇ 1942 ਸੀ ਤੇ ਉਸ ਦੇ ਪਿਤਾ ਦਾ ਇੱਕ ਗਹਿਰਾ ਦੋਸਤ ਮਾਸਟਰ ਵਿਨਾਇਕ ਜੋ ਕਿ 'ਨਵਯੁੱਗ ਚਿਤਰਪਟ' ਨਾਮਕ ਫਿਲਮ ਕੰਪਨੀ ਚਲਾਉਂਦਾ ਸੀ, ਨੇ ਲਤਾ ਨੂੰ ਫਿਲਮਾਂ 'ਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਤੇ ਆਪਣੇ ਵਿਸ਼ਵਾਸ 'ਤੇ ਉਸੇ ਸਾਲ ਮਰਾਠੀ ਫਿਲਮ 'ਕਿੱਤੀ ਹਾਸਾਲ' ਵਿੱਚ ਬਤੌਰ ਗਾਇਕਾ ਇੱਕ ਗੀਤ ਰਿਕਾਰਡ ਕਰਵਾ ਦਿੱਤਾ। ਲਤਾ ਦੀ ਬਦਕਿਸਮਤੀ ਇਹ ਰਹੀ ਕਿ ਫਿਲਮ ਦੇ ਨਿਰਮਾਤਾ ਨੇ ਰਿਲੀਜ਼ ਸਮੇਂ ਲਤਾ ਵਾਲਾ ਗੀਤ ਹੀ ਫਿਲਮ ਵਿੱਚੋਂ ਹਟਵਾ ਦਿੱਤਾ ਜਿਸ ਦਾ ਲਤਾ ਨੂੰ ਬੜਾ ਦੁੱਖ ਹੋਇਆ, ਪਰ ਹੌਸਲਾ ਨਾ ਹਾਰਨ ਵਾਲੀ ਲਤਾ ਨੇ ਉਸੇ ਹੀ ਸਾਲ 'ਨਵਯੁੱਗ ਚਿੱਤਰਪਟ' ਦੀ ਫਿਲਮ 'ਪਹਿਲੀ ਮੰਗਲਾ ਗੌਰ' ਵਿੱਚ ਬਤੌਰ ਅਦਾਕਾਰਾ ਤੇ ਗਾਇਕਾ ਫਿਲਮਾਂ ਦੀ ਦੁਨੀਆ ਵਿੱਚ ਆਪਣੀ ਹਾਜ਼ਰੀ ਦਰਜ ਕਰਵਾ ਦਿੱਤੀ। ਇਸ ਫਿਲਮ ਲਈ ਉਸ ਦਾ ਗਾਇਆ ਪਹਿਲਾ ਗੀਤ ਮਰਾਠੀ ਸੰਗੀਤਕਾਰ ਦਾਦਾ ਚੰਦੇਲਕਰ ਨੇ ਸੰਗੀਤਬੱਧ ਕੀਤਾ ਸੀ। 1943 ਵਿੱਚ ਆਈ ਮਰਾਠੀ ਫਿਲਮ 'ਗਜਾਭਾਊ' ਵਿੱਚ ਉਸ ਨੇ 'ਮਾਤਾ ਏਕ ਸਪੂਤ ਕੀ ਦੁਨੀਆ ਬਦਲ ਦੇ ਤੂ' ਨਾਮਕ ਹਿੰਦੀ ਗੀਤ ਗਾ ਕੇ ਆਪਣੇ ਕਰੀਅਰ ਦਾ ਪਹਿਲਾ ਹਿੰਦੀ ਗੀਤ ਸੰਗੀਤ ਪ੍ਰੇਮੀਆਂ ਦੀ ਝੋਲੀ ਪਾ ਦਿੱਤਾ ਸੀ। 1945 ਵਿੱਚ ਮਾਸਟਰ ਵਿਨਾਇਕ ਹੁਰੀਂ ਆਪਣੀ ਫਿਲਮ ਕੰਪਨੀ ਨੂੰ ਮੁੰਬਈ ਵਿਖੇ ਲੈ ਆਏ ਤੇ ਰੋਜ਼ੀ ਰੋਟੀ ਚਲਾਉਣ ਲਈ ਸੰਘਰਸ਼ ਕਰ ਰਿਹਾ ਲਤਾ ਮੰਗੇਸ਼ਕਰ ਦਾ ਪਰਿਵਾਰ ਵੀ ਮੁੰਬਈ ਆਣ ਪੁੱਜਾ। ਇੱਥੇ ਆ ਕੇ ਲਤਾ ਨੇ ਉਸਤਾਦ ਅਮਨ ਅਲੀ ਖ਼ਾਨ ਤੋਂ ਸ਼ਾਸ਼ਤਰੀ ਸੰਗੀਤ ਦੀ ਵਿੱਦਿਆ ਹਾਸਿਲ ਕੀਤੀ ਤੇ ਫਿਰ ਹਿੰਦੀ ਫਿਲਮ 'ਆਪ ਕੀ ਸੇਵਾ ਮੇਂ' ਰਾਹੀਂ ਬਤੌਰ ਗਾਇਕਾ ਅਤੇ ਅਦਾਕਾਰਾ ਆਪਣਾ ਸਫ਼ਰ ਬੌਲੀਵੁੱਡ ਵਿੱਚ ਸ਼ੁਰੂ ਕਰ ਦਿੱਤਾ। ਇਸ ਫਿਲਮ ਲਈ ਬੌਲੀਵੁੱਡ 'ਚ ਆ ਕੇ ਉਸ ਨੇ ਜਿਹੜਾ ਆਪਣਾ ਪਹਿਲਾ ਗੀਤ ਗਾਇਆ ਸੀ, ਉਸ ਦੇ ਬੋਲ ਸਨ 'ਪਾਉਂ ਲਾਗੂੰ ਕਰ ਜੋਰਿ' ਜਿਸਨੂੰ ਸੰਗੀਤ ਨਿਰਦੇਸ਼ਕ ਦੱਤਾ ਦਾਵੇਜਕਰ ਨੇ ਸੰਗੀਤਬੱਧ ਕੀਤਾ ਸੀ। ਲਤਾ ਨੇ 1945 ਵਿੱਚ ਬਣੀ ਫਿਲਮ 'ਬੜੀ ਮਾਂ' ਵਿੱਚ ਵੀ ਅਦਾਕਾਰੀ ਦੇ ਜੌਹਰ ਵਿਖਾਏ ਸਨ ਤੇ ਉਪਰੰਤ ਉਸ ਨੇ ਕੇਵਲ ਗਾਇਕੀ 'ਤੇ ਧਿਆਨ ਕੇਂਦਰਿਤ ਕਰਕੇ ਕੇਵਲ ਗਾਇਕਾ ਵਜੋਂ ਹੀ ਭਾਰਤੀ ਸਿਨੇਮਾ ਦੀ ਸੇਵਾ ਕਰਨ ਦਾ ਸੰਕਲਪ ਲੈ ਲਿਆ।

ਲਤਾ ਦਾ ਸੰਘਰਸ਼ਮਈ ਜੀਵਨ ਉਸ ਸਮੇਂ ਇੱਕ ਵਾਰ ਮੁੜ ਤੋਂ ਬਿਪਤਾ 'ਚ ਪੈ ਗਿਆ ਸੀ ਜਦੋਂ ਬੌਲੀਵੁੱਡ ਵਿੱਚ ਉਸ ਦੇ ਮਾਰਗਦਰਸ਼ਕ ਤੇ ਮਦਦਗਾਰ ਬਣੇ ਮਾਸਟਰ ਵਿਨਾਇਕ ਦਾ ਵੀ 1948 ਵਿੱਚ ਦੇਹਾਂਤ ਹੋ ਗਿਆ, ਪਰ ਫਿਰ ਉਸ ਨੂੰ ਬੌਲੀਵੁੱਡ ਵਿੱਚ ਸੰਗੀਤਕਾਰ ਗ਼ੁਲਾਮ ਹੈਦਰ ਦੀ ਸਰਪ੍ਰਸਤੀ ਹਾਸਿਲ ਹੋ ਗਈ। ਜਦੋਂ ਗ਼ੁਲਾਮ ਹੈਦਰ ਨੇ ਨਾਮਵਰ ਫਿਲਮਸਾਜ਼ ਐੱਸ. ਮੁਖਰਜੀ ਨੂੰ ਉਨ੍ਹਾਂ ਦੀ ਬਣ ਰਹੀ ਫਿਲਮ 'ਸ਼ਹੀਦ' ਲਈ ਲਤਾ ਮੰਗੇਸ਼ਕਰ ਤੋਂ ਗੀਤ ਰਿਕਾਰਡ ਕਰਵਾਉਣ ਦੀ ਸਲਾਹ ਦਿੱਤੀ ਤਾਂ ਮੁਖਰਜੀ ਨੇ ਲਤਾ ਦੀ ਆਵਾਜ਼ ਨੂੰ 'ਬਹੁਤ ਬਾਰੀਕ' ਤੇ 'ਰਿਕਾਰਡਿੰਗ ਲਈ ਅਢੁੱਕਵੀਂ' ਕਹਿ ਕੇ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ। ਗ਼ੁਲਾਮ ਹੈਦਰ ਇਹ ਜਵਾਬ ਸੁਣ ਕੇ ਤੈਸ਼ 'ਚ ਆ ਗਏ ਤੇ ਕਹਿਣ ਲੱਗੇ ''ਚੇਤੇ ਰੱਖਿਓ ਮੁਖਰਜੀ ਸਾਹਿਬ ਇੱਕ ਅਜਿਹਾ ਸਮਾਂ ਆਵੇਗਾ ਜਦੋਂ ਬੌਲੀਵੁੱਡ ਦੇ ਦਿੱਗਜ ਫਿਲਮਸਾਜ਼ ਲਤਾ ਦੇ ਦਰਵਾਜ਼ੇ 'ਤੇ ਲਾਈਨ ਲਗਾ ਕੇ ਬੈਠਣਗੇ ਤੇ ਆਪਣੀਆਂ ਫਿਲਮਾਂ ਲਈ ਉਸ ਕੋਲੋਂ ਗੀਤ ਰਿਕਾਰਡ ਕਰਵਾਉਣ ਲਈ ਬੇਨਤੀਆਂ ਕਰਨਗੇ।'' ਇਹ ਗੱਲ ਬਾਅਦ ਵਿੱਚ ਸੱਚ ਸਾਬਤ ਹੋਈ ਸੀ।

ਲਤਾ ਮੰਗੇਸ਼ਕਰ ਨੇ ਬੌਲੀਵੁੱਡ ਵਿੱਚ ਹਜ਼ਾਰਾਂ ਨਗ਼ਮਿਆਂ ਨੂੰ ਆਪਣੀ ਆਵਾਜ਼ ਦੇ ਕੇ ਯਾਦਗਾਰੀ ਬਣਾ ਦਿੱਤਾ। ਬੌਲੀਵੁੱਡ ਦੇ ਹਰ ਨਾਮਵਰ ਸੰਗੀਤ ਨਿਰਦੇਸ਼ਕ ਨੇ ਉਸ ਕੋਲੋਂ ਆਪਣੀਆਂ ਫਿਲਮਾਂ ਲਈ ਗੀਤ ਰਿਕਾਰਡ ਕਰਵਾਏ ਸਨ। ਰਾਜ ਕਪੂਰ, ਯਸ਼ ਚੋਪੜਾ ਅਤੇ ਮਨੋਜ ਕੁਮਾਰ ਜਿਹੇ ਵੱਡੇ ਫਿਲਮਸਾਜ਼ ਤਾਂ ਆਪਣੀਆਂ ਫਿਲਮਾਂ ਦੇ ਜ਼ਿਆਦਾਤਰ ਗੀਤ ਲਤਾ ਦੀ ਆਵਾਜ਼ ਵਿੱਚ ਹੀ ਰਿਕਾਰਡ ਕਰਵਾਉਂਦੇ ਸਨ। ਲਤਾ ਦੇ ਗਾਏ ਪੰਜ ਹਜ਼ਾਰ ਤੋਂ ਵੱਧ ਗੀਤਾਂ ਵਿੱਚੋਂ ਉਸ ਦਾ ਪਹਿਲਾ ਸੁਪਰਹਿਟ ਗੀਤ 'ਆਏਗਾ ਆਨੇ ਵਾਲਾ' ਸੀ ਜੋ ਰਹੱਸਮਈ ਤੇ ਰੁਮਾਂਚਪੂਰਨ ਫਿਲਮ 'ਮਹਿਲ' ਲਈ ਅਦਾਕਾਰਾ ਮਧੂਬਾਲਾ 'ਤੇ ਫਿਲਮਾਇਆ ਗਿਆ ਸੀ।

ਲਤਾ ਨੇ ਗੀਤ, ਕੱਵਾਲੀ, ਭਜਨ, ਸੂਫ਼ੀ, ਠੁਮਰੀ, ਲੋਕ ਗੀਤ ਅਤੇ ਗੁਰਬਾਣੀ ਸ਼ਬਦ ਆਦਿ ਸਣੇ ਹਰੇਕ ਸੰਗੀਤਕ ਸ਼ੈਲੀ ਨੂੰ ਬਾਖ਼ੂਬੀ ਨਿਭਾਇਆ। ਉਸ ਦੇ ਕਦੇ ਨਾ ਭੁਲਾਏ ਜਾ ਸਕਣ ਵਾਲੇ ਹਜ਼ਾਰਾਂ ਗੀਤਾਂ ਵਿੱਚੋਂ -'ਐ ਦਿਲੇ ਨਾਦਾਂ ਆਰਜ਼ੂ ਕਿਆ ਹੈ', 'ਯੂੰ ਹੀ ਕੋਈ ਮਿਲ ਗਿਆ ਥਾ ਸਰੇ ਰਾਹ ਚਲਤੇ ਚਲਤੇ', 'ਐ ਮਾਲਿਕ ਤੇਰੇ ਬੰਦੇ ਹਮ', 'ਮੈਂ ਹੂੰ ਖ਼ੁਸ਼ਰੰਗ ਹਿਨਾ', 'ਆਜਾ ਵੇ ਮਾਹੀ ਤੈਨੂੰ ਅੱਖੀਆਂ ਉਡੀਕਦੀਆਂ', 'ਦਿਲ ਅਪਨਾ ਔਰ ਪ੍ਰੀਤ ਪਰਾਈ', 'ਆਪ ਕੀ ਨਜ਼ਰੋਂ ਨੇ ਸਮਝਾ ਪਿਆਰ ਕੇ ਕਾਬਿਲ ਮੁਝੇ', 'ਲਗ ਜਾ ਗਲੇ ਕਿ ਫਿਰ ਯੇ ਹਸੀਂ ਰਾਤ ਹੋ ਨਾ ਹੋ', 'ਸੱਤਿਅਮ ਸ਼ਿਵਮ ਸੁੰਦਰਮ', 'ਯੇ ਗਲੀਆਂ ਯੇ ਚੌਬਾਰਾ ਯਹਾਂ ਆਨਾ ਨਾ ਦੋਬਾਰਾ', 'ਹਮ ਬਨੇ ਤੁਮ ਬਨੇ ਇਕ ਦੂਜੇ ਕੇ ਲੀਏ', 'ਦੀਦੀ ਤੇਰਾ ਦੇਵਰ ਦੀਵਾਨਾ' ਆਦਿ ਤਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।

ਲਤਾ ਬੌਲੀਵੁੱਡ ਦੀ ਇਕਲੌਤੀ ਅਜਿਹੀ ਗਾਇਕਾ ਸੀ ਜੋ ਜਿਉਂਦੇ ਜੀਅ ਹੀ ਪੂਜਣਯੋਗ ਹਸਤੀ ਬਣ ਗਈ ਸੀ। ਵਤਨ ਲਈ ਆਪਣੀਆਂ ਜਾਨਾਂ ਵਾਰ ਦੇਣ ਵਾਲੇ ਸ਼ਹੀਦ ਸੈਨਿਕਾਂ ਲਈ ਉਸ ਦਾ ਗਾਇਆ 'ਐ ਮੇਰੇ ਵਤਨ ਕੇ ਲੋਗੋ' ਜਿਹਾ ਨਗ਼ਮਾ ਜਿੱਥੇ ਭਾਰਤ ਦੇ ਪ੍ਰਧਾਨ ਮੰਤਰੀ ਸਮੇਤ ਹਰੇਕ ਦੇਸ਼ਵਾਸੀ ਦੀਆਂ ਅੱਖਾਂ ਨਮ ਕਰ ਗਿਆ ਸੀ, ਉੱਥੇ ਹੀ ਉਸ ਦੀ ਪੁਰਸੋਜ਼ ਆਵਾਜ਼ 'ਚ ਗਾਇਆ 'ਐ ਮਾਲਿਕ ਤੇਰੇ ਬੰਦੇ ਹਮ' ਜਿਹਾ ਗੀਤ ਤਾਂ ਪ੍ਰਾਰਥਨਾ ਵਜੋਂ ਭਾਰਤ ਅਤੇ ਪਾਕਿਸਤਾਨ ਦੇ ਸਕੂਲਾਂ ਵਿੱਚ ਗਾਇਆ ਜਾਣ ਲੱਗ ਪਿਆ ਸੀ।

ਲਤਾ ਨੂੰ ਉਸ ਦੀ ਦਿਲਕਸ਼ ਆਵਾਜ਼ ਲਈ 1989 ਵਿੱਚ 'ਦਾਦਾ ਸਾਹਿਬ ਫਾਲਕੇ ਪੁਰਸਕਾਰ', 2001 ਵਿੱਚ 'ਭਾਰਤ ਰਤਨ', 2007 ਵਿੱਚ ਫਰਾਂਸ ਦਾ ਸਭ ਤੋਂ ਵੱਡਾ ਸਿਵਿਲਿਅਨ ਸਨਮਾਨ 'ਨੈਸ਼ਨਲ ਆਰਡਰ ਆਫ਼ ਦਿ ਲਿਜੀਅਨ ਆਫ਼ ਆਨਰ' ਪ੍ਰਦਾਨ ਕਰਨ ਤੋਂ ਇਲਾਵਾ 'ਪਦਮ ਭੂਸ਼ਨ', 'ਪਦਮ ਵਿਭੂਸ਼ਨ', 'ਸੰਗੀਤ ਨਾਟਕ ਅਕਾਦਮੀ ਪੁਰਸਕਾਰ', 'ਸਰਬੋਤਮ ਗਾਇਕਾ ਦਾ ਕੌਮੀ ਪੁਰਸਕਾਰ', 'ਫਿਲਮਫੇਅਰ ਪੁਰਸਕਾਰ', 'ਲਾਈਫਟਾਈਮ ਐਚਵੀਵਮੈਂਟ ਪੁਰਸਕਾਰ' ਆਦਿ ਸਣੇ ਸੈਂਕੜੇ ਵੱਡੇ ਸਨਮਾਨਾਂ ਨਾਲ ਨਿਵਾਜਿਆ ਗਿਆ। 6 ਫਰਵਰੀ, 2022 ਨੂੰ ਸੰਗੀਤ ਦੀ ਇਸ ਦੇਵੀ ਦਾ ਦੇਹਾਂਤ ਹੋ ਗਿਆ। ਉਹ ਭਾਰਤੀ ਫਿਲਮ ਸੰਗੀਤ ਦੀ ਜਿੰਦਜਾਨ ਸੀ। ਕੋਈ ਸ਼ੱਕ ਨਹੀਂ ਹੈ ਕਿ ਦੁਨੀਆ 'ਤੇ ਯੁੱਗਾਂ-ਯੁੱਗਾਂ ਤੱਕ ਉਸ ਦੇ ਮਧੁਰ ਤਰਾਨਿਆਂ ਦੀਆਂ ਬਾਤਾਂ ਪੈਂਦੀਆਂ ਰਹਿਣਗੀਆਂ।

# ਮੋਬਾਇਲ ਦੇ ਸਿਗਨਲ ਨਹੀਂ ਪਰ ਵਾਈ-ਫਾਈ ਨਾਲ ਜੁੜਿਆ ਪੂਰਾ ਪਿੰਡ

ਸਰਹੱਦੀ ਪਿੰਡ ਅਕਸਰ ਵਿਕਾਸ ਪੱਖੋਂ ਊਣੇ ਰਹਿ ਜਾਂਦੇ ਹਨ ਅਤੇ ਇਨ੍ਹਾਂ 'ਤੇ ਪੱਛੜੇ ਹੋਣ ਦਾ ਠੱਪਾ ਲੱਗ ਜਾਂਦਾ ਹੈ ਪਰ ਅੱਜ-ਕੱਲ੍ਹ ਪੰਜਾਬ ਦਾ ਇੱਕ ਪਿੰਡ ਆਪਣੀ ਨਵੀਂ ਸ਼ੁਰੂਆਤ ਨੂੰ ਲੈਕੇ ਚਰਚਾ ਵਿੱਚ ਹੈ। ਇਹ ਪਿੰਡ ਹੈ ਜ਼ਿਲ੍ਹਾ ਪਠਾਨਕੋਟ ਦਾ ਰਾਮਕਲਵਾਂ, ਜੋ ਭਾਰਤ-ਪਾਕਿਸਤਾਨ ਸਰਹੱਦ ਨੇੜੇ ਵਸਿਆ ਹੈ। ਇਸ ਪਿੰਡ ਦੀ ਪੰਚਾਇਤ ਖ਼ਾਸਕਰ ਮਹਿਲਾ ਸਰਪੰਚ ਦੀ ਨਿਵੇਕਲੀ ਸੋਚ ਸਦਕਾ ਇਹ ਪੂਰਾ ਪਿੰਡ ਮੁਫ਼ਤ ਵਾਈ-ਫਾਈ ਨਾਲ ਲੈਸ ਹੋ ਗਿਆ ਹੈ। ਇਸ ਸਹੂਲਤ ਨਾਲ ਸਭ ਤੋਂ ਵੱਡਾ ਫਾਇਦਾ ਇੱਥੋਂ ਦੇ ਵਿਦਿਆਰਥੀਆਂ ਨੂੰ ਹੋਇਆ ਹੈ।

ਸਰੋਜ ਕੁਮਾਰੀ ਪਿੰਡ ਦੀ ਮੌਜੂਦਾ ਮਹਿਲਾ ਸਰਪੰਚ ਹਨ। ਉਹ ਪਹਿਲਾਂ ਸਿੱਖਿਆ ਵਿਭਾਗ ਵਿੱਚ ਕਲਰਕ ਰਹਿ ਚੁੱਕੇ ਹਨ ਅਤੇ ਸੇਵਾਮੁਕਤ ਹੋਣ ਤੋਂ ਬਾਅਦ ਹੁਣ ਪਿੰਡ ਦੇ ਵਿਕਾਸ ਲਈ ਇੱਕ ਮਿਸਾਲ ਬਣ ਰਹੇ ਹਨ।

ਸੇਵਾਮੁਕਤ ਹੋਣ ਤੋਂ ਬਾਅਦ ਸਰਪੰਚ ਬਣਨ ਦੀ ਸੋਚ ਪਿੱਛੇ ਸਰੋਜ ਕੁਮਾਰੀ ਕਹਿੰਦੇ ਹਨ ਕਿ ਪਿੰਡ ਬਾਰਡਰ 'ਤੇ ਹੋਣ ਕਰਕੇ ਬਹੁਤ ਸਾਰੀਆਂ ਸਹੂਲਤਾਂ ਤੋਂ ਵਾਂਝਾ ਸੀ ਅਤੇ ਇਹ ਸੋਚ ਜ਼ਰੂਰ ਹੁੰਦੀ ਸੀ ਕਿ ਪਿੰਡ ਦਾ ਸੁਧਾਰ ਹੋਵੇ ਅਤੇ ਪੰਚਾਇਤ ਵਿੱਚ ਆਵਾਜ਼ ਵੀ ਚੁੱਕਦੇ ਰਹੇ ਪਰ ਕੋਈ ਬਦਲਾਅ ਨਹੀਂ ਹੋਇਆ। "ਫਿਰ ਅਸੀਂ ਸੋਚਿਆ ਕਿ ਜੇ ਬਦਲਾਅ ਲਿਆਉਣਾ ਤਾਂ ਖੁਦ ਹੀ ਸਰਪੰਚੀ ਵਿੱਚ ਆਉਣਾ ਪਵੇਗਾ, ਇਸ ਕਰਕੇ ਅਸੀਂ ਸਰਪੰਚੀ ਵਿੱਚ ਆਏ।"

ਪੂਰੇ ਪਿੰਡ ਨੂੰ ਮੁਫਤ ਵਾਈ-ਫਾਈ ਦੇਣ ਦਾ ਵਿਚਾਰ ਕਿੱਥੋਂ ਆਇਆ ਤਾਂ ਇਸ ਸਵਾਲ ਦੇ ਜਵਾਬ ਵਿੱਚ ਸਰੋਜ ਕੁਮਾਰੀ ਦੱਸਦੇ ਹਨ ਕਿ ਇਸ ਪਿੰਡ ਵਿੱਚ ਮੋਬਾਈਲ ਨੈੱਟਵਰਕ ਦੀ ਬਹੁਤ ਵੱਡੀ ਸਮੱਸਿਆ ਹੈ। ਉਹ ਦੱਸਦੇ ਹਨ, "ਇੱਥੇ ਇੰਟਰਨੈੱਟ ਤਾਂ ਛੱਡੋ ਫੋਨ ਦੇ ਨੈੱਟਵਰਕ ਤੱਕ ਨਹੀਂ ਆਉਂਦੇ, ਸਕੂਲੀ ਬੱਚੇ ਤਾਂ ਪ੍ਰੇਸ਼ਾਨ ਹੁੰਦੇ ਹੀ ਸੀ ਸਾਡੇ ਲਈ ਵੀ ਔਖਾ ਸੀ। ਉਪਰੋਂ ਵਿਦਿਆਰਥੀਆਂ ਦੀਆਂ ਆਨਲਾਈਨ ਕਲਾਸਾਂ ਲੱਗਣੀਆਂ ਤੇ ਇੰਟਰਨੈੱਟ ਉਪਰ ਕੰਮ ਮਿਲਣ ਕਾਰਨ ਉਹ ਵੇਲੇ ਬੈਠੇ ਰਹਿੰਦੇ ਸੀ ਤੇ ਪ੍ਰੇਸ਼ਾਨ ਸਨ। ਕਰੋਨਾ ਕਾਲ ਦੇ ਸਮੇਂ ਇਹ ਸਮੱਸਿਆ ਆਈ ਤੇ ਮਾਪੇ ਇੰਨਾ ਅਮੀਰ ਤਾਂ ਨਹੀਂ ਹਨ ਕਿ ਉਹ ਇੰਟਰਨੈੱਟ ਲਈ ਵੱਖਰਾ ਖਰਚਾ ਕਰਨ। ਉਸ ਸਮੇਂ ਸੋਚਦੇ ਸੀ ਕਿ ਇਸ ਸਮੱਸਿਆ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ।" ਸਰੋਜ ਕੁਮਾਰੀ ਦੱਸਦੇ ਹਨ, "ਇਹ ਵਿਚਾਰ ਕਰੋਨਾ ਵੇਲੇ ਤੋਂ ਹੀ ਸੀ ਪਰ ਅਸੀਂ ਕੁਝ ਕਰ ਨਹੀਂ ਸੀ ਸਕਦੇ ਫਿਰ ਸਰਪੰਚ ਬਣਨ ਤੋਂ ਬਾਅਦ ਅਸੀਂ ਇਸ ਸਮੱਸਿਆ ਦਾ ਹੱਲ



ਕਰਨ ਦੇ ਯੋਗ ਸੀ।'' ''ਸਾਡੇ ਘਰ ਬੀਐੱਸਐੱਨਐੱਲ ਦਾ ਵਾਈ-ਫਾਈ ਲੱਗਿਆ ਸੀ ਤੇ ਜਦੋਂ ਬੀਐੱਸਐੱਨਐੱਲ ਵਰਕਰ ਘਰ ਆਉਂਦੇ ਸੀ ਤਾਂ ਉਨ੍ਹਾਂ ਤੋਂ ਪਿੰਡ ਦੀ ਇਸ ਸਮੱਸਿਆ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਸਾਨੂੰ ਇਸ ਵਿਚਾਰ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇੱਕ ਸਕੀਮ ਹੈ, ਜਿਸ ਤਹਿਤ ਇਹ ਹੋ ਸਕਦਾ ਤੇ ਅਸੀਂ ਫਿਰ ਉਨ੍ਹਾਂ ਦੇ ਪਿੱਛੇ ਹੀ ਪੈ ਗਏ ਕਿ ਸਾਨੂੰ ਇਹ ਕਰਕੇ ਦਿਓ। ਉਸ ਮਗਰੋਂ ਇਹ ਹੱਲ ਹੋਇਆ।" ਸਰਪੰਚ ਸਰੋਜ ਕੁਮਾਰੀ ਦੱਸਦੇ ਹਨ ਕਿ ਪਿੰਡ ਵਿੱਚ ਕਰੀਬ 150 ਘਰ ਹਨ ਅਤੇ ਹਰ ਘਰ ਨੂੰ ਇਹ ਇਹ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਦੱਸਦੇ ਹਨ ਕਿ ਪੰਚਾਇਤ ਦੀ ਜ਼ਮੀਨ ਦੇ ਪੈਸਿਆਂ ਵਿੱਚੋਂ ਹੀ ਇਹ ਅਦਾਇਗੀ ਦਿੱਤੀ ਜਾ ਰਹੀ ਹੈ। ਸਰੋਜ ਕਹਿੰਦੇ ਹਨ, "ਠੇਕੇ ਉਪਰ ਦਿੱਤੀ ਪੰਚਾਇਤੀ ਜ਼ਮੀਨ ਨਾਲ ਹੀ ਇਸ ਵਾਈ-ਫਾਈ ਦੀ ਅਦਾਇਗੀ ਕੀਤੀ ਜਾਂਦੀ ਹੈ। ਪੈਸੇ ਪਿੰਡ ਦੀ ਪੰਚਾਇਤ ਦੇ ਹਨ, ਪਿੰਡ ਦੇ ਲੋਕਾਂ ਦੇ ਹਨ ਅਤੇ ਉਸ ਨਾਲ ਹੀ ਪਿੰਡ ਦੇ ਲੋਕਾਂ ਨੂੰ ਇਹ ਸਹੂਲਤ ਦਿੱਤੀ ਗਈ ਹੈ।" ਉਨ੍ਹਾਂ ਨੂੰ ਸਰਪੰਚ ਬਣਿਆ ਸਾਲ ਹੋ ਚੁੱਕਾ ਹੈ ਅਤੇ ਉਹ ਦੱਸਦੇ ਹਨ ਕਿ ਸਾਲ ਦੀ ਸਾਲ ਇਸ ਸਹੂਲਤ ਦੀ ਅਦਾਇਗੀ ਕੀਤੀ ਜਾਣੀ ਹੈ। ਸਰੋਜ ਦੱਸਦੇ ਹਨ ਕਿ ਉਨ੍ਹਾਂ ਦੀ ਇਹ ਪਹਿਲਕਦਮੀ ਹੋਰਾਂ ਪਿੰਡਾਂ ਦੀਆਂ ਪੰਚਾਇਤਾਂ ਲਈ ਵੀ ਪ੍ਰੇਰਣਾ ਬਣ ਰਹੀ ਹੈ ਤੇ ਕਈ ਸਰਪੰਚ ਫੋਨ ਕਰਕੇ ਇਸ ਪ੍ਰੋਗਰਾਮ ਬਾਰੇ ਪੁੱਛਦੇ ਹਨ। "ਸਾਨੂੰ ਲੱਗਿਆ ਸੀ ਕਿ ਸਾਡਾ ਪਿੰਡ ਜ਼ਿਲ੍ਹਾ ਦਾ ਜਾਂ ਇਧਰਲੇ ਸਰਹੱਦੀ ਇਲਾਕੇ ਦਾ ਪਹਿਲਾ ਪਿੰਡ ਹੈ, ਜਿੱਥੇ ਮੁਫ਼ਤ ਵਾਈ-ਫਾਈ ਲੱਗਿਆ ਪਰ ਸਾਨੂੰ ਬੀਐੱਸਐੱਨਐੱਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਪ੍ਰਾਜੈਕਟ ਪੰਜਾਬ ਵਿੱਚ ਪਹਿਲੀ ਵਾਰ ਹੋ ਰਿਹਾ ਹੈ। ਇਸ ਕਰਕੇ ਇਹ ਪੰਜਾਬ ਦਾ ਪਹਿਲਾ ਪਿੰਡ ਹੈ, ਜਿੱਥੇ ਮੁਫਤ ਵਾਈ-ਫਾਈ ਦੀ ਸਹੂਲਤ ਦਿੱਤੀ ਜਾ ਰਹੀ ਹੈ।" ਉਹ ਦੱਸਦੇ ਹਨ ਕਿ ਪਿੰਡ ਹਰ ਨੌਜਵਾਨ ਵਿਦਿਆਰਥੀ ਇਸ ਸਹੂਲਤ ਤੋਂ ਬਹੁਤ ਖੁਸ਼ ਹੈ।

ਇਸ ਪਿੰਡ ਦੇ ਬੱਚੇ ਅਤੇ ਨੌਜਵਾਨ ਵੀ ਪਿੰਡ ਦੀ ਪੰਚਾਇਤ ਵੱਲੋਂ ਕੀਤੀ ਇਸ ਪਹਿਲ ਤੋਂ ਬਹੁਤ ਖੁਸ਼ ਹਨ ਅਤੇ ਉਹਨਾਂ ਦਾ ਕਹਿਣਾ ਹੈ ਕਿ ਉਹ ਪਿੰਡ ਜਿਸ ਦੀ ਕੋਈ ਪਹਿਚਾਣ ਨਹੀਂ ਸੀ ਅੱਜ ਹੋਰਨਾਂ ਪਿੰਡਾਂ ਵਿੱਚ ਉਹਨਾਂ ਦੇ ਪਿੰਡ ਦੀ ਚਰਚਾ ਹੈ। ਅੰਜਲੀ ਕੌਰ ਪਿੰਡ ਦੇ ਹੀ ਵਸਨੀਕ ਹਨ ਤੇ ਬੱਚਿਆਂ ਨੂੰ ਪਿੰਡ ਵਿੱਚ ਹੀ ਪੜ੍ਹਾਉਂਦੇ ਹਨ। ਉਹ ਇਸ ਸਹੂਲਤ ਨਾਲ ਬਹੁਤ ਖੁਸ਼ ਹਨ। ਉਹ ਦੱਸਦੇ ਹਨ ਕਿ ਇਸ ਤੋਂ ਪਹਿਲਾਂ ਪਿੰਡ ਵਿੱਚ ਨੈੱਟਵਰਕ ਨਾ ਦੇ ਬਰਾਬਰ ਹੋਣ ਕਰਕੇ ਪੜ੍ਹਨ ਤੇ ਹੋਰ ਕੰਮਾਂ ਵਿੱਚ ਮੁਸ਼ਕਲ ਆਉਂਦੀ ਸੀ ਪਰ ਆਨਲਾਈਨ ਪੜ੍ਹਣਾ ਅਸਾਨ ਹੋ ਗਿਆ। "ਇੰਟਰਨੈੱਟ ਅੱਜ ਦੇ ਸਮੇਂ ਸਭ ਦੀ ਪਹਿਲੀ ਜ਼ਰੂਰਤ ਹੈ ਅਤੇ ਹੁਣ ਪੜ੍ਹਾਈ ਵੀ ਆਨਲਾਈਨ ਜ਼ਿਆਦਾ ਹੁੰਦੀ ਹੈ। ਇਸ ਕਰਕੇ ਪਿੰਡ ਵਿੱਚ ਵਾਈਫਾਈ ਲੱਗਣ ਕਰਕੇ ਅਸੀਂ ਬਹੁਤ ਖੁਸ਼ ਹਾਂ, ਇਸ ਨਾਲ ਸਾਡੀ ਸਮੱਸਿਆ ਹੱਲ ਹੋ ਗਈ ਹੈ। ਅੱਜ ਤੱਕ ਕਿਸੇ ਪੰਚਾਇਤ ਨੇ ਇਹ ਕਦਮ ਨਹੀਂ ਚੁੱਕਿਆ ਪਰ ਇਸ ਪੰਚਾਇਤ ਨੇ ਇਹ ਸਹੂਲਤ ਦੇ ਕੇ ਸਮੱਸਿਆ ਦਾ ਹੱਲ ਕੀਤਾ।" ਸ਼ੁਸ਼ਾਂਤ ਵੀ ਇਸੇ ਪਿੰਡ ਦੇ ਨੌਜਵਾਨ ਵਿਦਿਆਰਥੀ ਹਨ।

ਉਹ ਕਹਿੰਦੇ ਹਨ, "ਸਾਨੂੰ ਆਪਣੇ ਪਿੰਡ 'ਤੇ ਮਾਣ ਹੈ ਕਿ ਸਾਡੇ ਪਿੰਡ ਵਿੱਚ ਮੁਫਤ ਵਾਈ-ਫਾਈ ਹੈ। ਇਸ ਸਹੂਲਤ ਨਾਲ ਸਾਡੇ ਵਿਦਿਆਰਥੀ ਵਰਗ ਨੂੰ ਪੜ੍ਹਣ ਵਿੱਚ ਬਹੁਤ ਸੌਖ ਹੋਈ ਹੈ। ਪਹਿਲਾਂ ਇੰਟਰਨੈੱਟ ਨਾ ਚਲਣ ਕਾਰਨ ਮੁਸ਼ਕਲ ਹੁੰਦੀ ਸੀ ਪਰ ਹੁਣ ਇਸ ਦਾ ਹੱਲ ਹੋ ਗਿਆ ਹੈ। ਕਈ ਜਣੇ ਮਹਿੰਗੇ ਇੰਟਰਨੈੱਟ ਪੈਕ ਲੈ ਵੀ ਨਹੀਂ ਸਕਦੇ ਤੇ ਪਿੰਡ ਵੱਲੋਂ ਦਿੱਤਾ ਜਾ ਰਿਹਾ ਵਾਈ-ਫਾਈ ਮੁਫਤ ਹੈ ਤੇ ਅਨਲਿਮਿਟਡ ਹੈ। ਇਸ ਦੇ ਪਾਸਵਰਡ ਵੀ ਪਿੰਡਾਂ ਦੀਆਂ ਕੰਧਾਂ ਉਪਰ ਲਗਾਏ ਗਏ ਹਨ। ਅੱਜ ਦੇ ਸਮੇਂ ਵਿੱਚ ਇੰਟਰਨੈੱਟ ਤੋਂ ਬਿਨਾਂ ਕੁਝ ਸੰਭਵ ਨਹੀਂ ਹੈ ਤੇ ਇਸ ਦੀ ਸਭ ਨੂੰ ਬਹੁਤ ਜ਼ਰੂਰਤ ਹੈ।" ਸ਼ੁਸ਼ਾਂਤ ਕਹਿੰਦੇ ਹਨ ਕਿ ਇੰਟਰਨੈੱਟ ਦੇ ਦੋਵੇਂ ਪਹਿਲੂ ਹਨ, ਇਹ ਸਾਡੇ ਉਪਰ ਹੈ ਕਿ ਅਸੀਂ ਇਸ ਨੂੰ ਕਿਵੇਂ ਇਸਤੇਮਾਲ ਕਰਨਾ ਹੈ।

"ਇਹ ਸਾਡੀ ਜ਼ਿੰਦਗੀ ਬਣਾ ਵੀ ਸਕਦਾ ਤੇ ਜੇ ਇਸ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਇਹ ਸਾਡੀ ਜ਼ਿੰਦਗੀ ਬਰਬਾਦ ਵੀ ਕਰ ਸਕਦਾ ਹੈ। ਸਾਡੇ ਪਿੰਡ ਦੀ ਇਹ ਸਹੂਲਤ ਸਾਡੀ ਸਿੱਖਿਆ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ।" ਬੀਐੱਸਐੱਨਐੱਲ ਦੇ ਡਿਪਟੀ ਜਨਰਲ ਮੈਨੇਜਰ ਬਲਬੀਰ ਸਿੰਘ ਦੱਸਦੇ ਹਨ ਕਿ ਪਿੰਡ ਰਾਮਕਲਵਾਂ ਦੇ ਸਰਪੰਚ ਅਤੇ ਉਨ੍ਹਾਂ ਦੇ ਬੇਟੇ ਵੱਲੋਂ ਪਿੰਡ ਵਿੱਚ ਵਾਈ-ਫਾਈ ਲਗਾਉਣ ਦੀ ਗੱਲ ਸਾਡੇ ਤੱਕ ਪਹੁੰਚੀ ਸੀ। ਉਹ ਦੱਸਦੇ ਹਨ, "ਅਸੀਂ ਉਨ੍ਹਾਂ ਨੂੰ ਫਿਰ ਵਿਦਿਆ ਮਿਤਰਮ ਸਕੀਮ ਬਾਰੇ ਸਲਾਹ ਦਿੱਤੀ, ਜਿਸ ਵਿੱਚ ਅਸੀਂ ਉਨ੍ਹਾਂ ਨੂੰ ਤਿੰਨ ਕੁਨੈਕਸ਼ਨ ਦਿੱਤੇ ਤਾਂ ਸਰਪੰਚ ਸਾਬ੍ਹ ਨੇ ਕਿਹਾ ਵੀ ਠੀਕ ਹੈ ਇਹ ਲਗਾ ਦਵੋ। ਉਸ ਸਮੇਂ ਮੰਤਰੀ ਲਾਲ ਚੰਦ ਕਟਾਰੂਚੱਕ ਵੀ ਆਏ ਤੇ ਉਨ੍ਹਾਂ ਨੇ ਕਿਹਾ ਕਿ ਉਹ ਹੋਰਾਂ ਪੰਚਾਇਤਾਂ ਲਈ ਵੀ ਇਹ ਸਕੀਮ ਕਰਵਾਉਣਗੇ।"

ਬਲਵੀਰ ਸਿੰਘ ਦੀ ਟੀਮ ਨੂੰ ਆਈਆਂ ਚੁਣੌਤੀਆਂ ਬਾਰੇ ਉਹ ਦੱਸਦੇ ਹਨ ਕਿ ਉਸ ਪਿੰਡ ਵਿੱਚ ਨੈੱਟਵਰਕ ਬਹੁਤ ਕਮਜ਼ੋਰ ਹੈ, ਸਰਹੱਦ ਦੇ ਨੇੜੇ ਹੈ ਅਤੇ ਸਾਡੇ ਵਿਭਾਗ ਲਈ ਵੀ ਅਜਿਹੇ ਵਿੱਚ ਕੁਝ ਸੀਮਾ ਨਿਰਧਾਰਤ ਹੁੰਦੀ ਹੈ ਕਿ ਅਸੀਂ ਨੈੱਟਵਰਕ ਦੀ ਵੋਲਿਊਮ ਕਿੰਨੀ ਕੁ ਵਧਾ ਸਕਦੇ ਹਾਂ ਕਿਉਂਕਿ ਸਿੰਗਨਲ ਬਾਰਡਰ ਤੋਂ ਪਾਰ ਨਹੀਂ ਜਾਣਾ ਚਾਹੀਦਾ। "ਸਰਹੱਦੀ ਪਿੰਡ ਹੋਣ ਕਰਕੇ ਸਾਡੇ ਲਈ ਇਹ ਵੱਡੀ ਚੁਣੌਤੀ ਸੀ ਪਰ ਅਸੀਂ ਇਸ ਪਿੰਡ ਨੂੰ ਪੂਰੀ ਸਪੋਰਟ ਕੀਤੀ। ਇਹ ਪਠਾਨਕੋਟ ਜ਼ਿਲ੍ਹਾ ਦਾ ਤਾਂ ਪਹਿਲਾਂ ਪਿੰਡ ਹੈ ਹੀ ਪਰ ਪੰਜਾਬ ਵਿੱਚ ਵੀ ਸ਼ਾਇਦ 99 ਫੀਸਦ ਪਹਿਲਾਂ ਹੀ ਪਿੰਡ ਹੈ।"

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd,
Richmond, CA 94806**







## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# ਸਰ ਕਰੀਕ ਰੇੜਕੇ ਦੀ ਕਹਾਣੀ



ਸ਼ਿਆਮ ਸਰਨ

ਭਾਰਤ ਅਤੇ ਪਾਕਿਸਤਾਨ ਵਿਚਕਾਰ ਰਣ ਕੱਛ ਵਿਚਲਾ ਸਰ ਕਰੀਕ ਸਰਹੱਦੀ ਵਿਵਾਦ ਇਕ ਵਾਰ ਫਿਰ ਭੜਕ ਪਿਆ ਹੈ। ਪਾਕਿਸਤਾਨ ਇਸ ਦੇ ਪੱਛਮੀ ਕੰਢੇ 'ਤੇ ਕਿਲੇਬੰਦੀ ਕਰ ਰਿਹਾ ਹੈ ਜਿਸ ਤੋਂ ਬਾਅਦ ਹੋਰ ਜ਼ਿਆਦਾ ਜ਼ਾਰਿਹਾਨਾ ਰੁਖ਼ ਸਾਹਮਣੇ ਆ ਸਕਦਾ ਹੈ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਿਛਲੇ ਹਫ਼ਤੇ ਸਖ਼ਤ ਚਿਤਾਵਨੀ ਦਿੰਦਿਆਂ ਆਖਿਆ ਸੀ ਕਿ ਸਰ ਕਰੀਕ ਖੇਤਰ ਵਿਚ ਕਿਸੇ ਵੀ ਤਰ੍ਹਾਂ ਦੇ ਪਾਕਿਸਤਾਨੀ ਦੁਸਾਹਸ ਦਾ ਭਾਰਤ ਕਰੜਾ ਜਵਾਬ ਦੇਵੇਗਾ ਜਿਸ ਨਾਲ ਇਤਿਹਾਸ ਅਤੇ ਭੂਗੋਲ, ਦੋਵੇਂ ਬਦਲ ਸਕਦੇ ਹਨ। ਇਸ ਦੀ ਸੁਰ ਮਾਤਮੀ ਜਾਪਦੀ ਹੈ ਪਰ ਇਸ ਵੇਲੇ ਦੋਵੇਂ ਪਾਸਿ ' ਜੋ ਭੜਕਾਊ ਬਿਰਤਾਂਤ ਚਲਾਇਆ ਜਾ ਰਿਹਾ ਹੈ, ਇਹ ਉਸੇ ਦਾ ਹਿੱਸਾ ਹੈ।

2005-07 'ਚ ਭਾਰਤ ਪਾਕਿਸਤਾਨ ਸਰਬਪੱਖੀ ਗੱਲਬਾਤ ਦੌਰਾਨ ਇਹ ਵਿਵਾਦ ਹੱਲ ਹੋਣ ਨੇੜੇ ਪੁੱਜ ਗਿਆ ਸੀ, ਜਦੋਂ ਸ਼ਾਇਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਬਹੁਤ ਪੁਰਉਮੀਦ ਅਤੇ ਉਸਾਰੂ ਦੌਰ ਵਿੱਚ ਦਾਖ਼ਲ ਹੋ ਗਏ ਸਨ। ਉਸ ਦੌਰ ਦਾ ਚੇਤਾ ਇਸ ਲਈ ਕਰਨਾ ਪੈ ਰਿਹਾ ਹੈ ਤਾਂ ਕਿ ਇਹ ਨੁਕਤਾ ਸਿੱਧ ਕੀਤਾ ਜਾ ਸਕੇ ਕਿ ਜਦੋਂ ਸਾਡੇ ਸਿਰਾਂ 'ਤੇ ਸਿਆਹ ਬੱਦਲ ਮੰਡਰਾਅ ਰਹੇ ਹੋਣ ਤਾਂ ਕੂਟਨੀਤੀ ਦੀ ਬਹੁਤ ਲੋੜ ਪੈਂਦੀ ਹੈ। ਭਾਰਤ ਦੇ ਵਿਦੇਸ਼ ਸਕੱਤਰ ਵਜੋਂ ਮੇਰੇ ਕਾਰਜਕਾਲ (2004-06) ਦੌਰਾਨ ਭਾਰਤ-ਪਾਕਿਸਤਾਨ ਵਾਰਤਾਵਾਂ ਦਾ ਫੋਕਸ ਦੋ ਮੁੱਦਿਆਂ 'ਤੇ ਕੇਂਦਰਤ ਸੀ ਜਿਸ ਨੂੰ ਲੈ ਕੇ ਦੋਵੇਂ ਧਿਰਾਂ ਸਹਿਮਤ ਸਨ ਕਿ ਮੁੱਦਿਆਂ ਦੇ ਨਿਬੇੜੇ ਦੀ 'ਅਗੇਤੀ ਵਾਢੀ' ਸੰਭਵ ਹੈ। ਇਕ ਮੁੱਦਾ ਸੀ ਸਿਆਚਿਨ ਦਾ ਅਤੇ ਦੂਜਾ ਸੀ ਸਰ ਕਰੀਕ ਦਾ। ਸਰ ਕਰੀਕ ਮੁੱਦੇ ਦਾ ਨਿਬੇੜਾ ਨਿਸਬਤਨ ਸੌਖਾ ਤਸਲੀਮ ਕੀਤਾ ਜਾਂਦਾ ਸੀ।



ਸਭ ਤੋਂ ਪਹਿਲਾਂ 1908 ਵਿੱਚ ਕੱਛ ਅਤੇ ਸਿੰਧ ਵਿਚਕਾਰ ਸਰ ਕਰੀਕ ਵਿਵਾਦ ਪੈਦਾ ਹੋਇਆ ਸੀ ਜਿਸ ਨੂੰ ਉਦੋਂ 'ਬਨ ਗੰਗਾ' ਕਿਹਾ ਜਾਂਦਾ ਸੀ। 1914 ਵਿੱਚ ਬੰਬਈ ਦੀ ਬਰਤਾਨਵੀ ਬਸਤੀਵਾਦੀ ਸਰਕਾਰ ਜਿਸ ਦਾ ਗੁਜਰਾਤ ਅਤੇ ਸਿੰਧ ਉਪਰ ਅਧਿਕਾਰ ਖੇਤਰ ਕਾਇਮ ਸੀ, ਨੇ ਮਤਾ ਜਾਰੀ ਕੀਤਾ ਜਿਸ ਵਿੱਚ ਕਰੀਕ ਦੀ ਸਰਹੱਦ ਬਾਰੇ ਆਪਾ ਵਿਰੋਧੀ ਧਾਰਾਵਾਂ ਵਿੱਚ ਦਰਜ ਸਨ। ਇਸ ਦੇ ਪੈਰਾ 9 ਵਿੱਚ ਕਰੀਕ ਦੇ ਪੂਰਬੀ ਕੰਢੇ ਦੀ ਸੇਧ ਦਰਸਾਈ ਗਈ ਸੀ ਜੋ ਸਿੰਧ ਦੇ ਹੱਕ ਵਿੱਚ ਜਾਂਦੀ ਸੀ। ਅਗਲੇ ਪੈਰੇ ਵਿੱਚ ਕਰੀਕ ਦੇ ਧੁਰ ਅੰਦਰ ਪੈਂਦੇ ਚੈਨਲ ਨੂੰ ਇਸ ਬਿਨਾਅ 'ਤੇ ਸਰਹੱਦ ਮੰਨਿਆ ਗਿਆ ਸੀ ਕਿ ਸਾਲ ਦੇ ਜ਼ਿਆਦਾਤਰ ਸਮੇਂ ਵਿੱਚ ਕਰੀਕ ਉਪਰ ਜਹਾਜ਼ਰਾਨੀ ਕੀਤੀ ਜਾ ਸਕਦੀ ਹੈ। ਜ਼ਾਹਿਰ ਹੈ ਕਿ ਪਾਕਿਸਤਾਨ ਪਹਿਲੇ ਪੈਰੇ ਨੂੰ ਅਮਲ ਵਿੱਚ ਲਿਆਉਣ 'ਤੇ ਜ਼ੋਰ ਦਿੰਦਾ ਹੈ। ਭਾਰਤ ਵਲੋਂ ਅੱਧ ਵਿਚਕਾਰ ਪੈਂਦੇ ਚੈਨਲ ਦੀ ਸੇਧ ਨੂੰ ਪਰਿਭਾਸ਼ਤ ਕਰਨ ਵਾਲੇ ਥਾਲਵੈਗ ਨੇਮ ਦੀ ਪਾਲਣਾ ਉਪਰ ਜ਼ੋਰ ਦਿੱਤਾ ਜਾਂਦਾ ਹੈ। ਭਾਰਤੀ ਪੱਖ ਨੂੰ ਇਸ ਤੱਥ ਦੇ ਮੱਦੇਨਜ਼ਰ ਮਜ਼ਬੂਤੀ ਮਿਲੀ ਕਿ 1925 ਵਿੱਚ ਅੱਧ ਵਿਚਕਾਰਲੇ ਮੁਹਾਣ ਵਿੱਚ ਸਰਹੱਦੀ ਖੰਭੇ ਗੱਡੇ ਗਏ ਸਨ ਜਿਨ੍ਹਾਂ 'ਚੋਂ ਕਈ ਅਜੇ ਵੀ ਮੌਜੂਦ ਹਨ।

ਸੇਧ ਇੰਨੀ ਅਹਿਮ ਕਿਉਂ ਹੈ? ਸਰ ਕਰੀਕ ਦਾ ਜ਼ਿਆਦਾਤਰ ਖੇਤਰ ਖਾਰੇ ਪਾਣੀ ਵਾਲਾ ਦਲਦਲੀ ਇਲਾਕਾ ਹੈ ਜਿਸ ਵਿੱਚ ਵਸੋਂ ਨਾਮਾਤਰ ਹੈ। ਜ਼ਮੀਨੀ ਸਰਹੱਦ ਦਾ ਨਿਬੇੜਾ ਇਸ ਲਈ ਅਹਿਮ ਮੰਨਿਆ ਜਾਂਦਾ ਹੈ ਕਿਉਂਕਿ ਜ਼ਮੀਨੀ ਟਰਮੀਨਲ ਨੁਕਤੇ ਉਪਰ ਸਹਿਮਤੀ ਬਣਨ ਨਾਲ ਉਹ ਬੇਸਲਾਈਨ ਖਿੱਚੀ ਜਾ ਸਕੇਗੀ ਜਿਸ ਤੋਂ ਅਰਬ ਸਾਗਰ ਵਿੱਚ ਸਮੁੰਦਰੀ ਹੱਦਬੰਦੀ ਕੀਤੀ ਜਾ ਸਕੇ। ਕਰੀਕ ਦੇ ਮੁੱਖ ਉਪਰ ਕੁਝ ਕਿਲੋਮੀਟਰ ਦੀ ਰੱਦੋਬਦਲ ਨਾਲ ਸਮੁੰਦਰੀ ਹੱਦਬੰਦੀ ਰੇਖਾ ਬਦਲ ਜਾਵੇਗੀ ਜਿਸ ਨਾਲ ਵਿਸ਼ੇਸ਼ ਆਰਥਿਕ ਜ਼ੋਨ ਦੇ ਹਜ਼ਾਰਾਂ ਕਿਲੋਮੀਟਰ ਰਕਬਾ ਅਤੇ ਦੋਵਾਂ ਦੇਸ਼ਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਕੌਂਟੀਨੈਂਟਲ ਸ਼ਿਫਟ ਵਿੱਚ ਤਬਦੀਲੀ ਆ ਜਾਵੇਗੀ। ਸਮਝਿਆ ਜਾਂਦਾ ਹੈ ਕਿ ਵਿਸ਼ੇਸ਼ ਆਰਥਿਕ ਜ਼ੋਨ ਵਿੱਚ ਤੇਲ ਤੇ ਗੈਸ ਦੇ ਕਾਫ਼ੀ ਭੰਡਾਰ ਅਤੇ ਮੱਛੀਆਂ ਦੇ ਭੰਡਾਰ ਹੋ ਸਕਦੇ ਹਨ। ਜਿਹੜੇ ਦੇਸ਼ ਨੂੰ ਸਮੁੰਦਰ ਨਾਲ ਲਗਦੇ ਖੇਤਰ ਦਾ ਜ਼ਿਆਦਾ ਹਿੱਸਾ ਆਵੇਗਾ, ਉਸ ਨੂੰ ਇਨ੍ਹਾਂ ਅਹਿਮ ਸਰੋਤਾਂ ਉਪਰ ਵਧੇਰੇ ਅਧਿਕਾਰ ਹਾਸਲ ਹੋਣਗੇ। ਸਰਬਪੱਖੀ ਵਾਰਤਾ ਦੇ 2005-07 ਦੇ ਪੜਾਅ ਦੌਰਾਨ ਕਮਜ਼ੋਰ ਤਜਵੀਜ਼ ਵਿਚਾਰੀ ਗਈ ਸੀ। ਦੋਵਾਂ ਮੁਲਕਾਂ ਦੀ ਜਲ ਸੈਨਾ ਦੇ ਹਾਈਡ੍ਰੋਗ੍ਰਾਫਰ ਅਤੇ ਨਿਰੀਖਕ ਇਸ ਸੰਵਾਦ ਵਿੱਚ ਸ਼ਾਮਿਲ ਸਨ ਜਿਨ੍ਹਾਂ ਨੇ ਤਕਨੀਕੀ ਵਿਚਾਰ-ਚਰਚਾ ਕੀਤੀ ਸੀ। ਸਰਵੇਖਕਾਂ ਨੇ ਖਾੜੀ ਦੇ ਸਿਰੇ 'ਤੇ ਅਨਿਸ਼ਚਿਤ ਸਮੁੰਦਰੀ ਇਲਾਕੇ ਉਤੇ ਵਿਵਾਦ ਨੂੰ ਵਧੇਰੇ ਤੰਗ ਤਿਕੋਣੇ ਜ਼ੋਨ ਤੱਕ ਸੀਮਾਬੱਧ ਕਰਨ ਲਈ ਵਿਗਿਆਨਕ ਮੈਪਿੰਗ ਦੀ ਵਰਤੋਂ ਕੀਤੀ ਸੀ। ਦੋਵਾਂ ਮੁਲਕਾਂ ਨੇ ਤਜਵੀਜ਼ਸ਼ੁਦਾ ਜ਼ਮੀਨੀ ਸਫ਼ਬੰਦੀ ਮੁਤਾਬਿਕ ਸਾਗਰ ਤੋਂ ਤੱਟ ਤੱਕ ਆਪਸੀ ਸਹਿਮਤੀ ਨਾਲ ਮਿੱਥੇ ਬਿੰਦੂਆਂ ਤੋਂ ਰੇਖਾਵਾਂ ਖਿੱਚ ਕੇ ਇਹ ਖੇਤਰ ਬਣਾਇਆ ਸੀ। ਸੰਭਾਵੀ ਸਮਝੌਤੇ ਵਿੱਚ ਜ਼ਮੀਨ ਬਦਲੇ ਸਮੁੰਦਰ ਦੇਣਾ ਸ਼ਾਮਿਲ ਸੀ। ਜੇ ਭਾਰਤ ਪਾਕਿਸਤਾਨ ਦੀ ਸਫ਼ਬੰਦੀ ਸਵੀਕਾਰਦਾ (ਖਾੜੀ ਦੀ ਪੂਰਬੀ ਕੰਢੇ ਦੀ ਸੀਮਾ), ਤਾਂ ਇਸ ਨੂੰ ਬਾਕੀ ਬਚੇ ਅਨਿਸ਼ਚਿਤ ਸਾਗਰੀ ਖੇਤਰ ਦੇ ਨਾਲ ਵੱਡੇ ਹਿੱਸੇ ਦੇ ਰੂਪ ਵਿੱਚ ਅਦਾ ਕਰਨਾ ਪੈਂਦਾ, ਜੋ ਅਨੁਮਾਨਿਤ 60 ਪ੍ਰਤੀਸ਼ਤ ਹੁੰਦਾ। ਜੇ ਖਾੜੀ ਵਿੱਚ ਭਾਰਤੀ ਸਫ਼ਬੰਦੀ ਸਵੀਕਾਰੀ ਜਾਂਦੀ ਤਾਂ ਪਾਕਿਸਤਾਨ ਨੂੰ ਵੱਡਾ ਹਿੱਸਾ ਦੇਣਾ ਪੈਂਦਾ (ਜਾਣਕਾਰੀ ਮੁਤਾਬਿਕ ਖੇਤਰ ਦਾ 60 ਪ੍ਰਤੀਸ਼ਤ)। ਸਿਧਾਂਤਕ ਤੌਰ 'ਤੇ ਇਸ ਨੂੰ ਦੋਵਾਂ ਧਿਰਾਂ ਨੇ ਸਵੀਕਾਰ ਲਿਆ, ਭਾਵੇਂ ਸਮਝੌਤੇ ਦੀਆਂ ਅਸਲ ਸ਼ਰਤਾਂ ਤੈਅ ਕਰਨ ਦਾ ਕੰਮ ਦੋਵਾਂ ਦੇਸ਼ਾਂ ਦੀ ਸਿਆਸੀ ਲੀਡਰਸ਼ਿਪ ਉਤੇ ਛੱਡ ਦਿੱਤਾ ਗਿਆ। ਇਹ ਵਿਆਪਕ ਸੰਤੁਲਨ ਬਣਾਉਣ ਲਈ ਅਪਣਾਈ ਗਈ ਮੌਲਿਕ ਪਹੁੰਚ ਸੀ ਜੋ ਲੈਣ-ਦੇਣ 'ਤੇ ਆਧਾਰਿਤ ਸੀ, ਜਿਸ ਦਾ ਸਿਹਰਾ ਭਾਰਤ ਤੇ ਪਾਕਿਸਤਾਨ ਦੇ ਜਲ ਸੈਨਾ ਦੇ ਹਾਈਡ੍ਰੋਗ੍ਰਾਫਰਾਂ ਨੂੰ ਜਾਣਾ ਚਾਹੀਦਾ ਹੈ। ਉਨ੍ਹਾਂ ਇਸ ਦੀ ਸ਼ੁਰੂਆਤ ਨਵੰਬਰ 2006 ਤੋਂ ਮਾਰਚ 2007 ਤੱਕ ਸਰ ਕਰੀਕ ਇਲਾਕੇ ਦੇ ਸੰਯੁਕਤ ਸਰਵੇਖਣ ਨਾਲ ਕੀਤੀ। ਸਿੱਟੇ ਵਜੋਂ 'ਸਾਂਝਾ ਨਕਸ਼ਾ' ਉਭਰਿਆ ਜੋ ਆਪਸੀ ਸਹਿਮਤੀ ਦਾ ਆਧਾਰ ਬਣਾਉਣ ਲਈ ਮਹੱਤਵਪੂਰਨ ਸੀ ਤੇ ਇਸ ਨਾਲ ਸਮਝੌਤੇ 'ਤੇ ਅੱਗੇ ਵਧਣਾ ਸੰਭਵ ਹੋ ਸਕਿਆ। ਪਾਕਿਸਤਾਨੀ ਧਿਰ ਸਿਆਚਿਨ ਤੇ ਸਰ ਕਰੀਕ, ਦੋਵਾਂ ਨੂੰ ਸਮੇਟਣ ਵਾਲਾ ਇਕੱਠਾ ਹੱਲ ਚਾਹੁੰਦੀ ਸੀ। ਜਦੋਂ ਸਿਆਚਿਨ ਸਮਝੌਤਾ ਅਸਫਲ ਹੋ ਗਿਆ ਤਾਂ ਸਰ ਕਰੀਕ ਸਮਝੌਤੇ ਵਿੱਚ ਵੀ ਪਾਕਿਸਤਾਨੀ ਦਿਲਚਸਪੀ ਖ਼ਤਮ ਹੋ ਗਈ।

ਇਹ ਕਿੱਸਾ ਦਰਸਾਉਂਦਾ ਹੈ ਕਿ ਦੋਵਾਂ ਮੁਲਕਾਂ 'ਚ ਇੰਨੀ ਸਮਰੱਥਾ ਹੈ ਕਿ ਉਹ ਕੁਝ ਔਖੇ ਬਕਾਇਆ ਮੁੱਦਿਆਂ ਦੇ ਆਪਸੀ ਸਵੀਕਾਰਨਯੋਗ ਹੱਲ ਤਲਾਸ਼ਣ ਲਈ ਗੱਲਬਾਤ ਕਰ ਸਕਦੇ ਹਨ- ਜੇ ਉਨ੍ਹਾਂ ਵਿੱਚ ਰਾਜਨੀਤਕ ਇੱਛਾ-ਸ਼ਕਤੀ ਹੋਵੇ।

ਭਾਰਤ-ਪਾਕਿਸਤਾਨ ਸਬੰਧਾਂ ਦੀ ਮੌਜੂਦਾ ਸਥਿਤੀ ਕਿਸੇ ਵੀ ਕੂਟਨੀਤਕ ਗੱਲਬਾਤ ਦੇ ਹੱਕ ਵਿੱਚ ਨਹੀਂ ਹੈ ਜੋ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀ ਸ਼ੁਰੂਆਤ ਤੱਕ ਵੀ ਕਰ ਸਕੇ। ਗੱਲਬਾਤ ਦੀ ਅਣਹੋਂਦ ਅਤੇ ਦੁਵੱਲੇ ਸਬੰਧਾਂ ਦੀ ਵਿਗੜਦੀ ਸਥਿਤੀ ਨੇ ਇਨ੍ਹਾਂ ਮੁੱਦਿਆਂ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਗੁੰਝਲਦਾਰ ਬਣਾ ਦਿੱਤਾ ਹੈ। 1960 ਦੀ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਭਾਰਤੀ ਫੈਸਲਾ ਇਸ ਦੀ ਉਦਾਹਰਨ ਹੈ।

ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਅਪਰੇਸ਼ਨ ਸਿੰਧੂਰ ਤੋਂ ਬਾਅਦ ਪਾਕਿਸਤਾਨ ਲੰਮੇ ਕੂਟਨੀਤਕ ਇਕਲਾਪੇ 'ਚੋਂ ਨਿਕਲ ਆਇਆ ਹੈ ਤੇ ਇਸ ਨਾਲ ਭਾਰਤ 'ਤੇ ਨਵਾਂ ਦਬਾਅ ਬਣਿਆ ਹੈ। ਅਮਰੀਕਾ ਨੇ ਰਾਸ਼ਟਰਪਤੀ ਡੋਨਲਡ ਟਰੰਪ ਅਧੀਨ ਜਿਹੜੇ ਰਣਨੀਤਕ ਕਦਮ ਚੁੱਕੇ ਹਨ, ਉਹ ਸਮੇਂ ਨਾਲ ਭਾਰਤ ਲਈ ਬਦਲੇ ਹੋਏ ਰਣਨੀਤਕ ਦ੍ਰਿਸ਼ ਦੀ ਵਜ੍ਹਾ ਬਣ ਸਕਦੇ ਹਨ। ਉਨ੍ਹਾਂ ਪ੍ਰਚਲਿਤ ਗਿਣਤੀਆਂ-ਮਿਣਤੀਆਂ ਤੋਂ ਸੰਤੁਸ਼ਟ ਹੋ ਕੇ ਨਹੀਂ ਬੈਠ ਜਾਣਾ ਚਾਹੀਦਾ ਕਿ ਚੀਨ ਦੀ ਪਾਕਿਸਤਾਨ ਨਾਲ 'ਪੱਕੀ ਭਾਈਚਾਰਕ ਸਾਂਝ' ਪਾਕਿਸਤਾਨ ਦੇ ਅਮਰੀਕਾ ਨਾਲ ਸਬੰਧਾਂ ਦੀ ਅਸਲ ਰੂਪ-ਰੇਖਾ ਮਿੱਥੇਗੀ ਅਤੇ ਇਸ ਦੀ ਵਿਦੇਸ਼ ਨੀਤੀ ਵਿੱਚ ਭਾਰਤ-ਪਾਕਿਸਤਾਨ ਦਾ ਮੁਕਾਬਲਾ ਕਰਵਾਉਂਦਾ 'ਸਮਾਸ' ਦੁਬਾਰਾ ਨਹੀਂ ਆ ਸਕੇਗਾ।

ਸੰਨ 1960 ਤੋਂ 20ਵੀਂ ਸਦੀ ਦੇ ਅੰਤ ਤੱਕ, ਅਮਰੀਕਾ ਅਤੇ ਚੀਨ ਦੋਵਾਂ ਨੇ ਪਾਕਿਸਤਾਨ ਨਾਲ ਰਣਨੀਤਕ ਭਾਈਵਾਲੀ ਬਣਾਈ ਰੱਖੀ ਸੀ, ਜਦੋਂ ਅਮਰੀਕਾ-ਚੀਨ ਸਬੰਧ ਬਹੁਤ ਟਕਰਾਅ ਵਾਲੇ ਵੀ ਸਨ ਅਤੇ ਜਦੋਂ ਉਹ ਸੋਵੀਅਤ ਸੰਘ ਵਿਰੁੱਧ ਸਾਂਝੇ ਗਠਜੋੜ ਵਿੱਚ ਇਕਜੁੱਟ ਸਨ। ਚੀਨ ਵਿੱਚ ਸੱਭਿਆਚਾਰਕ ਕ੍ਰਾਂਤੀ ਦੌਰਾਨ ਵੀ, ਅਮਰੀਕੀਆਂ ਨੇ ਕਦੇ ਵੀ ਪਾਕਿਸਤਾਨ ਨੂੰ ਮਿਲਦੀ ਚੀਨੀ ਸਮੱਗਰੀ ਅਤੇ ਫੌਜੀ ਸਹਾਇਤਾ 'ਤੇ ਇਤਰਾਜ਼ ਨਹੀਂ ਕੀਤਾ, ਤੇ ਪੇਈਚਿੰਗ ਨੇ ਕਦੇ ਵੀ ਇਸਲਾਮਾਬਾਦ ਨੂੰ ਮਿਲਦੀ ਇਸ ਤਰ੍ਹਾਂ ਦੀ ਅਮਰੀਕੀ ਮਦਦ ਨੂੰ ਨਹੀਂ ਨਿੰਦਿਆ।

ਕਿਸੇ ਖੇਤਰ ਵਿੱਚ ਵੱਡੇ ਰਣਨੀਤਕ ਟਕਰਾਅ ਦੇ ਅੰਦਰ ਵੀ ਰਲਦੇ-ਮਿਲਦੇ ਹਿੱਤ ਲੁਕੇ ਹੋ ਸਕਦੇ ਹਨ। ਅਜਿਹਾ ਅਜੇ ਨਹੀਂ ਹੋਇਆ ਹੈ, ਪਰ ਸਾਨੂੰ ਇਸ ਸੰਭਾਵਨਾ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਇਸ ਪ੍ਰਸੰਗ ਵਿੱਚ ਪਾਕਿਸਤਾਨ ਨਾਲ ਚੌਕਸ ਵਾਰਤਾ ਬਹਾਲੀ ਭਾਰਤ ਨੂੰ ਲੋੜੀਂਦੀ, ਭਾਵੇਂ ਮਾਮੂਲੀ ਹੀ ਸਹੀ, ਦਾਅ-ਪੇਚ ਦੀ ਗੁੰਜਾਇਸ਼ ਮੁਹੱਈਆ ਕਰ ਸਕਦੀ ਹੈ।

# ਵਿਦੇਸ਼ ਯਾਤਰਾ ਤੇ ਜਾਂਦਿਆਂ ਹੀ ਚਰਚਾ ਵਿਚ ਆ ਜਾਂਦੇ ਨੇ ਰਾਹੁਲ ਗਾਂਧੀ



ਜਯੋਤੀ ਮਲਹੋਤਰਾ

ਕੋਲੰਬੀਆ ਦੇ ਐਨਵਿਗਾਡੋ ਤੋਂ ਪੋਸਟ ਕੀਤੀ ਤਾਜ਼ਾ ਫੋਟੋ ਵਿੱਚ ਰਾਹੁਲ ਗਾਂਧੀ ਨੇ ਆਪਣੀ ਪਛਾਣ ਬਣ ਚੁੱਕੀ ਸਫ਼ੈਦ ਟੀ-ਸ਼ਰਟ ਦੀ ਥਾਂ ਨੇਵੀ ਬਲੂ ਕਮੀਜ਼, ਪੱਫਰ ਜੈਕੇਟ ਅਤੇ ਖ਼ਾਕੀ ਰੰਗ ਦੀ ਕਾਰਗੋ ਪੈਂਟ ਪਾਈ ਹੋਈ ਹੈ; ਉਹ ਬਜਾਜ ਆਟੋ ਦੁਆਰਾ ਬਣਾਈ ਪਲਸਰ ਬਾਈਕ ਸਾਹਮਣੇ ਖੜ੍ਹੇ ਹਨ। ਐਕਸ 'ਤੇ ਕੀਤੀ ਪੋਸਟ ਵਿੱਚ ਲਿਖਿਆ ਹੈ, "ਕੋਲੰਬੀਆ ਵਿੱਚ ਬਜਾਜ, ਹੀਰੋ ਤੇ ਟੀ ਵੀ ਐੱਸ ਨੂੰ ਐਨਾ ਵਧੀਆ ਪ੍ਰਦਰਸ਼ਨ ਕਰਦਿਆਂ ਦੇਖ ਮਾਣ ਮਹਿਸੂਸ ਹੋ ਰਿਹਾ ਹੈ। ਇਹ ਦਰਸਾਉਂਦਾ ਹੈ ਕਿ ਭਾਰਤੀ ਕੰਪਨੀਆਂ ਆਵਿਸ਼ਕਾਰਾਂ ਨਾਲ ਜਿੱਤ ਸਕਦੀਆਂ ਹਨ, ਨਾ ਕਿ ਕਰੋਨੀਵਾਦ (ਕੁਨਬਾਪ੍ਰਸਤੀ ਜਾਂ ਸਰਪ੍ਰਸਤੀ) ਨਾਲ।"

ਉਂਝ, ਕਾਂਗਰਸ ਦੇ ਸਭ ਤੋਂ ਮਹੱਤਵਪੂਰਨ ਨੇਤਾ ਨੂੰ ਲਾਜ਼ਮੀ ਪਤਾ ਹੋਣਾ ਚਾਹੀਦਾ ਹੈ ਕਿ ਬਜਾਜ ਆਟੋ ਦੇ ਮੈਨੇਜਿੰਗ ਡਾਇਰੈਕਟਰ ਰਾਜੀਵ ਬਜਾਜ ਦੇ ਪਿਤਾ ਰਾਹੁਲ ਬਜਾਜ, ਉਦਾਰੀਕਰਨ ਤੋਂ ਪਹਿਲਾਂ ਦੇ ਲਾਇਸੈਂਸ ਰਾਜ ਦੇ ਦਿਨਾਂ ਵਿੱਚ, ਜਦੋਂ ਡਰਾਉਣੀ ਲਾਲ ਫੀਤਾਸ਼ਾਹੀ ਨੂੰ ਪਾਰ ਕਰਨ ਲਈ ਕਿਸੇ ਦਾ ਸਹੀ ਲੋਕਾਂ ਨੂੰ ਜਾਣਨਾ ਅਹਿਮ ਹੁੰਦਾ ਸੀ- ਸੁਰੱਖਿਆਵਾਦ ਅਤੇ ਆਰਥਿਕ ਸੁਧਾਰ ਦੇ ਵਿਚਾਰ ਵਿਰੁੱਧ ਲੰਮੇ ਸਮੇਂ ਤੱਕ ਡਟੇ ਰਹੇ। ਬੰਬੇ ਕਲੱਬ, ਸੀਨੀਅਰ ਬਜਾਜ ਜਿਸ ਦੇ ਕਾਰਡ ਧਾਰਕ ਮੈਂਬਰ ਸਨ, ਨੇ ਸੁਭਾਵਿਕ ਸੁਧਾਰਾਂ ਦੀ ਬਜਾਏ ਸਮਾਜਿਕ ਅਤੇ ਰਾਜਨੀਤਕ ਸਬੰਧਾਂ 'ਤੇ ਜ਼ੋਰ ਦਿੱਤਾ। ਇਹ ਪੁਰਾਣੇ ਜ਼ਮਾਨੇ ਦਾ 'ਪਰਿਵਾਰਵਾਦ' ਸੀ, ਭਾਵੇਂ ਇਹ ਸਖ਼ਤ ਮੁਕਾਬਲੇ ਦੀਆਂ ਖ਼ਾਹਿਸ਼ਾਂ ਤੋਂ ਉੱਤੇ ਸੀ, ਫਿਰ ਵੀ ਕੁਨਬਾਪ੍ਰਸਤੀ ਹੀ ਸੀ। ਰਾਹੁਲ ਗਾਂਧੀ ਦੀ ਸੋਸ਼ਲ ਮੀਡੀਆ ਟਿੱਪਣੀ ਇਸ ਗੱਲ ਦਾ ਵੀ ਸੰਕੇਤ ਹੈ ਕਿ ਉਹ ਚਾਰ ਦੱਖਣੀ ਅਮਰੀਕੀ ਦੇਸ਼ਾਂ ਵਿੱਚੋਂ ਪਹਿਲੇ, ਜਿਸ ਵਿੱਚ ਕੋਲੰਬੀਆ ਤੇ ਬ੍ਰਾਜ਼ੀਲ ਸ਼ਾਮਿਲ ਹਨ- ਮੁਲਕ ਦੀ ਯਾਤਰਾ ਕਰ ਰਿਹਾ ਹੈ (ਕਾਂਗਰਸ ਪਾਰਟੀ ਨੇ ਨਹੀਂ ਦੱਸਿਆ ਕਿ ਦੂਜੇ ਕਿਹੜੇ ਹਨ)। ਵੀਰਵਾਰ ਨੂੰ ਉਸ ਨੇ ਐਨਵਿਗਾਡੋ ਦੀ ਈ ਆਈ ਏ ਯੂਨੀਵਰਸਿਟੀ ਦਾ ਦੌਰਾ ਕੀਤਾ, ਜਿੱਥੇ ਉਸ ਨੇ ਭਾਜਪਾ ਦੇ 'ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ 'ਤੇ ਵਿਆਪਕ ਹਮਲੇ' ਦੀ ਗੱਲ ਕੀਤੀ।

ਇਸ ਟਿੱਪਣੀ ਦੀ ਬਹੁਤ ਆਲੋਚਨਾ ਹੋਈ ਕਿ ਕਾਂਗਰਸ ਨੇਤਾ ਅਕਸਰ ਵਿਦੇਸ਼ੀ ਧਰਤੀ ਤੋਂ ਸੱਤਾਧਾਰੀ ਪਾਰਟੀ 'ਤੇ ਹਮਲਾ ਕਿਉਂ ਕਰਦਾ ਹੈ; ਨਤੀਜੇ ਵਜੋਂ ਇਹ ਸਵਾਲ ਪੈਦਾ ਹੋਏ ਹਨ: ਕੀ ਘਰੇਲੂ ਰਾਜਨੀਤੀ ਬਾਰੇ ਆਲੋਚਨਾ ਨੂੰ ਘਰੇਲੂ ਸਥਾਨਾਂ ਤੱਕ ਸੀਮਤ ਰੱਖਣਾ ਚਾਹੀਦਾ ਹੈ? ਕੀ ਰਾਹੁਲ ਗਾਂਧੀ ਲੜਾਈ ਨੂੰ ਵਿਦੇਸ਼ੀ ਰਾਸ਼ਟਰਾਂ ਵਿੱਚ ਲਿਜਾ ਕੇ ਗ਼ਲਤ ਕਰ ਰਹੇ ਹਨ? ਤੀਜਾ, ਕੁਝ ਹੱਦ ਤੱਕ ਦੂਰ ਦਾ ਸਵਾਲ ਹੈ ਕਿ ਰਾਹੁਲ ਗਾਂਧੀ ਦੱਖਣੀ ਅਮਰੀਕਾ ਵਿੱਚ ਕਿਉਂ ਹਨ? ਨਾਲ ਹੀ, ਕੁਝ ਮਹੀਨੇ ਪਹਿਲਾਂ ਮਲੇਸ਼ੀਆ ਵਿੱਚ, ਅਪਰੈਲ ਵਿੱਚ ਬੋਸਟਨ ਵਿੱਚ, ਸਾਲ ਦੇ ਸ਼ੁਰੂ ਵਿੱਚ ਦੋ ਵਾਰ ਵੀਅਤਨਾਮ ਵਿੱਚ ਕਿਉਂ ਸਨ?

ਇਹ ਲੇਖ ਉਨ੍ਹਾਂ 247 ਵਿਦੇਸ਼ੀ ਯਾਤਰਾਵਾਂ ਬਾਰੇ ਨਹੀਂ ਜੋ ਰਾਹੁਲ ਨੇ 2014 ਤੋਂ ਕੀਤੀਆਂ ਹਨ, ਜਿਵੇਂ ਭਾਜਪਾ ਸਾਨੂੰ ਦੱਸਣਾ ਚਾਹੇਗੀ। ਯਕੀਨਨ, ਕਾਂਗਰਸੀ ਨੇਤਾ ਨੂੰ ਆਪਣਾ ਗਿਆਨ ਵਧਾਉਣ, ਨਵੇਂ ਖੇਤਰਾਂ ਦਾ ਦੌਰਾ ਕਰਨ ਦੇ ਨਾਲ-ਨਾਲ ਨਵੇਂ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਦਾ ਅਧਿਕਾਰ ਹੈ।

ਇਹ ਉਸ ਸਮੱਸਿਆ ਦਾ ਸਾਹਮਣਾ ਕਰਨ ਦਾ ਸਮਾਂ ਹੈ ਜੋ ਭਾਰਤੀ ਲੋਕਤੰਤਰ ਦੇ ਕੇਂਦਰ 'ਚ ਕੁਝ ਸਾਲਾਂ ਤੋਂ ਅਣਸੁਲਝੀ ਪਈ ਹੈ, ਜੋ ਸੱਤਾਧਾਰੀ ਭਾਜਪਾ ਅਤੇ ਭਾਰਤ ਦੀ ਸਭ ਤੋਂ ਮਹੱਤਵਪੂਰਨ ਵਿਰੋਧੀ ਪਾਰਟੀ ਵਿਚਕਾਰ ਵਧ ਰਹੀ ਦਰਾਰ ਹੈ। ਨਰਿੰਦਰ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦੇ ਦਹਾਕੇ ਵਿੱਚ ਕਾਂਗਰਸ ਵੱਲੋਂ ਜ਼ਿਆਦਾਤਰ ਚੋਣਾਂ ਹਾਰਨ ਨੇ ਤਣਾਅ ਨੂੰ ਹੋਰ ਵਧਾ ਦਿੱਤਾ ਹੈ ਪਰ ਇਹ ਕਿਉਂਕਿ ਅਜੇ ਵੀ ਦੇਸ਼ ਦੀ ਸਭ ਤੋਂ ਮਹੱਤਵਪੂਰਨ ਵਿਰੋਧੀ ਪਾਰਟੀ ਹੈ, ਰਾਜਾਂ ਵਿੱਚ ਭਾਜਪਾ ਵਿਰੋਧੀ ਸੱਤਾਧਾਰੀ ਪਾਰਟੀਆਂ, ਭਾਵੇਂ ਉਹ ਡੀ ਐੱਮ ਕੇ, ਟੀ ਐੱਮ ਸੀ, 'ਆਪ' ਜਾਂ ਖੱਬਾ ਮੋਰਚਾ ਹੋਣ, ਮਿਲ ਕੇ ਵੀ ਕਾਂਗਰਸ ਦੀ ਬਰਾਬਰੀ ਨਹੀਂ ਕਰਦੀਆਂ। ਇਸ ਲਈ ਇਹ ਭਾਜਪਾ ਦੇ ਸੇਧਿਤ ਅਤੇ ਭਿਆਨਕ ਹਮਲਿਆਂ ਦਾ ਨਿਸ਼ਾਨਾ ਰਹੀ ਹੈ; ਇੱਥੋਂ ਤੱਕ ਕਿ ਜਵਾਹਰ ਲਾਲ ਨਹਿਰੂ ਵਰਗੇ ਨੇਤਾ, ਜਿਨ੍ਹਾਂ ਨੇ ਦੇਸ਼ ਨੂੰ ਆਧੁਨਿਕ, ਧਰਮ ਨਿਰਪੱਖ ਗਣਰਾਜ ਦੇ ਰਾਹ ਪਾਇਆ, ਵੀ ਹਮਲਿਆਂ ਦਾ ਨਿਸ਼ਾਨਾ ਬਣੇ ਹਨ।

ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਉਣਾ ਹੋਰ ਵੀ ਸੌਖਾ ਹੈ ਕਿਉਂਕਿ ਉਹ ਪਾਰਟੀ ਵਿੱਚ ਸਭ ਤੋਂ ਸ਼ਕਤੀਸ਼ਾਲੀ ਹਨ, ਪਰ ਉਹ ਨੇਤਾ ਦੀ ਮੁਸ਼ਕਿਲਾਂ ਭਰੀ ਕੁਰਸੀ 'ਤੇ ਬੈਠਣ ਜਾਂ ਇਸ ਪਦਵੀ ਦਾ ਕੰਡਿਆਂ ਵਾਲਾ ਤਾਜ ਪਹਿਨਣ ਤੋਂ ਇਨਕਾਰੀ ਹਨ। ਉਹ ਅਜਿਹੇ ਸ਼ਖ਼ਸ ਵਜੋਂ ਉੱਭਰਦੇ ਹਨ ਜੋ ਜ਼ਿੰਮੇਵਾਰੀ ਤੋਂ ਬਿਨਾਂ ਤਾਕਤ ਭਾਲਦਾ ਹੈ; ਉਦਾਰ ਸ਼ਖ਼ਸੀਅਤ ਜਿਸ ਦੀਆਂ ਨਿੱਜੀ ਜੀਵਨ ਦੀਆਂ ਤ੍ਰਾਸਦੀਆਂ ਨੇ ਰੱਬ ਨੂੰ ਵੀ ਰੁਆਇਆ, ਪਰ ਉਹ ਬਿਹਤਰ ਲੀਡਰ ਖ਼ਾਤਿਰ ਪਾਸੇ ਹੋਣ ਤੋਂ ਇਨਕਾਰ ਕਰਦਾ ਹੈ, ਕਿਉਂਕਿ ਉਹ ਮੰਨਦਾ ਹੈ ਕਿ ਵਿਰੋਧੀ ਧਿਰ ਦੇ ਨੇਤਾ ਵਜੋਂ ਜਾਂ ਉਸ ਅਹੁਦੇ ਤੋਂ ਬਿਨਾਂ ਵੀ, ਉਹ ਕੇਂਦਰੀ ਭੂਮਿਕਾ 'ਚ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਚੀਜ਼ਾਂ ਬਿਖਰ ਜਾਣਗੀਆਂ। ਇਹੀ ਅੱਜ ਭਾਰਤੀ ਲੋਕਤੰਤਰ ਦੇ ਦਿਲ ਦੀ ਦਰਾਰ ਹੈ: ਰਾਹੁਲ ਗਾਂਧੀ ਉਹ ਲੋਕਤੰਤਰਵਾਦੀ ਹੈ ਜੋ ਉਸ ਰਾਹ ਨੂੰ ਪੱਧਰਾ ਕਰਨਾ ਜਾਰੀ ਰੱਖਦਾ ਹੈ ਜਿਹੜਾ ਨਰਿੰਦਰ ਮੋਦੀ ਨੂੰ ਸੱਤਾ ਵਿੱਚ ਬਰਕਰਾਰ ਰੱਖਦਾ ਹੈ। ਬਾਕੀ ਕੰਮ ਭਾਜਪਾ ਕਰਦੀ ਹੈ।

ਸ਼ਾਇਦ ਇਹ ਬਹੁਤ ਸਖ਼ਤ ਰਾਇ ਹੈ, ਪਰ ਤੱਥ ਇਹ ਹੈ ਕਿ ਦੇਸ਼, ਜੋ ਹਰ ਰੋਜ਼ ਬਦਲ ਰਿਹਾ ਹੈ, ਰਾਹੁਲ ਗਾਂਧੀ ਦੀ ਨੁਕਤਾਚੀਨੀ ਦਾ ਬਦਲ ਚਾਹੁੰਦਾ ਹੈ, ਖ਼ਾਸ ਕਰ ਕੇ ਜਦੋਂ ਉਹ ਵਿਦੇਸ਼ ਵਿੱਚ ਹੁੰਦੇ ਹਨ। 2022 ਵਿੱਚ ਲੰਡਨ ਵਿੱਚ ਉਨ੍ਹਾਂ ਕਿਹਾ ਸੀ ਕਿ ਭਾਰਤ ਦੀ ਆਵਾਜ਼ ਨੂੰ ਕੁਚਲਿਆ ਗਿਆ ਹੈ; ਮਾਰਚ 2023 ਵਿੱਚ ਕੈਂਬਰਿਜ ਵਿੱਚ ਉਨ੍ਹਾਂ ਕਿਹਾ ਕਿ ਭਾਜਪਾ ਭਾਰਤੀ ਲੋਕਤੰਤਰ ਦੇ ਮੂਲ ਢਾਂਚੇ 'ਤੇ ਹਮਲਾ ਕਰ ਰਹੀ ਹੈ; ਯੂਰਪ ਤੇ ਅਮਰੀਕਾ ਨੂੰ ਦਖ਼ਲ ਦੇਣਾ ਚਾਹੀਦਾ ਹੈ ਅਤੇ ਮੋਦੀ ਤੇ ਭਾਜਪਾ ਦੀ ਅਸਲੀਅਤ ਨੂੰ ਉਜਾਗਰ ਕਰਨਾ ਚਾਹੀਦਾ ਹੈ; ਸਤੰਬਰ 2024 ਵਿੱਚ ਵਾਸ਼ਿੰਗਟਨ ਡੀ ਸੀ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਰਾਖਵੇਂਕਰਨ ਨੂੰ ਖ਼ਤਮ ਕਰਨ ਬਾਰੇ ਤਾਂ ਹੀ ਸੋਚੇਗੀ, ਜਦੋਂ ਭਾਰਤ ਵਿੱਚ ਚੀਜ਼ਾਂ ਹੋਰ ਨਿਰਪੱਖ ਹੋਣਗੀਆਂ; ਇਸ ਸਾਲ ਅਪਰੈਲ ਵਿੱਚ ਬੋਸਟਨ ਵਿੱਚ ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ 'ਚ ਹੇਰ-ਫੇਰ ਹੋਇਆ ਹੈ।

ਸਵਾਲ ਇਹ ਹੈ ਕਿ ਜਦੋਂ ਮੋਦੀ ਅਤੇ ਭਾਜਪਾ ਵਿਰੁੱਧ ਲੜਾਈ ਇੱਥੇ ਭਾਰਤ ਵਿਚ ਹੈ ਤਾਂ ਇਸ ਨੂੰ ਕਿਸੇ ਹੋਰ ਦੇਸ਼ ਵਿੱਚ ਕਿਉਂ ਲਿਜਾਇਆ ਜਾਵੇ? ਰਾਹੁਲ ਗਾਂਧੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਮਰੀਕੀ ਪੱਤਰਕਾਰ, ਖ਼ਾਸ ਤੌਰ 'ਤੇ ਵਿਨਸੈਂਟ ਸ਼ੀਨ, ਇਹ ਦੇਖਣ ਭਾਰਤ ਆਏ ਸਨ ਕਿ ਮਹਾਤਮਾ ਗਾਂਧੀ ਨੇ ਸ਼ਕਤੀਸ਼ਾਲੀ ਬਰਤਾਨਵੀ ਰਾਜ ਵਿਰੁੱਧ ਅਹਿੰਸਾ, ਸੱਤਿਆਗ੍ਰਹਿ ਦੇ ਸਾਧਨ ਨੂੰ ਕਿਵੇਂ ਤਿੱਖਾ ਕੀਤਾ।

ਇਸ ਲਈ ਜਦੋਂ ਰਾਹੁਲ ਗਾਂਧੀ ਘਰ ਵਿੱਚ ਜੁਝਣ 'ਤੇ ਧਿਆਨ ਕੇਂਦਰਿਤ ਕਰਦੇ ਹਨ ਤਾਂ ਇਹ ਬਹੁਤ ਵਧੀਆ ਕੰਮ ਕਰਦਾ ਹੈ। ਪਿਛਲੇ ਮਹੀਨੇ ਕਰਨਾਟਕ ਵਿੱਚ ਉਨ੍ਹਾਂ ਇੱਕ ਹਲਕੇ ਆਲੰਦ ਤੋਂ 6000 ਤੋਂ ਵੱਧ ਵੋਟਾਂ ਨੂੰ ਗ਼ੈਰ-ਨਿਯਮਿਤ ਤੌਰ 'ਤੇ ਹਟਾਉਣ ਬਾਰੇ ਖ਼ੁਲਾਸਾ ਕੀਤਾ, ਜਿਸ ਦੀ ਜਾਂਚ ਨੇ ਸਾਰਿਆਂ ਨੂੰ ਧਿਆਨ ਦੇਣ ਲਈ ਮਜਬੂਰ ਕੀਤਾ। ਪਿਛਲੇ ਕੁਝ ਮਹੀਨਿਆਂ ਵਿੱਚ ਕਾਂਗਰਸ ਅਤੇ ਹੋਰ ਰਾਜਨੀਤਕ ਪਾਰਟੀਆਂ ਦੇ ਨਾਲ-ਨਾਲ ਚੌਕਸ ਸਿਵਲ ਸੁਸਾਇਟੀ ਨੇ ਸੁਪਰੀਮ ਕੋਰਟ ਨੂੰ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) 'ਤੇ ਚੋਣ ਕਮਿਸ਼ਨ ਨੂੰ ਜਵਾਬਦੇਹ ਠਹਿਰਾਉਣ ਲਈ ਮਜਬੂਰ ਕੀਤਾ ਹੈ। ਚੋਣ ਕਮਿਸ਼ਨ ਨੂੰ ਪਾਲਣਾ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਕਹਾਣੀ ਦਾ ਸਾਰ ਇਹ ਹੈ ਕਿ ਰਾਹੁਲ ਗਾਂਧੀ ਦੇ ਹੱਥੋਂ ਸਮਾਂ ਨਿਕਲ ਰਿਹਾ ਹੈ। ਜੇ ਉਹ ਚਾਹੁੰਦੇ ਹਨ ਕਿ ਸੰਯੁਕਤ ਵਿਰੋਧੀ ਧਿਰ ਭਾਜਪਾ ਨੂੰ ਉਸੇ ਦੀ ਖੇਡ ਵਿੱਚ ਹਰਾਵੇ ਤਾਂ ਉਨ੍ਹਾਂ ਨੂੰ ਵਕਤੀ ਨੇਤਾ ਬਣਨਾ ਬੰਦ ਕਰਨਾ ਚਾਹੀਦਾ ਹੈ। ਹਰ ਹਫ਼ਤੇ ਭਾਰਤ ਵਿੱਚ ਰਹਿ ਕੇ ਚੰਗਾ ਮੁਕਾਬਲਾ ਦੇਣਾ ਚਾਹੀਦਾ ਹੈ।

ਜੇ ਰਾਹੁਲ ਗਾਂਧੀ ਮੰਨਦੇ ਹਨ ਕਿ ਉਹ ਕਿਸੇ ਤਰ੍ਹਾਂ ਖ਼ਾਸ ਹਨ, ਖ਼ਾਨਦਾਨੀ ਤੇ ਸਿਆਸੀ ਤੌਰ 'ਤੇ ਪਾਰਟੀ ਤੇ ਦੇਸ਼, ਦੋਵਾਂ ਦੀ ਅਗਵਾਈ ਕਰਨ ਲਈ ਨਿਸ਼ਾਨਬੱਧ ਹਨ ਤਾਂ ਉਨ੍ਹਾਂ ਨੂੰ ਹਰ ਰੋਜ਼, ਸੰਸਦ ਦੇ ਅੰਦਰ ਅਤੇ ਬਾਹਰ ਆਪਣੀ ਦਲੀਲ ਨੂੰ ਹੋਰ ਤਿੱਖਾ ਕਰਨ ਦੀ ਤਿਆਰੀ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਭਾਜਪਾ ਦੀ ਅਣਥੱਕ ਉਤੇਜਨਾ ਤੋਂ ਅਤੇ ਆਪਣੀ ਪਾਰਟੀ ਦੀਆਂ ਗ਼ਲਤੀਆਂ ਤੋਂ ਸਿੱਖਣਾ ਚਾਹੀਦਾ ਹੈ। ਉਦਾਹਰਨ ਲਈ, ਪਿਛਲੇ ਸਾਲ ਹਰਿਆਣਾ ਚੋਣਾਂ ਵਿੱਚ ਰਾਹੁਲ ਗਾਂਧੀ ਸਥਾਨਕ ਕਾਂਗਰਸ ਦੀ 'ਆਪ' ਨਾਲ ਗੱਠਜੋੜ ਤੋਂ ਇਨਕਾਰ ਅੱਗੇ ਝੁਕ ਗਏ, ਜਦਕਿ ਉਹ ਖ਼ੁਦ ਇਸ ਦੇ ਹੱਕ ਵਿਚ ਸਨ; ਪਰ ਉਹ ਉਦੋਂ ਵਿਦੇਸ਼ ਵਿੱਚ ਸਨ ਤੇ ਆਪਣੀ ਇੱਛਾ ਨੂੰ ਜ਼ੋਰਦਾਰ ਢੰਗ ਨਾਲ ਮੰਨਵਾ ਨਹੀਂ ਸਕੇ। ਬਾਕੀ ਇਤਿਹਾਸ ਹੈ। ਕਾਂਗਰਸ ਕਦੇ ਵੀ ਪੂਰੀ ਤਰ੍ਹਾਂ ਨਾਲ ਨਹੀਂ ਉੱਭਰੀ। ਅਸੀਂ ਹੁਣੇ-ਹੁਣੇ ਦਸਹਿਰਾ ਮਨਾਇਆ ਹੈ। ਦੀਵਾਲੀ ਦਾ ਇੰਤਜ਼ਾਰ ਹੈ। ਬਿਹਾਰ 'ਚ ਵੀ ਸੰਗਰਾਮ ਹੋਣ ਵਾਲਾ ਹੈ। ਅਜਿਹੇ ਸਮੇਂ ਦੱਖਣੀ ਅਮਰੀਕਾ ਕਿਉਂ ਜਾਣਾ?

ਇੰਡੋ ਅਮੈਰਕਿਨ ਦੇਸ਼ ਭਗਤ ਫਾਂਉਡੇਸ਼ਨ ਆਫ ਬੇ ਏਰੀਆ ਵਲੋਂ
ਗਦਰੀ ਵੀਰਾਗਣਾਂ ਬੀਬੀ ਗੁਲਾਬ ਕੌਰ ਦੀ 100 ਬਰਸੀ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

1st November, Saturday 2025,
At 31600 Alvarado Blvd, Holly Community Center Union City Ca 94587

12:00 PM to 5:00 PM

**FREE Entry, FREE Parking**







ਪਹਿਲੀ ਨਵੰਬਰ ਦਿਨ ਸ਼ਨੀਵਾਰ 2025.
31600 ਅਲਵਰਾਡੋ ਬੁਲੇਵਾਰਡ, ਹੋਲੀ ਕਮਿਊਨਟੀ ਸੈਂਟਰ ਯੂਨੀਅਨ ਸਿਟੀ ਕੈਲੇਫੋਰਨੀਆ 94587

12 ਵਜੇ ਤੋਂ ਸ਼ਾਮ 5 ਵਜੇ ਤੱਕ

**FREE Entry, FREE Parking**

ਇਸ ਮੇਲੇ ਵਿੱਚ ਬੀਬੀ ਗੁਲਾਬ ਕੌਰ ਦੀ ਜੀਵਨ ਗਾਥਾ ਨੂੰ ਬਿਆਨ ਕਰਦਾ ਨਾਟਕ **"ਖਿੜਦੇ ਰਹਿਣ ਗੁਲਾਬ"** ਫ਼ਿਲਮੀ ਕਲਾਕਾਰ ਅਨੀਤਾ ਸਬਦੀਸ਼ ਵਲੋ ਪੇਸ਼ ਕੀਤਾ ਜਾਵੇਗਾ ।

## ਪਹੁੰਚ ਰਹੇ ਬੁਲਾਰੇ ਅਤੇ ਹੋਰ ਕਲਾਕਾਰ



**ਹਮੀਰ ਸਿੰਘ**
Senior Journalist



**ਡਾਕਟਰ ਸਵੈਮਾਣ ਸਿੰਘ**
Social Activist



**ਅਨੀਤਾ ਸਬਦੀਸ਼**
Film Actress

**ਗੀਤਕਾਰ ਜੀਵਨ ਰੱਤੂ ਅਤੇ ਹਰਜੀਤ ਸ਼ੇਰਗਿੱਲ**

**ਅਸੀਂ ਸਮੂਹ ਭਾਈਚਾਰੇ ਨੂੰ ਨਿਮਰਤਾ ਸਹਿਤ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕਰਦੇ ਹਾਂ।**

ਚਾਹ ਪਾਣੀ ਦਾ ਖਾਸ ਪ੍ਰਬੰਧ ਹੋਵੇਗਾ

---

**Contact: Narinder S. Sujjon 510.714.5058, Mengha S. Sarpanch 510.755.0767, Sukhdev S. Sidhu 510.706.1635**

---

**Organizing Committee:** Prem Smalsar, Ikatar Sodhi, Kuldeep S. Sujjon, Master Gurdial ji Pittsburgh , Harkewal S.Sandhu,Bhupinder Sandhu (Rurka) Narjit Sujjon Dilbag Sandhu (Rurka),Prem Kumar Rahon, kulbushan Kumar ( Happy), Deepa Sandhu ( Rurka), Raja Gill, Jaswinder Singh,Mastan Singh Double D, Kulwinder Hundal Double D,Amarpal Shergill Double D, Gurdev Singh Brar, Mazer Singh , Nashtar Singh, Sukhjit Sahota, Balbir Johal

**Special thanks to:** Skylark Limousine service, Atwal Brothers Merced Ca, Jaswant Singh Hothi, Raj Bhanote, Dr Harminder Singh, (Homeopathic Vibes), Manjit Singh (Aidan west Realty Inc), Pritam Grewal , American Truck repair and Towing Manteca, Skoon Restaurant Fremont Ca, Kabila Restaurant Union City Ca, Calikid Burger's and shakes, Pizza and Curry Fremont Ca, All Star Car repair Hayward Ca, Shug Sidhu Realtor, Roban Singh NorCal Truck repair, Pala Sodhi (Port Freight Corp), Kash Fabric Hayward, Avtar Tari ( Mountain Mikes Pizza), Kulwant Singh Gill San Jose, Sucha Ram Bharta, Bhajan Singh Continental Trucking Fremont Ca, Jarnail Singh Raja (Doaba Trucking), Balbir MA, Rajinder Sekhon Manteca, Ranjit S. Gill Tracy, Manpreet Badesa, kirpal S. Atwal, Tarsem S. Atwal, Bob Dhillon, Parduman S. Sanghera, Balwant Singh